12ਵਾਂ ਸਾਲ
ਹਫ਼ਤਾਵਾਰੀ
# ਦੇਸ਼ ਦੁਆਬਾ
VOL -12 ISSUE - 13
July 5, 2023
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com
ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ




ਅਦਾਰਾ 'ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਜ਼ਮ' ਵੱਲੋਂ ਅਮਰੀਕਾ ਦੀ ਆਜ਼ਾਦੀ ਦੇ ਦਿਹਾੜੇ (4 ਜੁਲਾਈ) ਦੀਆਂ ਸਮੂਹ ਅਮਰੀਕਾ ਵਾਸੀਆਂ ਨੂੰ ਲੱਖ-ਲੱਖ ਵਧਾਈਆਂ।
ਪ੍ਰੋ: ਐਚ. ਐਲ. ਕਪੂਰ ਦਾ ਲੇਖ ਅੰਦਰ ਦੇਖੋ।

Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com

# ਕੈਲੀਫੋਰਨੀਆ ਅਸੈਂਬਲੀ ਮੈਂਬਰ ਜੁਡੀਸ਼ਰੀ ਕਮੇਟੀ ਨੇ ਜਾਤੀ ਭੇਦਭਾਵ ਬਿੱਲ ਨੂੰ ਮਨਜ਼ੂਰੀ ਦਿੱਤੀ



*ਚੇਅਰਮੈਨ ਜੁਡੀਸ਼ਰੀ ਕਮੇਟੀ*


*ਜੁਡੀਸ਼ਰੀ ਕਮੇਟੀ ਦੇ ਮੈਂਬਰਜ਼ ਅਤੇ ਹੋਰ*


*ਜੁਡੀਸ਼ਰੀ ਕਮੇਟੀ ਮੈਂਬਰਜ਼ ਤੇ ਸੈਨੇਟਰ ਆਸ਼ਾ ਵਹਾਬ ਅਤੇ ਹੋਰ*

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਗੋਲਡਨ ਸਟੇਟ ਕੈਲੀਫੋਰਨੀਆ ਵਿੱਚ ਜਾਤ-ਆਧਾਰਿਤ ਵਿਤਕਰੇ 'ਤੇ ਪਾਬੰਦੀ ਲਗਾਉਣ ਲਈ ਬਿੱਲ # SB 403 ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ। ਅਸੈਂਬਲੀ ਮੈਂਬਰ ਜੁਡੀਸ਼ਰੀ ਕਮੇਟੀ ਨੇ ਇਸ ਬਿੱਲ ਨੂੰ 11-0 ਦੇ ਵੋਟ ਨਾਲ ਪਾਸ ਕੀਤਾ। ਇਹ ਬਿੱਲ ਹੁਣ ਵਿਚਾਰ ਲਈ ਸਦਨ ਵਿੱਚ ਜਵੇਗਾ। ਇਹ ਜਿੱਤ ਨੂੰ ਜਿਥੇ ਵੱਖ ਵੱਖ ਅਮਰੀਕਨ ਸਮੂਹਾਂ ਨੇ ਸਾਥ ਦਿੱਤਾ ਉਥੇ ਇਸਨੂੰ ਸਿੱਖ ਤੇ ਮੂਲ ਨਿਵਾਸੀ ਭਾਰਤੀਆਂ ਦਲਿਤਾਂ ਦੀ ਸਮੂਹਿਕ ਜਿੱਤ ਦੇ ਤੌਰ ਤੇ ਵੀ ਦੇਖਿਆ ਜਾ ਰਿਹਾ ਹੈ। ਇਹ ਸੈਨੇਟਰ ਆਇਸ਼ਾ ਦੀ ਸਮਾਜਿਕ ਨਿਆਂ ਲਈ ਅਣਥੱਕ ਵਕਾਲਤ ਦੀ ਵੀ ਜਿੱਤ ਹੈ। ਇਹ ਬਿਲ ਪਾਸ ਹੋਣ ਨਾਲ ਕੈਲੇਫੋਰਨੀਆ 'ਚ ਜਾਤ-ਪਾਤ ਅਧਾਰਤ ਵਿਤਕਰੇ ਨੂੰ ਗੈਰਕਨੂੰਨੀ ਮੰਨਦਿਆਂ ਵਿਤਕਰਾ ਕਰਨ ਵਾਲੇ ਖਿਲਾਫ ਕਨੂੰਨਨ ਕਾਰਵਾਈ ਹੋ ਸਕੇਗੀ। ਪਹਿਲਾਂ ਇਹ ਬਿੱਲ ਕੈਲੇਫੋਰਨੀਆ ਸੈਨੇਟ ਵਿੱਚ ਪਾਸ ਹੋ ਚੁੱਕਾ ਹੈ।

ਇਸ ਬਿੱਲ ਨੂੰ ਅਫਗਾਨ-ਅਮਰੀਕਨ ਮੂਲ ਦੀ ਹੇਵਰਡ ਤੋਂ ਡੈਮੋਕਰੈਟਿਕ ਸੈਨੇਟਰ ਆਇਸ਼ਾ ਵਹਾਬ ਨੇ ਲਿਆਂਦਾ ਸੀ। ਪਹਿਲੇ ਪਹਿਲ ਉਸ 'ਤੇ ਹਰ ਤਰੀਕੇ ਦਬਾਅ ਪਾਇਆ ਗਿਆ ਕਿ ਬਿੱਲ ਵਿੱਚੋਂ ਲਫਜ਼ "ਜ਼ਾਤ" ਕੱਢ ਦਿੱਤਾ ਜਾਵੇ। ਪਰ ਨਿਆਂਪਾਲਿਕਾ ਦੇ ਚੇਅਰਪਰਸਨ ਬ੍ਰਾਇਨ ਮੇਨਸ਼ੇਨ, ਸੈਨ ਡਿਏਗੋ ਡੈਮੋਕਰੇਟ, ਵੱਲੋਂ ਬਿੱਲ ਵਿੱਚੋਂ "ਜਾਤ" ਸ਼ਬਦ ਨੂੰ ਹਟਾਉਣ ਅਤੇ ਬਦਲਣ ਦੇ ਪਹਿਲੇ ਸੁਝਾਵਾਂ ਨੂੰ ਰੱਦ ਕਰ ਦਿੱਤਾ ਹੈ।




ਵਹਾਬ ਨੇ ਕਮੇਟੀ ਦੀ ਸੁਣਵਾਈ ਤੋਂ ਬਾਅਦ ਇੱਕ ਬਿਆਨ ਵਿੱਚ ਕਿਹਾ, SB 403 ਜਾਤੀ ਭੇਦਭਾਵ ਨੂੰ ਖਤਮ ਕਰੇਗਾ। ਇਸ ਬਿੱਲ ਵਿੱਚ ਸ਼ਾਮਲ ਪਰਿਭਾਸ਼ਾ ਅਤੇ ਸੁਰੱਖਿਆ ਲੱਖਾਂ ਲੋਕਾਂ ਦੀ ਸੁਰੱਖਿਆ ਕਰੇਗੀ। ਬਿਲ ਦੇ ਸਮਰਥਨ ਵਿੱਚ ਬੋਲਣ ਵਾਲੇ ਦੋ ਗਵਾਹਾਂ ਵਿੱਚੋਂ ਇੱਕ, ਕਾਰਜ ਸਥਾਨ ਦੀ ਵਕੀਲ ਤਰੀਨਾ ਮੰਡ ਨੇ ਕਿਹਾ, SB 403 ਕੈਲੀਫੋਰਨੀਆ ਨੂੰ ਸਾਰਿਆਂ ਲਈ ਇੱਕ ਨਿਆਂਪੂਰਨ ਅਤੇ ਬਰਾਬਰੀ ਵਾਲਾ ਸਥਾਨ ਬਣਾਉਣ ਲਈ ਇੱਕ ਮਹੱਤਵਪੂਰਨ ਬਿੱਲ ਹੈ। ਦੂਜੇ ਪਾਸੇ ਵਿਰੋਧੀ ਧਿਰ ਹਿੰਦੂ ਅਮਰੀਕਨ ਫਾਊਂਡੇਸ਼ਨ ਦੇ ਮੈਨੇਜਿੰਗ ਡਾਇਰੈਕਟਰ ਸਮੀਰ ਕਾਲੜਾ, ਨੇ ਕਿਹਾ ਕਿ ਉਹ ਨਿਰਾਸ਼ ਜ਼ਰੂਰ ਹਨ ਪਰ ਵਿਧਾਨ ਸਭਾ ਦੁਆਰਾ ਬਿੱਲ 'ਤੇ ਵੋਟ ਪਾਉਣ ਤੋਂ ਪਹਿਲਾਂ ਇਸ ਮੁੱਦੇ 'ਤੇ ਸੰਸਦ ਮੈਂਬਰਾਂ ਨੂੰ ਜਾਗਰੂਕ ਕਰਨ ਦੀ ਕੋਸ਼ਿਸ਼ ਨੂੰ ਜਾਰੀ ਰੱਖਣਗੇ।

ਹਾਲਾਂਕਿ ਕਈ ਦੇਸ਼ਾਂ ਵਿੱਚ ਜਾਤ ਪ੍ਰਣਾਲੀ ਮੌਜੂਦ ਹੈ, ਇਹ ਆਮ ਤੌਰ'ਤੇ ਭਾਰਤ ਨਾਲ ਜੁੜੀ ਹੋਈ ਹੈ, ਜਿੱਥੇ ਇਸਨੂੰ 1950 ਵਿੱਚ ਗੈਰਕਾਨੂੰਨੀ ਕਰਾਰ ਦਿੱਤਾ ਗਿਆ ਸੀ ਪਰ ਇਸਦੀ ਵਿਰਾਸਤ ਅਜੇ ਵੀ ਬਣੀ ਹੋਈ ਹੈ। ਵੋਟਿੰਗ ਤੋਂ ਬਾਅਦ, ਸਮਰਥਕਾਂ ਨੇ ਖਾਸ ਕਰ ਸਿੱਖ ਦਲਿਤ ਭਾਈਚਾਰੇ ਨੇ "SB 403 ਜ਼ਿੰਦਾਬਾਦ" ਤੇ ਖੁਸ਼ੀ ਵਿੱਚ ਦੇ ਨਾਅਰੇ ਲਾਉਂਦੇ ਹੋਏ ਸੁਣਵਾਈ ਵਾਲੇ ਕਮਰੇ ਤੋਂ ਬਾਹਰ ਮਾਰਚ ਕੀਤਾ ਤੇ ਭੰਗੜੇ ਪਾਏ।

ਦੱਸਣਯੋਗ ਹੈ ਕਿ ਲੱਗਭਗ 50 ਸਿੱਖ ਜਥੇਬੰਦੀਆਂ ਨੇ ਇਸ ਬਿੱਲ ਦੇ ਪੱਖ ਵਿੱਚ ਲਿਖ ਕੇ ਭੇਜਿਆ ਅਤੇ ਇਸ ਮਤੇ ਦੀ ਪੁਰਜ਼ੋਰ ਹਮਾਇਤ ਕਰ ਰਹੀਆਂ ਹਨ। ਇਸਤੋਂ ਪਹਿਲਾਂ ਅਜਿਹਾ ਬਿੱਲ ਸਿਟੀ ਆਫ਼ ਸਿਆਟਲ ਅਤੇ ਟਰਾਂਟੋ ਸਕੂਲ ਬੋਰਡ ਵੱਲੋਂ ਵੀ ਪਾਸ ਕੀਤਾ ਜਾ ਚੁੱਕਾ ਹੈ।

Amrik Chand (CPA)

Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for
Professional & reliable
services at reasonable rates.
959 Corporate Way, Fremont, CA. 94539

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ
ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ

PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

SAROAY
INVESTMENT REALTY

Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983


RAMESH SUMAN
Broker Realtor
RCS-D ™
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434


Dr. Paramjit S Takhar, MD
DR. TAKHAR'S FAMILY
MEDICINE & URGENT CARE CLINIC
8191 Timberlake Way, Suite # 400, Sacramento,
CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM,
Saturday 9:00 AM – 4:00 PM & Sunday closed

Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823

# ਸ. ਸ਼ਿੰਗਾਰਾ ਸਿੰਘ ਰੱਲ੍ਹ ਅਤੇ ਸਮੂਹ ਰੱਲ੍ਹ ਪਰਿਵਾਰ ਨੂੰ ਅਸਹਿ ਸਦਮਾ



***ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥***
***ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥੧॥***

ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ) ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਅਤੇ ਉਹਨਾਂ ਦੇ ਪਰਿਵਾਰ ਨੂੰ ਉਸ ਵੇਲੇ ਗਹਿਰਾ ਅਸਹਿ ਸਦਮਾ ਲੱਗਾ, ਜਦੋਂ ਉਹਨਾਂ ਦੇ ਸਪੁੱਤਰ ਦਾ ਬੀਤੀ 2 ਜੁਲਾਈ 2023 ਨੂੰ ਅਚਨਚੇਤ ਸਦੀਵੀ ਵਿਛੋੜਾ ਦੇ ਗਏ। ਇਹ ਸਮੂਹ ਰੱਲ੍ਹ ਪਰਿਵਾਰ ਲਈ ਬਹੁਤ ਦੁਖਦਾਈ ਭਾਣਾ ਵਰਤਿਆ ਹੈ ਅਤੇ ਸਮਾਜ ਲਈ ਬਹੁਤ ਦੁਖਦਾਈ ਖਬਰ ਹੈ। ਸਮੂਹ ਰੱਲ੍ਹ ਪਰਿਵਾਰ ਨੂੰ ਕਦੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

ਅਦਾਰਾ ''ਦੇਸ਼ ਦੁਆਬਾ'' ਇਸ ਦੁੱਖ ਦੀ ਘੜੀ ਸਮੂਹ ਰੱਲ੍ਹ ਪਰਿਵਾਰ ਨਾਲ ਦੁੱਖ ਵਿਚ ਸ਼ਾਮਲ ਹੁੰਦਿਆਂ ਵਿਛੜੀ ਰੂਹ ਦੀ ਆਤਮਕ ਸ਼ਾਂਤੀ ਲਈ ਅਰਦਾਸ ਕਰਦਾ ਹੈ ਅਤੇ ਦਿਲੀ ਦੁੱਖ ਪ੍ਰਗਟ ਕਰਦਿਆਂ ਵਾਹਿਗੁਰੂ ਅਕਾਲ ਪੁਰਖ ਅੱਗੇ ਅਰਜੋਈ ਕਰਦਾ ਹੈ ਕਿ ਇਸ ਵਿਛੜੀ ਹੋਈ ਆਤਮਾ ਨੂੰ ਆਪਣੇ ਚਰਨਾਂ 'ਚ ਨਿਵਾਸ ਬਖਸ਼ੇ ਅਤੇ ਸਮੂਹ ਰੱਲ੍ਹ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

***ਹੋਰ ਵਧੇਰੇ ਜਾਣਕਾਰੀ ਲਈ ਰੱਲ੍ਹ ਪਰਿਵਾਰ ਨਾਲ ਸੰਪਰਕ ਕਰੋ ਜੀ।***


SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

# ਕੈਲੀਫੋਰਨੀਆ ਅਸੈਂਬਲੀ ਮੈਂਬਰ ਜੁਡੀਸ਼ਰੀ ਕਮੇਟੀ ਦੁਆਰਾ ਜਾਤੀ ਭੇਦਭਾਵ ਬਿੱਲ ਨੂੰ ਮਨਜ਼ੂਰੀ ਦਿੱਤੇ ਜਾਣ 'ਤੇ ਧੰਨਵਾਦ




ਸੁਪਰੀਮ ਕੌਂਸਲ ਸ੍ਰੀ ਗੁਰੂ ਰਵਿਦਾਸ ਸਭਾਵਾਂ (ਕੈਲੇਫੋਰਨੀਆ) ਦੇ ਸੀਨੀਅਰ ਮੈਂਬਰ ਅਤੇ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਦੇ ਸਾਬਕਾ ਚੇਅਰਮੈਨ ਅਤੇ ਡਾ. ਅੰਬੇਡਕਰ ਐਜੂਕੇਸ਼ਨਲ ਏਡ ਸੁਸਾਇਟੀ, ਫਰੀਮਾਂਟ (ਕੈਲੇਫੋਰਨੀਆ) ਦੇ ਚੇਅਰਮੈਨ ਸ੍ਰੀ ਰਾਮ ਮੂਰਤੀ ਸਰੋਏ ਅਤੇ ਨਾਮਵਰ ਸ਼ਖਸੀਅਤ ਤੇ ਡਾ. ਬੀ. ਆਰ. ਅੰਬੇਡਕਰ ਸੁਸਾਇਟੀ ਦੇ ਕੈਸ਼ੀਅਰ ਸ੍ਰੀ ਅਮਰੀਕ ਚੰਦ ਲਾਖਾ (ਸੀਪੀਏ) ਵੱਲੋਂ 5 ਜੁਲਾਈ 2023 ਨੂੰ **SB 43** ਦੇ ਪੱਖ ਵਿਚ ਜੁਡੀਸ਼ਰੀ ਵੱਲੋਂ ਦਿੱਤੇ ਗਏ ਸ਼ੱਤ ਪ੍ਰਤੀਸ਼ਤ ਫੈਸਲੇ ਦੀ ਸ਼ਾਲਾਘਾ ਕਰਦਿਆਂ ਧੰਨਵਾਦ ਕਰਦੇ ਹਾਂ। ਅਜਿਹਾ ਕਰਨ ਨਾਲ ਕੈਲੇਫੋਰਨੀਆ ਸਟੇਟ ਵਿਚ ਇਹ ਬਿਲ ਜਦੋਂ ਕਾਨੂੰਨ ਦੀ ਸ਼ਕਲ ਲਵੇਗਾ ਤਾਂ ਜ਼ਾਤ ਅਭਿਮਾਨੀ ਲੋਕ ਵਿਤਕਰਾ ਕਰਨ ਤੋਂ ਗੁਰੇਜ਼ ਕਰਨਗੇ।

**Amrik Chand (CPA)**
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

**SAROAY INVESTMENT REALTY**
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

# ਸੈਂਟ੍ਰਲ ਕੈਲੀਫੋਰਨੀਆ ਇਲਾਕਾ ਫਰਿਜ਼ਨੋ ਦੇ 14 ਗੁਰੂ ਘਰਾਂ ਵੱਲੋਂ ਸਿੱਖ ਏਕਤਾ ਲਈ ਇਤਿਹਾਸਕ ਪਹਿਲ





**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜਨੋ (ਕੈਲੀਫੋਰਨੀਆ)-** ਸੈਂਟ੍ਰਲ ਕੈਲੀਫੋਰਨੀਆ ਇਲਾਕਾ ਫਰਿਜ਼ਨੋ ਦੀਆਂ ਸਾਧਾਰਨ ਸੰਗਤਾਂ ਵਲੋਂ ਸਮੁੱਚੇ ਸਿੱਖਾਂ ਦੀ ਏਕਤਾ ਦੇ ਮਿਸ਼ਨ ਇੱਕ ਪੰਥ ਇਕ ਸੋਚ ਲਈ ਪਿਛਲੇ 8 ਵਰ੍ਹੇ ਤੋਂ ਕੀਤੇ ਜਾ ਰਹੇ ਯਤਨਾਂ ਨੂੰ ਉਸ ਵੇਲੇ ਵੱਡਾ ਹੁੰਗਾਰਾ ਮਿਲਿਆ ਜਦੋਂ ਏਕੇ ਨੂੰ ਸਮਰਪਿਤ ਪ੍ਰੋਗਰਾਮ ਆਤਮਰਸ ਕੀਰਤਨ ਦਰਬਾਰ 24 ਜੂਨ ਦਿਨ ਸ਼ਨੀਵਾਰ ਸ਼ਾਮ 5:00 ਵਜੇ ਤੋਂ 9:00 ਵਜੇ ਵਿੱਚ ਵੱਖ-ਵੱਖ ਵਿਚਾਰਧਾਰਾ ਜਾਂ ਮਰਿਯਾਦਾ ਵਿੱਚ ਵੰਡੇ ਕਹੇ ਜਾਣ ਵਾਲੇ ਗੁਰੂਘਰਾਂ ਦੇ ਰਾਗੀ ਢਾਡੀ ਵੀਰਾਂ ਨੇ ਇੱਕ ਥਾਂ ਇਕੱਤਰ ਹੋ ਕੇ ਆਪ ਸਿੱਖ ਏਕਤਾ ਤੇ ਪਹਿਰਾ ਦੇਂਦੇ ਹੋਏ ਸੰਸਾਰ ਭਰ ਦੇ ਸਿੱਖਾਂ ਨੂੰ ਵੀ ਏਕਤਾ ਦੀ ਅਪੀਲ ਕੀਤੀ। ਸਾਧਾਰਨ ਸੰਗਤਾਂ ਵੱਲੋਂ ਚੁੱਕੇ ਇਸ ਬੀੜੇ ਦਾ ਜਿੱਥੇ ਇਲਾਕੇ ਦੇ ਸਾਰੇ ਹੀ 14 ਗੁਰੂਘਰਾਂ ਜਿਸ ਵਿੱਚ ਫਰਿਜਨੋ ਕਲੋਵਸ ਦੇ ਸਾਰੇ ਗੁਰੂ ਘਰ ਜਿਸ ਵਿੱਚ ਗੁਰਦਵਾਰਾ ਸਿੰਘ ਸਭਾ, ਗੁਰੂ ਨਾਨਕ ਪ੍ਰਕਾਸ਼, ਨਾਨਕਸਰ, ਦਰਬਾਰ ਸ਼੍ਰੀ ਗੁਰੂ ਗ੍ਰੰਥ ਸਾਹਿਬ, ਗੁਰੂ ਰਵਿਦਾਸ ਸਭਾ, ਗੁ.ਕਲੋਵਿਸ, ਸੈਲਮਾ ਕਲਗੀਧਰ, ਪੈਸੇਫਿਕ ਕੋਸਟ ਸਿਲਮਾ, ਸੈਲਮਾ ਗੁਰੂ ਰਵਿਦਾਸ, ਤੋਂ ਇਲਾਵਾ ਗੁ.ਸਾਹਿਬ ਕਰਦਰਜ, ਮੰਡੇਰਾ, ਕਰਮਨ, ਸਨਵਾਕੀਨ, ਪੋਰਟਰਵਿਲੈ ਆਦਿ ਗੁਰੂ ਘਰਾਂ ਨੇ ਜੱਥੇ ਭੇਜਕੇ ਜਿੱਥੇ ਆਪ ਏਕੇ ਦਾ ਸਬੂਤ ਦਿੱਤਾ, ਉੱਥੇ ਇਲਾਕੇ ਦੇ ਪੰਜਾਬੀ ਮੀਡਿਆ ਅਤੇ ਐਨਜੀਓ ਜਿਸ ਵਿੱਚ ਸਿੱਖ ਕੌਂਸਲ, ਸਿੱਖ ਵੂਮੈਨ ਆਰਗੇਨਾਈਜੇਸ਼ਨ ਆਫ਼ ਸੈਂਟਰਲ ਕੈਲੀਫੋਰਨੀਆ, ਜਕਾਰਾ ਮੂਵਮੈਂਟ, ਇੰਡੋ ਅਮੇਰੀਕਨ ਹੈਰੀਟੇਜ ਫੌਰਮ, ਜੀ.ਐਚ.ਜੀ ਅਕੈਡਮੀ, ਪੀ.ਏ.ਜੀ.ਜੀ, ਮੀਰੀ ਪੀਰੀ ਸੇਵਾ ਸੁਸਾਇਟੀ, ਪੰਜਾਬੀ ਰੇਡੀਓ ਕੇਬੀਆਈਐਫ 900 ਏਐਮ , ਇਲਾਕੇ ਦੇ ਮੀਡੀਆ ਪਰਸਨਜ਼, ਪੰਜਾਬੀ ਲੇਖਕ, ਮਾਤਾ ਗੁਜਰੀ ਅਤੇ ਸੁਖਮਨੀ ਸਾਹਿਬ ਗਰੁਪ ਵੱਲੋਂ ਇਸ ਦੀ ਸ਼ਲਾਘਾ ਕਰਦੇ ਹੋਏ ਭਰਵਾਂ ਹੁੰਗਾਰਾ ਮਿਲਿਆ ਅਤੇ ਕਿਹਾ ਕਿ ਅੱਜ ਪੂਰੇ ਸੰਸਾਰ ਦੇ ਸਿੱਖਾਂ ਨੂੰ ਸਰਬੱਤ ਦੇ ਭਲੇ ਲਈ ਇੱਕ ਹੋਣ ਦੀ ਸਖ਼ਤ ਲੋੜ ਹੈ। ਸਿੱਖ ਏਕੇ ਦੇ ਮਾਮਲੇ 'ਚ ਆਮ ਸੰਗਤਾਂ ਦਾ ਇਹ ਕਹਿਣਾ ਹੈ ਕਿ ਇਲਾਕੇ 'ਚ ਪਹਿਲੀ ਵਾਰ ਸਭ ਵੱਖ-ਵੱਖ ਵਿਚਾਰਧਾਰਾ ਨਾਲ ਸਬੰਧਿਤ ਗੁਰੂ ਘਰਾਂ ਦੇ ਜਥਿਆਂ, ਪ੍ਰਬੰਧਕਾਂ, ਪਤਵੰਤੇ ਸੱਜਣਾਂ, ਮੀਡੀਆ ਵੱਲੋਂ ਇਕੋ ਜਗ੍ਹਾ ਬੈਠ ਕੇ ਪੂਰੇ ਸਿੱਖਾਂ ਦੇ ਏਕੇ ਲਈ ਅਰਦਾਸ ਬੇਨਤੀ ਕਰਨੀ ਆਪਣੇ ਆਪ 'ਚ ਇੱਕ ਇਤਿਹਾਸਿਕ ਘਟਨਾ ਹੈ। ਜੇ ਸਾਡੇ ਆਗੂ ਵੀ ਇਸ ਪਾਸੇ ਧਿਆਨ ਦੇਣ ਤਾਂ ਆਉਣ ਵਾਲੇ ਸਮੇਂ 'ਚ ਇੱਕ ਨਵਾਂ ਇਤਿਹਾਸ ਰਚਿਆ ਜਾ ਸਕਦਾ ਹੈ। ਇਲਾਕੇ ਦੀਆਂ ਸੰਗਤਾਂ ਦੀ ਬੇਨਤੀ ਮਨਜ਼ੂਰ ਕਰਦੇ ਹੋਏ ਹੁਣ ਸਿੱਖ ਏਕਤਾ ਦੀ ਇਹ ਜ਼ਿੰਮੇਵਾਰੀ ਪੰਥ ਦੇ ਵੱਡੇ ਪ੍ਰਚਾਰਕਾਂ, ਆਗੂਆਂ ਅਤੇ ਵਿਸ਼ੇਸ਼ ਕਰਕੇ ਪੰਥ ਦੇ ਜਥੇਦਾਰਾਂ ਨੂੰ ਬਿਨਾਂ ਦੇਰ ਲਗਾਏ ਚੁੱਕਣੀ ਚਾਹੀਦੀ ਹੈ।

# ਭਾਜਪਾ ਨੇ ਸੁਨੀਲ ਜਾਖੜ ਨੂੰ ਸੌਂਪੀ ਪੰਜਾਬ ਪ੍ਰਧਾਨ ਦੀ ਜ਼ਿੰਮੇਵਾਰੀ

**ਚੰਡੀਗੜ੍ਹ, (ਦਲਜੀਤ ਕੌਰ)-** ਪੰਜਾਬ ਭਾਜਪਾ ਦੀ ਲੀਡਰਸ਼ਿਪ ਵਿੱਚ ਵੱਡੀ ਤਬਦੀਲੀ ਆਈ ਹੈ। 2024 ਦੀਆਂ ਲੋਕ ਸਭਾ ਚੋਣਾਂ ਤੋਂ ਮਹਿਜ਼ ਇੱਕ ਸਾਲ ਪਹਿਲਾਂ ਭਾਜਪਾ ਦੀ ਹਾਈਕਮਾਂਡ ਨੇ ਸੁਨੀਲ ਜਾਖੜ ਨੂੰ ਪੰਜਾਬ ਪ੍ਰਧਾਨ ਥਾਪ ਦਿੱਤਾ ਹੈ। ਬੀਤੇ ਦਿਨ ਅਸ਼ਵਨੀ ਸ਼ਰਮਾ ਦੇ ਅਸਤੀਫ਼ੇ ਦੀ ਗੱਲ ਚਲੀ ਸੀ ਪਰ ਸ੍ਰੀ ਸ਼ਰਮਾ ਨੇ ਇਸ ਨੂੰ ਅਫ਼ਵਾਹ ਦੱਸਿਆ ਸੀ, ਪਰ ਅੱਜ ਕਾਂਗਰਸ ਛੱਡ ਕੇ ਭਾਜਪਾ 'ਚ ਸ਼ਾਮਲ ਹੋਏ ਦਿੱਗਜ ਨੇਤਾ ਸੁਨੀਲ ਜਾਖੜ ਨੂੰ ਪੰਜਾਬ ਭਾਜਪਾ ਦੀ ਕਮਾਨ ਸੌਂਪ ਦਿੱਤੀ ਗਈ ਹੈ। ਹਾਲ ਹੀ 'ਚ ਗੁਰਦਾਸਪੁਰ 'ਚ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਰੈਲੀ ਤੋਂ ਬਾਅਦ ਸੁਨੀਲ ਜਾਖੜ ਦੇ ਨਾਂ 'ਤੇ ਮੰਥਨ ਸ਼ੁਰੂ ਹੋ ਗਿਆ ਸੀ।

ਜ਼ਿਕਰਯੋਗ ਹੈ ਕਿ ਸ੍ਰੀ ਸੁਨੀਲ ਜਾਖੜ ਕਾਂਗਰਸ ਵਿੱਚ ਪਿਛਲੇ ਲੰਮੇ ਸਮੇਂ ਤੋਂ ਸੀਨੀਅਰ ਆਗੂ ਵਜੋਂ ਸੇਵਾ ਨਿਭਾਅ ਰਹੇ ਸਨ ਪਰ ਪਿਛਲੇ ਸਾਲ ਹੀ ਕਾਂਗਰਸ ਦੀ ਹਾਰ ਤੋਂ ਬਾਅਦ ਉਹ ਮਈ 2022 ਵਿੱਚ ਭਾਜਪਾ ਵਿੱਚ ਸ਼ਾਮਲ ਹੋ ਗਏ ਸਨ। ਉਹ ਰਾਸ਼ਟਰੀ ਪ੍ਰਧਾਨ ਜੇਪੀ ਨੱਡਾ ਦੀ ਮੌਜੂਦਗੀ ਵਿੱਚ ਪਾਰਟੀ



ਵਿੱਚ ਸ਼ਾਮਲ ਹੋਏ ਸਨ। ਸ੍ਰੀ ਸੁਨੀਲ ਜਾਖੜ ਪਿਛਲੇ ਸਮੇਂ ਵਿੱਚ ਅਬੋਹਰ ਤੋਂ ਦੋ ਵਾਰ ਵਿਧਾਇਕ ਅਤੇ ਇੱਕ ਵਾਰ ਗੁਰਦਾਸਪੁਰ ਹਲਕੇ ਤੋਂ ਸੰਸਦ ਮੈਂਬਰ ਰਹਿ ਚੁੱਕੇ ਹਨ। ਜਾਖੜ 2012 ਤੋਂ 2017 ਤੱਕ ਸੂਬਾ ਕਾਂਗਰਸ ਪ੍ਰਧਾਨ ਵੀ ਰਹਿ ਚੁੱਕੇ ਹਨ।

**ਭਾਜਪਾ ਵਿੱਚ ਸ਼ਾਮਲ ਹੋਏ 7 ਚਿਹਰਿਆਂ ਵਿੱਚੋਂ ਇੱਕ**

ਸੁਨੀਲ ਜਾਖੜ ਉਨ੍ਹਾਂ 7 ਅਹਿਮ ਚਿਹਰਿਆਂ 'ਚੋਂ ਇਕ ਹਨ, ਜੋ ਕਾਂਗਰਸ ਛੱਡ ਕੇ ਭਾਜਪਾ 'ਚ ਸ਼ਾਮਲ ਹੋਏ ਸਨ।

ਸਾਬਕਾ ਮੁੱਖ ਮੰਤਰੀਆਂ ਕੈਪਟਨ ਅਮਰਿੰਦਰ ਸਿੰਘ ਅਤੇ ਸੁਨੀਲ ਜਾਖੜ ਤੋਂ ਇਲਾਵਾ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਬਾਦਲ, ਸਾਬਕਾ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ, ਰਾਜਕੁਮਾਰ ਵੇਰਕਾ, ਸੁੰਦਰ ਸ਼ਾਮ ਅਰੋੜਾ, ਬਲਬੀਰ ਸਿੰਘ ਸਿੱਧੂ ਅਤੇ ਰਾਣਾ ਗੁਰਮੀਤ ਸੋਢੀ ਸ਼ਾਮਲ ਹਨ। ਭਾਜਪਾ ਨੂੰ ਉਮੀਦ ਹੈ ਕਿ ਇਹ ਉਹ ਚਿਹਰੇ ਹਨ ਜੋ ਪੰਜਾਬ ਵਿੱਚ 13 ਲੋਕ ਸਭਾ ਸੀਟਾਂ ਦੇ ਟੀਚੇ ਤੱਕ ਪਹੁੰਚਣ ਵਿੱਚ ਉਸਦੀ ਮਦਦ ਕਰ ਸਕਦੇ ਹਨ।

NSB Insurance
NIRMAL SINGH BADHAN
for Insurance Call:
NIRMAL SINGH BADHAN
707-228-2020
HEALTH INSURANCE RETIREMENT
LIFE INSURANCE COLLEGE PLANNING
LONG TERM CARE INS AUTO * HOME
FUNERAL EXPENSE BUSINESS

Call: 707-228-2020,
Fax: 707-260-2813
Lic #0144676
www.nsbinsures.com
1519 Gary CT., Rohnert Park, CA 94928

RE/MAX® Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd # 100 Sacramento, CA 95834


# ੧ਓ

**ਸਤਿਗੁਰ ਪ੍ਰਸਾਦਿ ॥**

One Universal Creator God.

**ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥**

As His Decree is issued, so is His Command obeyed.

**ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥੧॥**

Those who are sent, come, O Nanak; when they are called back, they depart and go.



## Sardar Sudesh Singh Atwal

Our beloved father left us for the heavenly abode on June 26th, 2023.

| Chapel of the Chimes Funeral Home | Funeral Services |
|---|---|
| 32992 Mission Blvd, Hayward, CA 94544 | Saturday, July 8th, 2023. 9:00am – 11:00am. |

**Sehaj Path Bhog & Antim Ardaas**

Followed by Guru Ka Langar

at

**Fremont Gurdwara Sahib**

300 Gurdwara Rd, Fremont, CA 94536

**Grief Stricken Family and Friends**

510-469-6687

*Sponsored by- Desh Doaba*

ਦੇਸ਼ ਦੁਆਬਾ

# ਨਿਊਯਾਰਕ 'ਚ ਬਾਬਾ ਸਾਹਿਬ ਅੰਬੇਡਕਰ ਦੇ ਨਾਂ 'ਤੇ ਰੱਖਿਆ 'ਚੌਰਾਹੇ' ਦਾ ਨਾਮ











**ਨਿਊਯਾਰਕ–** ਬੀਤੇ ਦਿਨੀਂ 25 ਜੂਨ ਦਿਨ ਐਤਵਾਰ ਨੂੰ ਨਿਊਯਾਰਕ ਵਿੱਚ ਸੈਂਕੜੇ ਲੋਕ ਬਾਬਾ ਸਾਹਿਬ ਬੀ.ਆਰ. ਅੰਬੇਡਕਰ ਜੀ ਦੇ 132ਵੇਂ ਜਨਮ ਦਿਹਾੜਾ 'ਤੇ ਉਹਨਾਂ ਦੇ ਨਾਂ 'ਤੇ ਇਕ 'ਚੌਰਾਹੇ' ਨੂੰ ਨਾਮ ਦੇ ਕੇ ਨਿਊਯਾਰਕ ਦੀ ਧਰਤੀ 'ਤੇ ਉਹਨਾਂ ਦਾ ਸਨਮਾਨ ਕੀਤਾ ਗਿਆ। ਉਹਨਾਂ ਦੇ ਨਾਂ ਤੇ ਇੱਕ ਸਟਰੀਟ ਪਲੇਟ ਲਗਾਈ ਗਈ, ਜਿਸ 'ਤੇ 'ਡਾ. ਬੀਆਰ ਅੰਬੇਡਕਰ ਵੇਅ' ਲਿਖਿਆ ਗਿਆ ਹੈ, ਜੋ ਬ੍ਰਾਡਵੇਅ ਅਤੇ 61ਵੀਂ ਸਟਰੀਟ ਦੇ ਚੌਰਾਹੇ 'ਤੇ ਸਥਾਪਿਤ ਕੀਤੀ ਗਈ। ਇਸ ਮੌਕੇ 'ਡਾ. ਬੀਆਰ ਅੰਬੇਡਕਰ ਵੇਅ ਨੂੰ 'ਜੈ ਭੀਮ' ਦੇ ਨਾਅਰਿਆਂ ਨਾਲ ਕਵੀਨਜ਼ ਦੇ ਵੁੱਡਸਾਈਡ ਵਿੱਚ ਬ੍ਰੌਡਵੇਅ ਅਤੇ 61ਵੀਂ ਸਟਰੀਟ ਦੇ ਚੌਰਾਹੇ 'ਤੇ ਲਗਾਇਆ ਗਿਆ।

ਜਿਥੇ ਇਸ ਸਮਾਗਮ ਵਿੱਚ ਉਹਨਾਂ ਦੇ ਨਿਊਯਾਰਕ ਵਿੱਚ ਵੱਸਦੇ ਸ਼ਰਧਾਲੂਆਂ ਨੇ ਸ਼ਿਰਕਤ ਕੀਤੀ, ਉੱਥੇ ਇਸ ਸਮਾਗਮ ਵਿੱਚ ਨਿਊਯਾਰਕ ਸਿਟੀ ਕੌਂਸਲ ਦੀ ਮੈਂਬਰ ਜੂਲੀ ਵੌਨ, ਕਾਂਗਰਸ ਵੂਮੈਨ ਗ੍ਰੇਸ ਮੇਂਗ, ਨਿਊਯਾਰਕ ਸਟੇਟ ਅਸੈਂਬਲੀ ਮੈਂਬਰ ਸਟੀਵਨ ਰਾਗਾ ਅਤੇ ਨਿਊਯਾਰਕ ਰਾਜ ਦੇ ਸੈਨੇਟਰ ਮਾਈਕਲ ਗਿਆਨਾਰਿਸ ਅਤੇ ਕੌਸਲੇਟ ਜਨਰਲ ਆਫ ਇੰਡੀਆ ਨਿਊਯਾਰਕ ਸਮੇਤ ਉਹਨਾਂ ਦੇ ਕਈ ਉਪਾਸਕਾਂ ਨੇ ਭਾਰੀ ਗਿਣਤੀ ਵਿੱਚ ਸ਼ਿਰਕਤ ਕੀਤੀ। ਇਸ ਮੌਕੇ ਸ੍ਰੀ ਗੁਰੂ ਰਵਿਦਾਸ ਟੈਂਪਲ ਆਫ ਨਿਊਯਾਰਕ ਅਤੇ ਬੇਗਮਪੁਰਾ ਕਲਚਰਲ ਸੋਸਾਇਟੀ ਆਫ ਨਿਊਯਾਰਕ ਦੀਆਂ ਸਮਾਜ ਸੇਵੀ ਸੰਸਥਾਵਾਂ ਨੇ ਨਗਰ ਕੌਂਸਲ ਨੂੰ ਇਹ ਫ਼ੈਸਲਾ ਲੈਣ ਲਈ ਅਤੇ ਉਹਨਾਂ ਦਾ ਜਨਮ ਦਿਹਾੜਾ ਮਨਾਉਣ ਦੇ ਯਤਨਾਂ ਦੀ ਅਗਵਾਈ ਕਰਨ 'ਤੇ ਵਿਸ਼ੇਸ ਧੰਨਵਾਦ ਵੀ ਕੀਤਾ।

ਇਸ ਮੌਕੇ ਮੋਹਾਲੀ ਤੋਂ ਵਿਧਾਇਕ ਕੁਲਵੰਤ ਸਿੰਘ ਅਤੇ ਯੂਕੇ ਤੋਂ ਰਮੇਸ਼ ਕਲੇਰ ਵੀ ਉਚੇਚੇ ਤੌਰ 'ਤੇ ਪੁੱਜੇ ਹੋਏ ਸਨ। ਬੇਗਮਪੁਰਾ ਕਲਚਰਲ ਸੋਸਾਇਟੀ ਦੇ ਇੰਟਰਨੈਸ਼ਨਲ ਕੋਆਰਡੀਨੇਟਰ ਹਰਦੇਵ ਸਹਾਏ, ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਦੇ ਪ੍ਰਧਾਨ ਅਤੇ ਸਮਾਜ ਸੇਵੀ ਅਸ਼ੋਕ ਮਾਹੀ, ਬਲਵੰਤ ਚੋਹਾਨ ਚੇਅਰਮੈਨ, ਖ਼ੁਸ਼ੀਆ ਸਿੰਘ ਜਨਰਲ ਸਕੱਤਰ, ਪਰਮਜੀਤ ਕਮਾਮ ਪ੍ਰਧਾਨ ਬੇਗਮਪੁਰਾ ਕਲਚਰਲ ਸੁਸਾਇਟੀ, ਪਿੰਦਰਪਾਲ ਚੇਅਰਮੈਨ ਅਤੇ ਹੋਰ ਸੁਸਾਇਟੀ ਦੇ ਮੈਬਰਾਂ ਨੇ ਇਸ ਮੌਕੇ ਇਕ ਦੂਜੇ ਨੂੰ ਵਧਾਈਆਂ ਦਿੱਤੀਆ ਅਤੇ ਕਿਹਾ ਕਿ ਅਮਰੀਕਾ ਵਿੱਚ ਅੰਬੇਡਕਰਵਾਦੀ ਸਰਗਰਮੀ ਲਈ ਇਹ ਇੱਕ ਮਹੱਤਵਪੂਰਨ ਅਤੇ ਖ਼ੁਸ਼ੀ ਵਾਲੇ ਪਲ ਹਨ। ਬੁਲਾਰਿਆਂ ਨੇ "ਡਾ. ਅੰਬੇਡਕਰ ਲਈ ਆਪਣੇ ਸੰਬੋਧਨ ਵਿੱਚ ਕਿਹਾ ਕਿ ਉਹ ਇੱਕ ਕਾਰਕੁਨ, ਅਰਥ ਸ਼ਾਸਤਰੀ, ਕੋਲੰਬੀਆ ਗ੍ਰੇਡ, ਕਾਨੂੰਨ ਮੰਤਰੀ ਅਤੇ ਭਾਰਤ ਦੇ ਸੰਵਿਧਾਨ ਦੇ ਪਿਤਾਮਾ ਸਨ।

ਉਹਨਾਂ ਵੱਲੋਂ ਦਲਿਤਾਂ, ਔਰਤਾਂ ਅਤੇ ਧਾਰਮਿਕ ਘੱਟ ਗਿਣਤੀਆਂ ਦੇ ਵਿਤਕਰੇ ਵਿਰੁੱਧ ਕੀਤੇ ਕੰਮਾਂ ਨੂੰ ਸਾਨੂੰ ਕਦੇ ਵੀ ਭੁੱਲਣਾ ਨਹੀ ਚਾਹੀਦਾ। ਬੁਲਾਰਿਆਂ ਨੇ ਕਿਹਾ ਕਿ ਬਾਬਾ ਸਾਹਿਬ ਬੀ. ਆਰ. ਅੰਬੇਡਕਰ ਦਾ ਇਸ ਸ਼ਹਿਰ ਦੇ ਨਾਲ ਮੁੱਢਲਾ ਸਬੰਧ ਕੋਲੰਬੀਆ ਯੂਨੀਵਰਸਿਟੀ ਰਾਹੀਂ ਹੈ, ਜਿੱਥੇ ਉਹਨਾਂ ਨੇ ਐਮ.ਏ ਅਤੇ ਪੀ.ਐਚ.ਡੀ. ਕੀਤੀ ਸੀ। ਸੰਸਥਾਵਾਂ ਨੇ ਨਗਰ ਕੌਂਸਲ ਨੂੰ ਇਹ ਫ਼ੈਸਲਾ ਲੈਣ ਲਈ ਅਤੇ ਉਹਨਾਂ ਦਾ ਜਨਮ ਦਿਹਾੜਾ ਮਨਾਉਣ ਦੇ ਯਤਨਾਂ ਦੀ ਅਗਵਾਈ ਕਰਨ 'ਤੇ ਵਿਸ਼ੇਸ ਧੰਨਵਾਦ ਵੀ ਕੀਤਾ।

## ਭਗਵੰਤ ਮਾਨ ਅਤੇ ਕੈਪਟਨ 'ਚ ਤਣਾਤਣੀ


ਯੂ ਪੀ ਦੇ ਇਕ ਅਪਰਾਧੀ ਮੁਖ਼ਤਾਰ ਅੰਸਾਰੀ ਨੂੰ ਪੰਜਾਬ ਦੀ ਰੋਪੜ ਜੇਲ੍ਹ 'ਚ ਰੱਖਣ ਦਾ ਮਸਲਾ ਪੰਜਾਬ ਦੀ ਸਿਆਸਤ ਵਿਚ ਕਾਫੀ ਗਰਮੀ ਲਿਆ ਰਿਹਾ ਹੈ। ਮੁੱਖ ਮੰਤਰੀ ਭਗਵੰਤ ਮਾਨ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਵੱਲੋਂ 55 ਲੱਖ ਰੁਪਏ ਖ਼ਰਚ ਕੇ ਇਕ ਨਕਲੀ ਜਿਹਾ ਕੇਸ ਬਣਾ ਕੇ ਮੁਖ਼ਤਾਰ ਅੰਸਾਰੀ ਨੂੰ ਪੰਜਾਬ ਦੀ ਜੇਲ ਵਿਚ ਮੌਜਾਂ ਕਰਵਾਈਆਂ ਗਈਆਂ। ਭਗਵੰਤ ਮਾਨ ਨੇ ਪੰਜਾਬ ਸਰਕਾਰ ਨੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਸਾਬਕਾ ਉਪ ਮੁੱਖ ਮੰਤਰੀ ਤੇ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਤੋਂ 55 ਲੱਖ ਦੀ ਇਹ ਰਕਮ ਵਸੂਲਣ ਲਈ ਹੁਕਮ ਜਾਰੀ ਕਰ ਦਿੱਤੇ ਹਨ। ਮੁੱਖ ਮੰਤਰੀ ਨੇ ਕਿਹਾ ਸੀ ਕਿ ਉਹ ਕੈਪਟਨ ਦੀ ਪੈਨਸ਼ਨ ਰੋਕਣਗੇ ਤਾਂ ਜਵਾਬ 'ਚ ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਜੇ ਉਨ੍ਹਾਂ 'ਚ ਹਿੰਮਤ ਹੈ ਤਾਂ ਉਹ ਪੈਨਸ਼ਨ ਰੋਕ ਕੇ ਵਿਖਾਉਣ।

ਕੈਪਟਨ ਅਮਰਿੰਦਰ ਸਿੰਘ ਨੇ ਇਹ ਮਾਮਲਾ ਅਦਾਲਤ 'ਚ ਲਿਜਾਉਣ ਦੀ ਚੇਤਾਵਨੀ ਵੀ ਦਿੱਤੀ ਹੈ। ਨਵੀਂ ਪੀੜ੍ਹੀ ਲਈ ਜੇ ਅਸੀਂ ਮਿਸਾਲਾਂ ਕਾਇਮ ਕਰਨੀਆਂ ਹਨ ਤਾਂ ਸਾਨੂੰ ਇਸ ਸਭ ਤੋਂ ਅੱਗੇ ਦੇਖਣਾ ਹੋਵੇਗਾ। ਮੌਜੂਦਾ ਸੂਬਾ ਸਰਕਾਰ ਦਾ ਦੋਸ਼ ਹੈ ਕਿ ਸੁਪਰੀਮ ਕੋਰਟ 'ਚ ਅੰਸਾਰੀ ਦੀ ਪੈਰਵੀ ਲਈ ਪੰਜਾਬ ਸਰਕਾਰ ਨੇ ਵਕੀਲ 'ਤੇ 55 ਲੱਖ ਰੁਪਏ ਖ਼ਰਚ ਕਰ ਦਿੱਤੇ। ਉਸ ਦਾ ਬਿੱਲ ਹੁਣ ਸਰਕਾਰ ਕੋਲ ਆਇਆ ਹੈ। ਮੌਜੂਦਾ ਜੇਲ੍ਹ ਮੰਤਰੀ ਹਰਜੋਤ ਬੈਂਸ ਪਹਿਲਾਂ ਪੰਜਾਬ ਵਿਧਾਨ ਸਭਾ ਨੂੰ ਵੀ ਸੂਚਿਤ ਕਰ ਚੁੱਕੇ ਹਨ ਕਿ ਇਸ ਮਾਮਲੇ 'ਚ ਐਫਆਈਆਰ ਦਾਇਰ ਕਰਨ ਦੇ ਹੁਕਮ ਦੇ ਦਿੱਤੇ ਗਏ ਹਨ ਤੇ ਛੇਤੀ ਪਤਾ ਲੱਗ ਜਾਵੇਗਾ ਕਿ ਇਹ ਸਭ ਕਿਸ ਦੇ ਹੁਕਮਾਂ 'ਤੇ ਹੋਇਆ ਸੀ।

ਅੰਸਾਰੀ ਨੂੰ ਤਿੰਨ ਵਰ੍ਹੇ ਪਹਿਲਾਂ ਪੰਜਾਬ ਦੀ ਰੋਪੜ ਜੇਲ੍ਹ 'ਚ ਲਿਆਂਦਾ ਗਿਆ ਸੀ। ਉਦੋਂ ਉਸ 'ਤੇ ਮੁਹਾਲੀ ਦੇ ਇਕ ਬਿਲਡਰ ਤੋਂ 10 ਕਰੋੜ ਰੁਪਏ ਦੀ ਫਿਰੌਤੀ ਵਸੂਲਣ ਦਾ ਦੋਸ਼ ਸੀ। 24 ਜਨਵਰੀ 2019 ਨੂੰ ਅਦਾਲਤ 'ਚ ਪੇਸ਼ ਕਰ ਕੇ ਉਸ ਨੂੰ ਰੋਪੜ ਜੇਲ੍ਹ ਭੇਜ ਦਿੱਤਾ ਗਿਆ ਸੀ। ਫਿਰ ਪਿਛਲੇ ਵਰ੍ਹੇ ਅਪ੍ਰੈਲ 'ਚ ਸੁਪਰੀਮ ਕੋਰਟ ਦੇ ਹੁਕਮਾਂ 'ਤੇ ਉਸ ਨੂੰ ਉੱਤਰ ਪ੍ਰਦੇਸ਼ ਦੀ ਬਾਂਦਾ ਜੇਲ੍ਹ ਲਿਜਾਂਦਾ ਗਿਆ ਸੀ। ਪੰਜਾਬ ਦੇ ਮੌਜੂਦਾ ਜੇਲ੍ਹ ਮੰਤਰੀ ਨੇ ਵਿਧਾਨ ਸਭਾ 'ਚ ਇਹ ਦੋਸ਼ ਵੀ ਲਾਇਆ ਸੀ ਕਿ ਮੁਖ਼ਤਾਰ ਅੰਸਾਰੀ ਨੂੰ ਰੋਪੜ ਜੇਲ੍ਹ 'ਚ ਦੋ ਸਾਲ ਤਿੰਨ ਮਹੀਨੇ ਤੱਕ ਰੱਖਿਆ ਗਿਆ ਸੀ। ਉਦੋਂ ਉਸ ਨੂੰ ਐਸ਼ਪ੍ਰਸਤੀ ਦੀਆਂ ਸਾਰੀਆਂ ਚੀਜ਼ਾਂ ਮੁਹੱਈਆ ਕਰਵਾਈਆਂ ਗਈਆਂ ਸਨ। ਜਿਸ ਬੈਰਕ 'ਚ 25 ਕੈਦੀ ਰਹਿ ਸਕਦੇ ਸਨ, ਉੱਥੇ ਉਸ ਨੂੰ ਇਕੱਲੇ ਨੂੰ ਰੱਖਿਆ ਗਿਆ ਸੀ ਤੇ ਉੱਥੇ ਉਸ ਨਾਲ ਉਸ ਦੀ ਪਤਨੀ ਵੀ ਰਹਿੰਦੀ ਸੀ। ਉੱਤਰ ਪ੍ਰਦੇਸ਼ ਪੁਲਿਸ ਨੇ ਅੰਸਾਰੀ ਵਿਰੁੱਧ 26 ਵਾਰ ਪ੍ਰੋਡਕਸ਼ਨ ਵਾਰੰਟ ਜਾਰੀ ਕੀਤੇ ਸਨ ਪਰ ਪੰਜਾਬ ਦੀ ਕਾਂਗਰਸ ਸਰਕਾਰ ਨੇ ਅੰਸਾਰੀ ਨੂੰ ਯੂਪੀ ਹਵਾਲੇ ਨਹੀਂ ਕੀਤਾ ਸੀ। ਪੰਜਾਬ ਸਰਕਾਰ ਦੁਆਰਾ ਸੁਪਰੀਮ ਕੋਰਟ 'ਚ ਪੈਰਵੀ ਲਈ ਇਕ ਪ੍ਰਸਿੱਧ ਵਕੀਲ ਨੂੰ ਨਿਯੁਕਤ ਕੀਤਾ ਸੀ ਜੋ ਇਕ ਦਿਨ ਦੀ ਫੀਸ 11 ਲੱਖ ਰੁਪਏ ਲੈਂਦਾ ਸੀ। ਬਹੁਤ ਪਹਿਲਾਂ ਭਗਵੰਤ ਮਾਨ ਨੇ ਇਹ ਐਲਾਨ ਕਰ ਦਿੱਤਾ ਸੀ ਕਿ ਪੰਜਾਬ ਸਰਕਾਰ ਵਕੀਲ ਦਾ ਖ਼ਰਚਾ ਅਦਾ ਨਹੀਂ ਕਰੇਗੀ। ਹੁਣ ਇਹ ਖ਼ਰਚਾ ਸਾਬਕਾ ਮੁੱਖ ਮੰਤਰੀ ਤੇ ਸਾਬਕਾ ਜੇਲ੍ਹ ਮੰਤਰੀ ਤੋਂ ਲੈਣ ਦੀ ਗੱਲ ਕੀਤੀ ਗਈ ਹੈ। ਇਸ ਵਿਚ ਕੀ ਸਚਾਈ ਹੈ, ਇਹ ਤਾਂ ਜਾਂਚ ਤੋਂ ਬਾਅਦ ਹੀ ਪਤਾ ਲੱਗੇਗਾ ਪਰ ਇਸ ਬਹਿਸ ਦੌਰਾਨ ਸਾਬਕਾ ਮੁੱਖ ਮੰਤਰੀ ਅਤੇ ਸਾਬਕਾ ਜੇਲ ਮੰਤਰੀ ਵਿਵਾਦਾਂ ਦੇ ਘੇਰੇ ਵਿਚ ਹਨ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ)




## ਮਹੀਨਾ ਵਾਰ ਕੀਰਤਨ ਦਰਬਾਰ 25 ਜੂਨ 2023

ਘਰ ਦੀ ਸਲਾਨਾ ਜੇਨਰਲ ਬੋਡੀ ਮੀਟਿੰਗ 9 ਜੁਲਾਈ ਦਿਨ ਐਤਵਾਰ ਨੂੰ ਸ਼ਾਮ 4 ਵਜੇ ਗੁਰੂ ਘਰ ਵਿੱਚ ਕੀਤੀ ਜਾ ਰਹੀ ਹੈ। ਆਪ ਸਭ ਨੂੰ ਬੇਨਤੀ ਹੈ ਕਿ ਇਸ ਮੀਟਿੰਗ ਤੇ ਆ ਕੇ ਆਪਣੇ ਗੁਰੂ ਘਰ ਦੀ ਬਣਦੀ ਇਮਾਰਤ ਦੇ ਲਈ ਵੱਧ ਤੋਂ ਵੱਧ ਦਾਨ ਦੇ ਕੇ ਜਾਂ ਫਿਰ ਗੁਰੂ ਘਰ ਨੂੰ ਲੋਨ ਦੇ ਕੇ ਇਸ ਕੰਮ ਨੂੰ ਮੁਕੰਮਲ ਕਰਨ ਲਈ ਹਿੱਸਾ ਪਾਓ। ਮੀਟਿੰਗ ਦਾ ਏਜੰਡਾ ਇਸ ਤਰਾਂ ਹੋਵੇਗਾ।

1. ਗੁਰੂ ਘਰ ਨੂੰ ਬਣਾਉਣ ਲਈ ਫੰਡ ਇਕੱਠੇ ਕਰਨੇ ਅਤੇ ਗੁਰੂ ਘਰ ਨੂੰ ਲੋਨ ਦੇਣ ਲਈ ਬੇਨਤੀ ਕਰਨੀ।
2. ਗੁਰੂ ਘਰ ਦੀ ਕਮੇਟੀ ਦੀ ਨਿਯੁਕਤੀ ਜਨਵਰੀ 2024 ਲਈ ਤਿਆਰੀ।
3. ਖੁੱਲੀ ਗੱਲਬਾਤ (SB403 ਲਈ, ਪੁਰਾਣੇ ਮੈਂਬਰਸ ਅਤੇ ਪੁਰਾਣੇ ਗੁਰੂ ਘਰਾਂ ਦੀ ਸਪੋਰਟ, ਗੁਰੂ ਘਰ ਦੀ ਇਮਾਰਤ ਲਈ ਭੂਮਿਕਾ)

ਕਿਸੇ ਕਿਸਮ ਦੇ ਪ੍ਰਸ਼ਨ ਲਈ ਕਮੇਟੀ ਨੂੰ ਫੋਨ ਕਰੋ ਜੀ। ਸਿਰਫ ਮੈਂਬਰ ਹੀ ਫੈਸਲਾ ਕਾਰਨ ਦਾ ਹੱਕ ਰੱਖਦੇ ਹਨ। ਕਿਸੇ ਨੂੰ ਵੀ ਕੌਮ ਅਤੇ ਗੁਰੂਘਰ ਦੀ ਉਸਾਰੀ ਦੇ ਖ਼ਿਲਾਫ਼ ਬਰਦਾਸ਼ਤ ਨਹੀਂ ਕੀਤਾ ਜਾਏਗਾ। ਇਸ 'ਤੇ ਸੇਵਾ ਲੈਣ ਲਈ ਕਮੇਟੀ ਦੇ ਕਿਸੇ ਮੈਂਬਰ ਨੂੰ ਕਾਲ ਕਰ ਸਕਦੇ ਹੋ।


Vinod Kumar Chumber (Chairman) 510-953-9800


Ram Lubhaya (President) 408-449-1105


Naresh Kumar (Secretary) 510-857-4551


Sohan Singh Dhanda (Treasurer) 510-200-6649


**Future Program dates: 23rd July , August 27th**

**For langar Sewa please contact any of the committee members.**

**ਸਮੂਹ ਪ੍ਰਬੰਧਕ ਕਮੇਟੀ, ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫਰਨੀਆ) 31252 Veasy Street, Union City, CA 94587**

# ਆਰ ਨੇਤ, ਜੱਸ ਬਾਜਵਾ, ਸ਼ਿਪਰਾ ਗੋਇਲ ਅਤੇ ਜੋਬਨ ਸਿੱਧੂ ਨੇ ਫਰਿਜਨੋ ਦੇ ਸ਼ੋਅ 'ਚ ਕਰਾਈ ਬਹਿਜਾ ਬਹਿਜਾ






**ਫਰਿਜਨੋ (ਕੈਲੀਫੋਰਨੀਆ) (ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ)–** ਪੰਜਾਬੀਆਂ ਦੀ ਸੰਘਣੀ ਵੱਸੋਂ ਵਾਲੇ ਕੈਲੀਫੋਰਨੀਆ ਦੇ ਸ਼ਹਿਰ ਫਰਿਜਨੋ ਵਿਖੇ ਲੰਘੇ ਸ਼ੁੱਕਰਵਾਰ ਸਥਾਨਿਕ ਵਾਰਨਰ ਥੇਇਟਰ ਵਿੱਚ ਮੈਕਸ ਪ੍ਰਿੰਟਿੰਗ ਵਾਲੇ ਹਰਸ਼ ਬਰਾੜ ਅਤੇ ਬੀ ਐਸ ਐਮ ਟਰੱਕ ਪਰਮਿੰਟਸ ਵੱਲੋਂ ਜੱਸ ਬਾਜਵਾ, ਆਰ ਨੇਤ, ਸ਼ਿਪਰਾ ਗੋਇਲ ਅਤੇ ਜੋਬਨ ਸੰਧੂ ਦਾ ਸ਼ੋਅ ਕਰਵਾਇਆ ਗਿਆ। ਜਿੱਥੇ ਦਰਸ਼ਕਾਂ ਨਾਲ ਖਚਾ ਖਚ ਭਰੇ ਹਾਲ ਅੰਦਰ ਹੋਸਟ ਜੋਤ ਰਣਜੋਤ ਨੇ ਸ਼ੋਅ ਦੀ ਸ਼ੁਰੂਆਤ ਸ਼ਾਇਰਾਨਾ ਅੰਦਾਜ਼ ਵਿੱਚ ਸਭਨੂੰ ਨਿੱਘੀ ਜੀ ਆਇਆ ਆਖਕੇ ਕੀਤੀ। ਇਸ ਮੌਕੇ ਜਿੱਥੇ ਜੋਬਨ







ਸੰਧੂ ਅਤੇ ਸ਼ਿਪਰਾ ਗੋਇਲ ਨੇ ਆਪਣੇ ਗੀਤਾਂ ਨਾਲ ਦਰਸ਼ਕਾਂ ਦਾ ਮਨੋਰੰਜਨ ਕੀਤਾ, ਓਥੇ ਆਰ ਨੇਤ ਨੇ "ਤੇਰੇ ਯਾਰ ਨੂੰ ਦੱਬਣ ਨੂੰ ਫਿਰਦੇ ਨੇ, ਪਰ ਦੱਬਦਾ ਕਿੱਥੇ ਆ" ਆਦਿ ਆਪਣੇ ਨਵੇਂ ਪੁਰਾਣੇ ਗੀਤਾਂ ਦੀ ਐਸੀ ਝੜੀ ਲਾਈ ਕਿ ਹਰਕੋਈ ਅਸ਼ ਅਸ਼ ਕਰ ਉਠਿਆ। ਅਖੀਰ ਜੱਸ ਬਾਜਵਾ ਨੇ ਆਪਣੀ ਦਿਲਕਸ਼ ਆਵਾਜ਼ ਨਾਲ ਪ੍ਰੋਗਰਾਮ ਨੂੰ ਚਰਮ ਸੀਮਾ ਤੱਕ ਪਹੁੰਚਾਇਆ। ਆਪਣੇ ਮਨ ਪਸੰਦੀ ਦੇ ਗੀਤਾਂ ਤੇ ਦਰਸ਼ਕਾਂ ਨੇ ਨੱਚ ਨੱਚ ਅੰਬਰੀ ਧੂੜ ਚੜ੍ਹਾ ਦਿੱਤੀ। ਸਫਲ ਸ਼ੋਅ ਲਈ ਪ੍ਰਬੰਧਕ ਵਧਾਈ ਦੇ ਪਾਤਰ ਨੇ। ਇਹ ਸ਼ੋਅ ਪੂਰੇ ਅਮਰੀਕਾ ਵਿੱਚ ਹਾਈਪ ਇੰਟਰਟੇਨਮੈਂਟ ਅਤੇ ਪੂਨੀਆ ਪ੍ਰੋਡਕਸ਼ਨ ਵੱਲੋਂ ਲਿਆਂਦਾ ਗਿਆ ਹੈ। ਲੱਖੀ ਪ੍ਰਮੋਟਰ ਵੀ ਪੂਰੇ ਜਾਹੋ ਜਲਾਲ ਵਿੱਚ ਨਜ਼ਰ ਆਏ।

# ਫ਼ਿਲਮ 'ਐਮਰਜੈਂਸੀ' 'ਚ ਕੰਗਨਾ ਰਣੌਤ ਕਰੇਗੀ ਇੰਦਰਾ ਗਾਂਧੀ ਦਾ ਰੋਲ

**ਮੁੰਬਈ–** ਕੰਗਨਾ ਰਣੌਤ ਦੀ ਫ਼ਿਲਮ 'ਐਮਰਜੈਂਸੀ' ਵਿਚ ਭਾਰਤ ਦੀ ਪਹਿਲੀ ਔਰਤ ਪ੍ਰਧਾਨ ਮੰਤਰੀ ਦੇ ਰੂਪ ਵਿਚ ਨਜ਼ਰ ਆਵੇਗੀ। ਕੰਗਨਾ ਰਣੌਤ ਨੇ ਆਪਣੇ ਨਿਰਦੇਸ਼ਨ ਵਿਚ ਬਣੀ ਫ਼ਿਲਮ 'ਐਮਰਜੈਂਸੀ' ਦੀ ਰਿਲੀਜ਼ ਡੇਟ ਦਾ ਐਲਾਨ ਕਰ ਦਿੱਤਾ ਹੈ।

ਇਹ ਫ਼ਿਲਮ 24 ਨਵੰਬਰ ਨੂੰ ਵੱਡੇ ਪਰਦੇ 'ਤੇ ਰਿਲੀਜ਼ ਹੋਵੇਗੀ। ਕੰਗਨਾ ਰਣੌਤ ਕਹਿੰਦੀ ਹੈ, "ਫ਼ਿਲਮ 'ਐਮਰਜੈਂਸੀ' ਸਾਡੇ ਇਤਿਹਾਸ ਦੇ ਸਭ ਤੋਂ





ਮਹੱਤਵਪੂਰਨ ਤੇ ਸਭ ਤੋਂ ਕਾਲੇ ਪਾਠਕ੍ਰਮ ਵਿਚੋਂ ਇਕ ਹੈ, ਜਿਸ ਨੂੰ ਨੌਜਵਾਨ ਭਾਰਤ ਨੂੰ ਜਾਣਨ ਦੀ ਲੋੜ ਹੈ।" ਫ਼ਿਲਮ ਦਾ ਨਿਰਦੇਸ਼ਨ ਤੇ ਨਿਰਮਾਣ ਕੰਗਨਾ ਰਣੌਤ ਵਲੋਂ ਮਣੀਕਰਨਿਕਾ ਫ਼ਿਲਮਜ਼ ਦੇ ਬੈਨਰ ਹੇਠ ਕੀਤਾ ਗਿਆ ਹੈ। ਸਕ੍ਰੀਨਪਲੇਅ ਰਿਤੇਸ਼ ਸ਼ਾਹ ਦਾ ਹੈ ਤੇ ਕਹਾਣੀ ਰਣੌਤ ਦੀ ਹੈ। ਫ਼ਿਲਮ 'ਚ ਮਰਹੂਮ ਅਦਾਕਾਰ ਸਤੀਸ਼ ਕੌਸ਼ਿਕ, ਅਨੁਪਮ ਖੇਰ, ਸ਼੍ਰੇਅਸ ਤਲਪੜੇ, ਮਹਿਮਾ ਚੌਧਰੀ ਤੇ ਮਿਲਿੰਦ ਸੋਮਨ ਵੀ ਮੁੱਖ ਭੂਮਿਕਾਵਾਂ ਵਿਚ ਨਜ਼ਰ ਆਉਣਗੇ।

ਕੈਲੀਫੋਰਨੀਆ ਤੋਂ ਹੁਸਨ ਲੜੋਆ ਬੰਗਾ

# ਕੈਨੇਡਾ ਦੇ ਜੰਗਲਾਂ ਵਿੱਚ ਲੱਗੀ ਅੱਗ ਦਾ ਅਮਰੀਕਾ ਵਿਚ ਵੱਡੀ ਪੱਧਰ ਉਪਰ ਅਸਰ

**ਸੈਕਰਾਮੈਂਟੋ, ਕੈਲੀਫੋਰਨੀਆ–** ਕੈਨੇਡਾ ਦੇ ਜੰਗਲਾਂ ਨੂੰ ਲੱਗੀ ਅੱਗ ਦਾ ਕੈਨੇਡਾ ਵਾਸੀਆਂ ਨੂੰ ਸੇਕ ਤਾਂ ਲੱਗ ਹੀ ਰਿਹਾ ਹੈ ਪਰ ਇਸ ਦੇ ਨਾਲ ਹੀ ਗਵਾਂਢੀ ਮੁਲਕ ਅਮਰੀਕਾ ਵੀ ਇਸ ਦੇ ਅਸਰ ਤੋਂ ਬਚ ਨਹੀਂ ਸਕਿਆ। ਅਮਰੀਕਾ ਦੇ ਕਈ ਹਿੱਸਿਆਂ ਵਿਚ ਸਿਹਤ ਲਈ ਹਾਨੀਕਾਰਕ ਵਾਤਾਵਰਣ ਪੈਦਾ ਹੋ ਗਿਆ ਹੈ। ਨੈਸ਼ਨਲ ਵੈਦਰ ਸਰਵਿਸਜ ਅਨੁਸਾਰ ਲੋਵਾ, ਵਿਸਕਾਨਸਿਨ, ਇਲੀਨੋਇਸ, ਇੰਡਿਆਨਾ, ਮਿਸ਼ੀਗਨ, ਡੇਲਾਵੇਅਰ ਤੇ ਮੈਰੀਲੈਂਡ ਵਿਚ ਹਵਾ ਦੀ ਗੁਣਵਤਾ ਨੂੰ ਲੈ ਕੇ ਚਿਤਾਵਨੀ ਦਿੱਤੀ ਗਈ ਹੈ। ਇਸ ਤੋਂ ਇਲਾਵਾ ਕੰਸਾਸ, ਮਿਸੌਰੀ, ਮਿਨੀਸੋਟਾ, ਓਹੀਓ, ਪੈਨਸਿਲਵਾਨੀਆ, ਨਿਊਯਾਰਕ ਤੇ ਵਰਜੀਨੀਆ ਦੇ ਕੁਝ ਹਿੱਸਿਆਂ ਵਿਚ ਵੀ ਚੌਕਸ ਰਹਿਣ ਲਈ ਕਿਹਾ ਗਿਆ ਹੈ। ਇਨਾਂ ਖੇਤਰਾਂ ਵਿਚਲੇ ਵਾਸੀਆਂ ਨੂੰ ਸਲਾਹ ਦਿੱਤੀ ਗਈ ਹੈ ਕਿ ਉਹ ਏਅਰ ਕੰਡੀਸ਼ਨ ਅੰਦਰਾਂ ਵਿਚ ਹੀ ਰਹਿਣ ਤੇ ਬਾਹਰ ਜਾਣ ਸਮੇ ਐਨ 95 ਮਾਸਕ ਪਾਉਣ।

ਬਾਰਿਸ਼ ਨਾ ਪੈਣ ਕਾਰਨ ਕੈਨੇਡਾ ਵਿਚ ਸੈਂਕੜੇ ਥਾਵਾਂ 'ਤੇ ਲੱਗੀ ਅੱਗ ਬੁਝਣ ਦਾ ਨਾਂ ਨਹੀਂ ਲੈ ਰਹੀ ਤੇ ਹੋਰ



ਅੱਗੇ ਫੈਲਦੀ ਜਾ ਰਹੀ ਹੈ। ਕੈਨੇਡੀਅਨ ਇੰਟਰਏਜੰਸੀ ਫਾਰੈਸਟ ਫਾਇਰ ਸੈਂਟਰ ਅਨੁਸਾਰ 200 ਥਾਵਾਂ 'ਤੇ ਲੱਗੀ ਅੱਗ ਨਿਯੰਤਰਣ ਤੋਂ ਬਾਹਰ ਹੋ ਗਈ ਹੈ। ਅੱਗ ਕਾਰਨ ਅਮਰੀਕਾ ਦੇ ਪੂਰਬੀ ਤੱਟ ਉਪਰ ਬਦਲ ਸੰਤਰੀ ਰੰਗ ਦੇ ਹੋ ਗਏ ਹਨ ਤੇ ਹਵਾ ਦੀ ਗੁਣਵਤਾ ਖਰਾਬ ਹੋ ਗਈ ਹੈ। ਖਾਸ ਕਰਕੇ ਮੱਧਪੱਛਮੀ ਖੇਤਰ ਦੇ ਕੁਝ ਹਿੱਸੇ ਬੁਰੀ ਤਰਾਂ ਪ੍ਰਭਾਵਿਤ ਹੋਏ ਹਨ। ਸ਼ਿਕਾਗੋ (ਇਲੀਨੋਇਸ) ਤੇ ਡੈਟਰਾਇਟ (ਮਿਸ਼ੀਗਨ) ਖੇਤਰ ਵਿਚ ਹਵਾ ਦੀ ਗੁਣਵਤਾ ਵਿਸ਼ਵ ਭਰ ਵਿਚ ਸਭ ਤੋਂ ਖਰਾਬ ਹੋ ਗਈ ਹੈ। ਸ਼ਿਕਾਗੋ ਦੇ ਅਸਮਾਨ ਵਿਚ ਗਾੜਾ ਧੂੰਆਂ ਫੈਲ ਗਿਆ ਹੈ ਤੇ ਲੋਕਾਂ ਨੂੰ ਸੜਾਂਦ ਮਾਰਦੀ ਹਵਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਟਰੈਕਰ fiਰੌ.ਗੋਵ ਅਨੁਸਾਰ ਵਿਸਕਾਸਿਨ ਦੇ ਜਿਆਦਾਤਰ ਹਿੱਸੇ, ਮਿਸ਼ੀਗਨ, ਇਲੀਨੋਇਸ, ਇੰਡਿਆਨਾ ਤੇ ਓਹੀਓ ਸਮੇਤ ਸ਼ਿਕਾਗੋ ਦੇ ਆਸ ਪਾਸ ਗਰੇਟ ਲੇਕਸ ਖੇਤਰ ਵਿਚ ਫੈਲੇ ਧੂੰਏਂ ਕਾਰਨ ਸਿਹਤ ਲਈ ਹਾਨੀਕਾਰਕ ਵਾਤਾਵਰਣ ਪੈਦਾ ਹੋ ਗਿਆ ਹੈ। ਇਸੇ ਦੌਰਾਨ ਧੂੰਏਂ ਵਾਲੀਆਂ ਹਵਾਵਾਂ ਨਿਊ ਯਾਰਕ ਵੱਲ ਵਗਣੀਆਂ ਸ਼ੁਰੂ ਹੋ ਗਈਆਂ ਹਨ ਤੇ ਪੱਛਮੀ ਅਤੇ ਕੇਂਦਰੀ ਨਿਊਯਾਰਕ ਦੇ ਹਿੱਸਿਆਂ ਵਿਚ ਹਵਾ ਦੀ ਗੁਣਵਤਾ ਖਰਾਬ ਹੋਣ ਦੀ ਚਿਤਾਵਨੀ ਦਿੱਤੀ ਗਈ ਹੈ ਜਿਸ ਕਾਰਨ ਸਿਹਤ ਉਪਰ ਬੁਰਾ ਪ੍ਰਭਾਵ ਪੈ ਸਕਦਾ ਹੈ। ਚਿਤਾਵਨੀ ਵਿਚ ਕਿਹਾ ਗਿਆ ਹੈ ਕਿ ਪੈਦਾ ਹੋਏ ਹਾਲਾਤ ਦੇ ਮੱਦੇਨਜਰ ਛੋਟੇ ਬੱਚਿਆਂ, ਬਜ਼ੁਰਗਾਂ ਜਾਂ ਜਿਨਾਂ ਲੋਕਾਂ ਨੂੰ ਦਿਲ ਜਾਂ ਫੇਫੜਿਆਂ ਦੀ ਬਿਮਾਰੀ ਹੈ,ਨੂੰ ਅੰਦਰ ਹੀ ਰਹਿਣਾ ਚਾਹੀਦਾ ਹੈ ਤੇ ਬਾਹਰ ਨਿਕਲਣ ਤੋਂ ਬਚਣਾ ਚਾਹੀਦਾ ਹੈ।

## ਵਿਸ਼ਵ ਬੈਂਕ ਦੇ ਪ੍ਰਧਾਨ ਅਜੇ ਬੰਗਾ 'ਗਰੇਟ ਇਮੀਗਰਾਂਟਸ' ਦੀ ਸੂਚੀ ਵਿਚ ਸ਼ਾਮਿਲ

**ਸੈਕਰਾਮੈਂਟੋ, ਕੈਲੀਫੋਰ-ਨੀਆ–** ਕਾਰਨੇਜੀ ਕਾਰਪੋਰੇਸ਼ਨ ਨਿਊਯਾਰਕ ਵੱਲੋਂ ਵਿਸ਼ਵ ਬੈਂਕ ਦੇ ਪ੍ਰਧਾਨ ਅਜੇ ਬੰਗਾ ਨੂੰ ਆਪਣੀ 'ਗਰੇਟ ਇਮੀਗਰਾਂਟਸ-2023' ਸੂਚੀ ਵਿਚ ਸ਼ਾਮਿਲ ਕੀਤਾ ਗਿਆ ਹੈ। ਕਾਰਨੇਜੀ ਕਾਰਪੋਰੇਸ਼ਨ ਦੁਆਰਾ ਇਸ ਸੂਚੀ ਵਿਚ ਪ੍ਰਵਾਸੀਆਂ ਦੀ ਚੋਣ ਉਨਾਂ ਦੁ-ਆਰਾ ਅਮਰੀਕਾ ਦੇ ਵਿਕਾਸ ਵਿਚ ਪਾਏ ਯੋਗਦਾਨ ਦੇ ਆਧਾਰ 'ਤੇ ਕੀਤੀ ਜਾਂਦੀ ਹੈ। ਬੰਗਾ ਜੋ ਇਸ ਸਾਲ ਵਿਸ਼ਵ ਬੈਂਕ ਦੇ 14ਵੇਂ ਪ੍ਰਧਾਨ ਬਣੇ ਸਨ, ਨੂੰ ਵੱਖ ਵੱਖ ਪਿਛੋਕੜ ਤੇ ਖੇਤਰਾਂ ਨਾਲ ਸਬੰਧਤ



ਉਨਾਂ 35 ਸਖਸ਼ੀਅਤਾਂ ਵਿਚ ਸ਼ਾਮਿਲ ਕੀਤਾ ਗਿਆ ਹੈ ਜਿਨਾਂ ਦੇ ਕੰਮਾਂ ਤੇ ਯੋਗਦਾਨ ਨੇ ਅਮਰੀਕੀ ਸਮਾਜ ਤੇ ਲੋਕਤੰਤਰ ਨੂੰ ਅਮੀਰ ਤੇ ਮਜਬੂਤ ਕੀਤਾ ਹੈ। ਮਾਣਮਤੀ ਕਾਰਨੇਜੀ ਸੂਚੀ ਵਿਚ ਸ਼ਾਮਿਲ ਹੋਣ ਵਾਲੇ ਬੰਗਾ ਪਹਿਲੇ ਭਾਰਤੀ ਅਮਰੀਕੀ ਹਨ ਜਿਸ ਸੂਚੀ ਵਿਚ 2006 ਤੋਂ ਲੈ ਕੇ ਹੁਣ ਤੱਕ 700 'ਗਰੇਟ ਇਮੀਗਰਾਂਟਸ' ਨੂੰ ਸ਼ਾਮਿਲ ਕੀਤਾ ਜਾ ਚੁੱਕਾ ਹੈ।

## ਅਮਰੀਕਾ ਵਿਚ ਕਾਲੇ ਵਿਅਕਤੀਆਂ 'ਤੇ ਤਸ਼ੱਦਦ ਕਰਨ ਦੇ ਮਾਮਲੇ ਵਿਚ 6 ਗੋਰੇ ਪੁਲਿਸ ਅਫਸਰ ਬਰਖਾਸਤ

**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕਾ ਦੇ ਮਿਸੀਸਿੱਪੀ ਰਾਜ ਵਿਚ ਰੈਨਕਿਨ ਕਾਊਂਟੀ ਸ਼ੈਰਿਫ ਦਫਤਰ ਵੱਲੋਂ ਆਪਣੇ 6 ਡਿਪਟੀਆਂ ਨੂੰ 2 ਕਾਲੇ ਵਿਅਕਤੀਆਂ 'ਤੇ ਤੱਸ਼ਦਦ ਕਰਨ ਦੇ ਮਾਮਲੇ ਵਿਚ ਬਰਖਾਸਤ ਕਰ ਦੇਣ ਦੀ ਖਬਰ ਹੈ। ਪੁਲਿਸ ਅਫਸਰਾਂ ਵਿਰੁੱਧ ਇਹ ਕਾਰਵਾਈ ਕਾਲੇ ਵਿਅਕਤੀਆਂ ਵੱਲੋਂ ਇਕ ਸੰਘੀ ਅਦਾਲਤ ਵਿਚ ਮਨੁੱਖੀ ਹੱਕਾਂ ਬਾਰੇ ਪਟੀਸ਼ਨ ਦਾਇਰ ਕਰਨ ਦੇ ਦੋ ਹਫਤੇ ਬਾਅਦ ਕੀਤੀ ਗਈ ਹੈ। ਪਟੀਸ਼ਨ ਵਿਚ ਦੋਸ਼ ਲਾਇਆ ਗਿਆ ਹੈ ਕਿ 6 ਡਿਪਟੀਆਂ ਨੇ ਉਨਾਂ ਦੀ ਨਿੱਜੀ ਰਿਹਾਇਸ਼ ਵਿਚ ਗੈਰ ਕਾਨੂੰਨੀ ਢੰਗ ਨਾਲ ਦਾਖਲ ਹੋ ਕੇ ਉਨਾਂ ਉਪਰ ਤਕਰੀਬਨ 2 ਘੰਟੇ ਤਸ਼ੱਦਦ ਕੀਤਾ । ਰੈਨਕਿਨ ਕਾਊਂਟੀ ਦੇ ਸ਼ੈਰਿਫ ਬਰਾਇਨ ਬੇਲੇ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਤਾਜਾ ਘਟਨਾਕ੍ਰਮ ਤੇ ਸਾਡੀ ਅੰਦਰੂਨੀ ਜਾਂਚ ਦੇ ਮੱਦੇਨਜਰ ਡਿਪਟੀਆਂ ਨੂੰ ਬਰਖਾਸਤ ਕਰ ਦਿੱਤਾ ਗਿਆ ਹੈ। ਸ਼ੈਰਿਫ ਨੇ ਨਾ ਹੀ ਬਰਖਾਸਤ ਕੀਤੇ ਡਿਪਟੀਆਂ ਦੀ ਗਿਣਤੀ ਤੇ ਨਾ ਹੀ ਉਨਾਂ ਦੇ ਨਾਵਾਂ ਦਾ ਖੁਲਾਸਾ ਕੀਤਾ ਹੈ। ਉਨਾਂ ਕਿਹਾ ਕਿ ਡਿਪਟੀ ਇਸ ਵੇਲੇ ਪ੍ਰਸ਼ਾਸਨਿਕ ਛੁੱਟੀ 'ਤੇ ਹਨ। ਸ਼ੈਰਿਫ ਨੇ ਡਿਪਟੀਆਂ ਵਿਰੁੱਧ ਦੋਸ਼ਾਂ ਬਾਰੇ ਕੁਝ ਕਹਿਣ ਤੋਂ ਵੀ ਨਾਂਹ ਕਰ ਦਿੱਤੀ। ਦਾਇਰ ਪਟੀਸ਼ਨ ਵਿਚ ਕਾਲੇ ਵਿਅਕਤੀਆਂ ਮਿਸ਼ੈਲ ਜੈਨਕਿਨਸ ਤੇ ਐਡੀ ਪਾਰਕਰ ਨੇ ਦੋਸ਼ ਲਾਇਆ ਹੈ ਕਿ ਇਸ ਸਾਲ 24 ਜਨਵਰੀ ਨੂੰ 6 ਡਿਪਟੀ ਉਨਾਂ ਦੇ ਬਰੈਕਸਟਨ ਵਿਚਲੇ ਘਰ ਵਿਚ ਬਿਨਾਂ ਵਾਰੰਟ ਜਬਰਨ ਦਾਖਲ ਹੋਏ। ਡਿਪਟੀਆਂ ਨੇ ਉਨਾਂ ਦੇ ਹੱਥਕੜੀਆਂ ਲਾ ਕੇ ਉਨਾਂ ਦੇ ਠੁੱਡੇ ਮਾਰੇ ਤੇ ਵਾਰ ਵਾਰ ਟੀਜ਼ਰ ਦੀ ਵਰਤੋਂ ਕੀਤੀ। ਉਨਾਂ ਦੇ ਜਿਣਸੀ ਸ਼ੋਸ਼ਣ ਦੀ ਵੀ ਕੋਸ਼ਿਸ਼ ਕੀਤੀ ਗਈ। ਯੂ ਐਸ ਡਿਸਟ੍ਰਿਕਟ ਕੋਰਟ ਮਿਸੀਸਿੱਪੀ ਵਿਚ ਦਾਇਰ ਪਟੀਸ਼ਨ ਵਿੱਚ ਸ਼ੈਰਿਫ ਤੇ 6 ਡਿਪਟੀਆਂ ਨੂੰ ਦੋਸ਼ੀ ਬਣਾਇਆ ਗਿਆ ਹੈ ਤੇ 40 ਕਰੋੜ ਡਾਲਰ ਦਾ ਮਾਣਹਾਨੀ ਦਾਅਵਾ ਕੀਤਾ ਗਿਆ ਹੈ।



## ਮੋਦੀ ਨੂੰ ਸਵਾਲ ਪੁੱਛਣ ਵਾਲੀ ਪੱਤਰਕਾਰ ਨੂੰ ਪ੍ਰੇਸ਼ਾਨ ਕਰਨਾ ਪ੍ਰਵਾਨ ਨਹੀਂ-ਵਾਈਟ ਹਾਊਸ

**ਸੈਕਰਾਮੈਂਟੋ, ਕੈਲੀਫੋਰਨੀਆ–** ਵਾਈਟ ਹਾਊਸ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਮਰੀਕਾ ਦੌਰੇ ਦੌਰਾਨ ਉਨਾਂ ਦੀ ਅਮਰੀਕੀ ਰਾਸ਼ਟਰ-ਪਤੀ ਜੋ ਬਾਈਡਨ ਨਾਲ ਸਾਂਝੀ ਪ੍ਰੈਸ ਕਾਨਫਰੰਸ ਦੌਰਾਨ ਭਾਰਤ ਵਿਚ ਧਾਰਮਿੱਕ ਅਧਿਕਾਰਾਂ ਤੇ ਬੋਲਣ ਦੀ ਆਜ਼ਾਦੀ ਬਾਰੇ ਸਵਾਲ ਪੁੱਛਣ ਵਾਲੀ ਵਾਲ ਸਟਰੀਟ ਦੀ ਪੱਤਰਕਾਰ ਸਬਰੀਨਾ ਸਦੀਕੀ ਨੂੰ ਪ੍ਰੇਸ਼ਾਨ ਕਰਨਾ ਕਿਸੇ ਵੀ ਹਾਲਤ ਵਿਚ ਪ੍ਰਵਾਨ ਨਹੀਂ ਹੈ। ਵਾਈਟ ਹਾਊਸ ਨੈਸ਼ਨਲ ਸਕਿਉਰਿਟੀ ਕੌਂਸਲ ਦੇ ਬੁਲਾਰੇ ਜੌਹਨ ਕਿਰਬੀ ਨੂੰ ਜਦੋਂ ਇਕ ਪ੍ਰੈਸ ਮਿਲਣੀ ਦੌਰਾਨ ਪੁੱਛਿਆ ਗਿਆ ਕਿ ਸਦੀਕੀ ਨੂੰ ਆਨ ਲਾਈਨ ਬਹੁਤ ਬੁਰੀ ਤਰਾਂ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ, ਇਸ ਬਾਰੇ ਤੁਸੀਂ ਕੀ ਕਹਿਣਾ ਚੁਹੰਦੇ ਹੋ ਤਾਂ ਉਨਾਂ ਕਿਹਾ ਕਿ ਅਸੀਂ ਅਜਿਹੀਆਂ ਰਿਪੋਰਟਾਂ ਤੋਂ ਜਾਣੂ ਹਾਂ, ਅਜਿਹਾ ਪ੍ਰਵਾਨ ਨਹੀਂ ਹੈ ਤੇ ਅਸੀਂ ਪੱਤਰਕਾਰ ਨੂੰ ਕਿਸੇ ਵੀ ਹਾਲਤ ਵਿਚ ਪ੍ਰੇਸ਼ਾਨ ਕਰਨ ਦੀ ਸਖਤ ਨਿੰਦਾ ਕਰਦੇ ਹਾਂ। ਵਾਈਟ ਹਾਊਸ ਦੇ ਪ੍ਰੈਸ ਸਕੱਤਰ ਕਰਾਈਨ ਜੀਨ ਪੀਰ ਨੇ ਵੀ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਅਸੀਂ ਪ੍ਰੈਸ ਦੀ ਆਜ਼ਾਦੀ ਪ੍ਰਤੀ ਦ੍ਰਿੜ ਸੰਕਲਪ ਹਾਂ ਤੇ ਪੱਤਰਕਾਰ ਨੂੰ ਡਰਾਉਣ ਧਮਕਾਉਣ ਤੇ ਪ੍ਰੇਸ਼ਾਨ ਕਰਨ ਦੀ ਕਿਸੇ ਵੀ ਕੋਸ਼ਿਸ਼ ਦੀ ਨਿੰਦਾ ਕਰਦੇ ਹਾਂ।

## ਕੈਲੀਫੋਰਨੀਆ ਵਿਚ ਇਕ ਯਾਤਰੀ ਰੇਲ ਗੱਡੀ ਦੇ ਟਰੱਕ ਨਾਲ ਟਕਰਾਉਣ ਕਾਰਨ 16 ਲੋਕ ਜ਼ਖਮੀ

**ਸੈਕਰਾਮੈਂਟੋ, ਕੈਲੀਫੋਰਨੀਆ–** ਦੱਖਣੀ ਕੈਲੀਫੋਰਨੀਆ ਵਿਚ ਇਕ ਯਾਤਰੀ ਰੇਲ ਗੱਡੀ ਦੇ ਟਰੱਕ ਨਾਲ ਟਕਰਾਉਣ ਕਾਰਨ ਘੱਟੋ ਘੱਟ 16 ਲੋਕਾਂ ਦੇ ਜ਼ਖਮੀ ਹੋਣ ਦੀ ਖਬਰ ਹੈ। ਟਰੱਕ ਨਾਲ ਟਕਰਾਉਣ ਉਪਰੰਤ ਰੇਲ ਗੱਡੀ ਅੰਸ਼ਕ ਰੂਪ ਵਿਚ ਪੱਟੜੀ ਤੋਂ ਲਹਿ ਗਈ ਜਦ ਕਿ ਟਰੱਕ ਪੂਰੀ ਤਰਾਂ ਤਬਾਹ ਹੋ ਗਿਆ। ਸਥਾਨਕ ਅਧਿਕਾਰੀਆਂ



ਅਨੁਸਾਰ ਇਸ ਹਾਦਸੇ ਕਾਰਨ ਰੇਲ ਪੱਟੜੀ ਉਪਰ ਆਵਾਜਾਈ ਰੋਕ ਦਿੱਤੀ ਗਈ।

ਵੈਂਟੂਰਾ ਕਾਊਂਟੀ ਫਾਇਰ ਵਿਭਾਗ ਅਨੁਸਾਰ ਟਰੱਕ ਦੇ ਡਰਾਈਵਰ ਨੂੰ ਟਰੌਮਾ ਸੈਂਟਰ ਵਿਚ ਦਾਖਲ ਕਰਵਾਇਆ ਗਿਆ ਹੈ ਜਦ ਕਿ ਇਕ ਹੋਰ ਯਾਤਰੀ ਨੂੰ ਮੈਡੀਕਲ ਸੈਂਟਰ ਲਿਜਾਇਆ ਗਿਆ ਹੈ। ਬਾਕੀ 14 ਯਾਤਰੀਆਂ ਦੇ ਮਾਮਲੀ ਸੱਟਾਂ ਵੱਜੀਆਂ ਹਨ। ਵਿਭਾਗ ਨੇ ਕਿਹਾ ਹੈ ਕਿ ਕੋਸਟ ਸਟਾਰਲਾਈਟ ਟਰੇਨ ਦੇ ਬਾਕੀ ਯਾਤਰੀ ਸੁਰੱਖਿਅਤ ਹਨ। ਰੇਲ ਸੇਵਾਵਾਂ ਦੇ ਆਪਰੇਟਰ ਐਮਟਰੈਕ ਨੇ ਕਿਹਾ ਹੈ ਕਿ ਟਰੇਨ ਨੰਬਰ 14 ਲਾਸ ਏਂਜਲਸ ਤੋਂ ਸੀਆਟਲ ਜਾ ਰਹੀ ਜਦੋਂ ਸਵੇਰੇ 11.15 ਵਜੇ ਮੂਰਪਾਰਕ, ਕੈਲੀਫੋਰਨੀਆ ਵਿਖੇ ਪੱਟੜੀ ਉਪਰ ਖੜੇ ਟਰੱਕ ਨਾਲ ਟਕਰਾ ਗਈ। ਐਮਟਰੈਕ ਅਨੁਸਾਰ ਰੇਲ ਗੱਡੀ ਅੰਸ਼ਕ ਰੂਪ ਵਿਚ ਪੱਟੜੀ ਤੋਂ ਲੱਥੀ ਹੈ ਤੇ ਉਹ ਸਿੱਧੀ ਖੜੀ ਹੈ। ਐਮਟਰੈਕ ਅਨੁਸਾਰ ਰੇਲ ਗੱਡੀ ਵਿਚ ਕੁਲ 198 ਯਾਤਰੀ ਤੇ 13 ਅਮਲੇ ਦੇ ਮੈਂਬਰ ਸਵਾਰ ਸਨ। ਉਨਾਂ ਕਿਹਾ ਕਿ ਯਾਤਰੀਆਂ ਲਈ ਬਦਲਵੇਂ ਆਵਾਜਾਈ ਦੇ ਸਾਧਨਾਂ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ।

## ਭਾਰਤੀ ਮੂਲ ਦੇ ਕੇਨ ਮੈਥੀਊ ਨੇ ਅਮਰੀਕਾ ਦੇ ਸਟਾਫੋਰਡ ਸ਼ਹਿਰ ਦੇ ਮੇਅਰ ਵਜੋਂ ਸਹੁੰ ਚੁੱਕੀ

**ਸੈਕਰਾਮੈਂਟੋ, ਕੈਲੀਫੋਰਨੀਆ–** ਕੇਰਲਾ ਵਿੱਚ ਪੈਦਾ ਹੋਏ ਭਾਰਤੀ - ਅਮਰੀਕੀ ਕੇਨ ਮੈਥੀਊ ਨੇ ਸਟਾਫੋਰਡ (ਟੈਕਸਾਸ) ਦੇ ਮੇਅਰ ਵਜੋਂ ਸਹੁੰ ਚੁੱਕੀ। ਸਾਬਕਾ ਸਟਾਫੋਰਡ ਸਿਟੀ ਕੌਂਸਲ ਮੈਂਬਰ ਮੈਥੀਊ ਨੂੰ ਅਹੁੱਦੇ ਦੀ ਸਹੁੰ ਉਨਾਂ ਦੇ ਹੀ ਹਮ ਰੁੱਤਬਾ ਇਕ ਹੋਰ ਭਾਰਤੀ- ਅਮਰੀਕੀ ਮਿਸੌਰੀ ਸਿਟੀ ਮੇਅਰ ਰਾਬਿਨ ਈਲੈਕਟ ਨੇ ਚੁੱਕਾਈ। ਹੋਏ ਵਿਸ਼ੇਸ਼ ਸਹੁੰ ਚੁੱਕ ਸਮਾਗਮ ਵਿਚ ਮੈਥੀਊ ਦੇ ਪਰਿਵਾਰਕ ਮੈਂਬਰ ਤੇ ਚੋਟੀ ਦੇ ਅਧਿਕਾਰੀ ਸ਼ਾਮਿਲ ਹੋਏ। ਮੈਥੀਊ ਨੇ ਮੌਜੂਦਾ ਮੇਅਰ ਸੀਸਿਲ ਵਿਲਜ ਨੂੰ 16



ਵੋਟਾਂ ਨਾਲ ਹਰਾ ਕੇ ਇਤਿਹਾਸ ਸਿਰਜਿਆ ਹੈ। ਉਨਾਂ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਪ੍ਰਮਾਤਮਾ ਦੀ ਕਿਰਪਾ ਨਾਲ ਉਹ ਇਸ ਮੁਕਾਮ 'ਤੇ ਪੁੱਜੇ ਹਨ। ਮੈਥਿਊ ਪਹਿਲੀ ਵਾਰ ਸਟਾਫੋਰਡ ਕੌਂਸਲ ਲਈ ਚੁਣੇ ਗਏ ਸਨ। ਓਦੋਂ ਤੋਂ ਹੀ ਉਹ ਕੌਂਸਲ ਵਿਚ ਆਪਣੀ ਸੇਵਾਵਾਂ ਨਿਭਾਅ ਰਹੇ ਹਨ। ਇਸ ਤੋਂ ਪਹਿਲਾਂ ਉਨਾਂ ਨੇ ਸ਼ਹਿਰ ਦੇ ਪਲੈਨਿੰਗ ਐਂਡ ਜ਼ੋਨਿੰਗ ਕਮਿਸ਼ਨ ਵਿਚ ਵੀ ਕਈ ਸਾਲਾ ਸੇਵਾਵਾਂ ਨਿਭਾਈਆਂ ਹਨ। ਮੈਥਿਊ ਯੂਨੀਵਰਸਿਟੀ ਆਫ ਬੰਬੇ ਤੋਂ ਡਿਗਰੀ ਕਰਨ ਉਪਰੰਤ 1970 ਵਿਆਂ ਵਿਚ ਅਮਰੀਕਾ ਚਲੇ ਗਏ ਸਨ। ਐਮ ਬੀ ਏ ਪਾਸੇ ਮੈਥੀਊ 1982 ਤੋਂ ਸਟਾਫੋਰਡ ਵਿਚ ਰਹਿ ਰਹੇ ਹਨ। ਭਾਰਤੀ ਅਮਰੀਕੀ ਫੋਰਟ ਬੈਂਡ ਕਾਊਂਟੀ ਜੱਜ ਕੇ ਪੀ ਜਾਰਜ ਸਮੇਤ ਅਨੇਕਾਂ ਹੋਰਨਾਂ ਨੇ ਮੈਥੀਊ ਨੂੰ ਮੇਅਰ ਬਣਨ 'ਤੇ ਵਧਾਈਆਂ ਦਿੱਤੀਆਂ ਹਨ।

## ਕੈਲੀਫੋਰਨੀਆ ਵਾਸੀ ਔਰਤ ਨੂੰ ਝੂਠ ਬੋਲਣ ਦੇ ਮਾਮਲੇ ਵਿਚ 90 ਦਿਨਾਂ ਦੀ ਕੈਦ

**ਸੈਕਰਾਮੈਂਟੋ, ਕੈਲੀਫੋਰਨੀਆ–** ਕੈਲੀਫੋਰਨੀਆ ਵਾਸੀ ਇਕ ਔਰਤ ਜਿਸ ਨੇ ਇਕ ਜੋੜੇ ਉਪਰ ਦੋਸ਼ ਲਾਇਆ ਸੀ ਕਿ ਉਨਾਂ ਨੇ ਉਸ ਦੇ ਬੱਚੇ ਅਗਵਾ ਕਰਨ ਦੀ ਕੋਸ਼ਿਸ਼ ਕੀਤੀ ਹੈ, ਨੂੰ ਇਕ ਅਦਾਲਤ ਨੇ ਝੂਠ ਬੋਲਣ ਲਈ 90 ਦਿਨਾਂ ਦੀ ਕੈਦ ਦੀ ਸਜ਼ਾ ਸੁਣਾਈ ਹੈ। ਇਹ ਜਾਣਕਾਰੀ ਸੋਨੋਮਾ ਕਾਊਂਟੀ ਡਿਸਟ੍ਰਿਕਟ ਅਟਾਰਨੀ ਦੇ ਦਫਤਰ ਨੇ ਦਿੱਤੀ ਹੈ। ਅਦਾਲਤ ਨੇ ਕੈਥਲੀਨ ਸੋਰੇਨਸਨ ਨਾਮੀ 31 ਸਾਲਾ ਔਰਤ ਨੂੰ ਅਪਰਾਧ ਦੀ ਝੂਠੀ ਰਿਪੋਰਟ ਦਰਜ ਕਰਵਾਉਣ ਲਈ ਦੋਸ਼ੀ ਕਰਾਰ ਦਿੱਤਾ। ਪ੍ਰਾਪਤ ਜਾਣਕਾਰੀ ਅਨੁਸਾਰ ਦਸੰਬਰ 2020 ਵਿਚ ਸੋਰੇਨਸਨ ਆਪਣੇ 2 ਬੱਚਿਆਂ ਨਾਲ ਪੇਟਾਲੂਮਾ, ਕੈਲੀਫੋਰਨੀਆ ਵਿਚ ਇਕ ਮਾਈਕਲ ਕਰਾਫਟ ਸਟੋਰ ਵਿੱਚ ਖਰੀਦਦਾਰੀ ਕਰਨ ਲਈ ਗਈ ਸੀ। ਸੋਨੋਮਾ ਕਾਊਂਟੀ ਪ੍ਰਾਸੀਕਿਊਟਰਜ ਵੱਲੋਂ ਜਾਰੀ ਬਿਆਨ ਅਨੁਸਾਰ ਖਰੀਦਦਾਰੀ ਕਰਨ ਉਪਰੰਤ ਸੋਰੇਨਸਨ ਆਪਣੇ ਦੋ ਬੱਚਿਆਂ ਨਾਲ ਉਥੋਂ ਚਲੀ ਗਈ ਸੀ ਪਰੰਤੂ ਕੁਝ ਮਿੰਟਾਂ ਬਾਅਦ ਉਸ ਨੇ ਪੇਟਾਲੂਮਾ ਪੁਲਿਸ ਵਿਭਾਗ ਨੂੰ ਫੋਨ ਕਰਕੇ ਦੱਸਿਆ ਕਿ ਇਕ ਜੋੜੇ ਨੇ ਉਸ ਦੇ ਬੱਚਿਆਂ ਨੂੰ ਅਗਵਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਸੋਰੇਨਸਨ ਨੇ ਸਟੋਰ ਦੀ ਇਕ ਵੀਡੀਓ ਵਿਚ ਉਸ ਜੋੜੇ ਦੀ ਪਛਾਣ ਵੀ ਕੀਤੀ ਜਿਸ ਨੇ ਬੱਚਿਆਂ ਨੂੰ ਅਗਵਾ ਕਰਨ ਦੀ ਕੋਸ਼ਿਸ਼ ਕੀਤੀ ਸੀ। ਪੁਲਿਸ ਅਨੁਸਾਰ ਡੂੰਘਾਈ ਨਾਲ ਜਾਂਚ ਪੜਤਾਲ ਉਪਰੰਤ ਸੋਰੇਨਸਨ ਦੀ ਕਹਾਣੀ ਝੂਠੀ ਨਿਕਲੀ।



# ਪੰਜਾਬੀ ਲਿਖਾਰੀ ਸਭਾ ਸਿਆਟਲ (ਰਜਿ.) ਵੱਲੋਂ ਸਾਹਿਤਕ ਪ੍ਰੋਗਰਾਮ ਵਿਚ ਗੀਤ-ਸੰਗੀਤ, ਕਾਵਿ ਮਹਿਫਲ ਤੇ ਰੂ-ਬ-ਰੂ






**ਸਿਆਟਲ–** ਮਾਂ ਬੋਲੀ ਪੰਜਾਬੀ ਨੂੰ ਸਮਰਪਿਤ ਅਤੇ ਉਸਦੇ ਸਰਵਪੱਖੀ ਵਿਕਾਸ ਲਈ ਪੰਜਾਬੀ ਲਿਖਾਰੀ ਸਭਾ ਸਿਆਟਲ (ਰਜਿ.) ਵੱਲੋਂ ਇਕ ਸਾਹਿਤਕ ਪ੍ਰੋਗਰਾਮ ਸਭਾ ਦੇ ਸਾਬਕਾ ਪ੍ਰਧਾਨ ਅਵਤਾਰ ਸਿੰਘ ਆਦਮਪੁਰੀ ਜੀ ਦੇ ਨਵੇਂ ਗ੍ਰਹਿ ਵਿਖੇ ਜੂਨ 25,2023 ਨੂੰ ਕੀਤਾ ਗਿਆ। ਉਥੇ ਪੰਜਾਬੀ ਸਾਹਿਤਕਾਰ ਨਾਵਲਿਸਟ ਮਹਿੰਦਰਪਾਲ ਸਿੰਘ ਧਾਲੀਵਾਲ ਯੂ.ਕੇ, ਮਾਂ ਬੋਲੀ ਪੰਜਾਬੀ ਦੀ ਝੋਲੀ ਅਨੇਕਾਂ ਕਾਵਿ-ਪੁਸਤਕਾਂ ਪਾ ਚੁੱਕੇ ਮਹਿੰਦਰਪਾਲ ਸਿੰਘ ਪਾਲ ਕੈਨੇਡਾ ਅਤੇ ਪੰਜਾਬ-ਪੰਜਾਬੀ-ਪੰਜਾਬੀਅਤ ਦਾ ਮੁਜੱਸਮਾ ਭੈਣ ਕੁਲਵੰਤ ਕੌਰ ਢਿਲੋਂ ਯੂ. ਕੇ., ਮਾਂ ਬੋਲੀ ਪੰਜਾਬੀ ਦੀ ਬੇਟੀ ਯਸ਼ ਸਾਥੀ ਯੂ.ਕੇ. ਨੇ ਸ਼ਿਰਕਤ ਕੀਤੀ। ਸਾਹਿਤਕ ਗੀਤਾਂ ਦੇ ਗਾਇਕ ਮਚਲਾ ਜੱਟ ਯੂ.ਐਸ.ਏ. ਅੱਜ ਦੇ ਸਮਾਗਮ ਦੀ ਸ਼ਾਨ ਸਨ।

ਸਭਾ ਦੇ ਸਕੱਤਰ ਡਾ. ਸੁਖਵੀਰ ਬੀਹਲਾ ਨੇ ਪੰਜਾਬੀ ਨੂੰ ਪਿਆਰ ਕਰਨ ਵਾਲੇ ਸੱਜਣਾਂ ਦੇ ਆਗਮਨ ਤੇ ਅਦਬੀ-ਸਤਿਕਾਰ ਦਾ ਇਜ਼ਹਾਰ ਕਰਦਿਆਂ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ।ਸਭਾ ਦੇ ਪ੍ਰਧਾਨ ਹਰਪਾਲ ਸਿੱਧੂ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ, ਸਮਾਗਮ ਦੀ ਰੂਪ-ਰੇਖਾ ਸਾਂਝੀ ਕੀਤੀ ਅਤੇ ਸਭਾ ਦੀਆਂ ਗਤੀ ਵਿਧੀਆਂ ਬਾਰੇ ਚਾਨਣਾ ਪਾਇਆ।

'ਬਾਗੀ ਹੋਈ ਪੌਣ, ਸੋਫੀਆ, ਨਹੀਂ ਸੁਕਣੇ ਕਦੇ ਦਰਿਆ, ਪਿਉਂਦ ਤੋਂ ਪਹਿਲਾਂ, ਨਾਥਾਵੇਂ 'ਆਦਿ ਅਨੇਕਾਂ ਲਿਖੇ ਆਪਣੇ ਨਾਵਲਾਂ ਦੇ ਵਿਸ਼ਿਆਂ ਬਾਰੇ ਗੱਲ ਕਰਦਿਆਂ ਮਹਿੰਦਰਪਾਲ ਸਿੰਘ ਧਾਲੀਵਾਲ ਨੇ ਦੱਸਿਆ ਕਿ ਉਹਨਾਂ ਦੇ ਨਾਵਲਾਂ ਦੇ ਵਿਸ਼ੇ ਜ਼ਿਆਦਾ ਕਰਕੇ ਇਤਿਹਾਸਕ ਹਨ ਜਦੋਂ ਕਿ 'ਗਦਰ ਪਾਰਟੀ ਲਹਿਰ', 'ਨਕਸਲਾਈਟ ਮੂਵਮੈਂਟ' ਅਤੇ ਬਰਤਾਨੀਆਂ ਸਮਾਜ ਦੀ ਦਿਸ਼ਾ ਅਤੇ ਦਸ਼ਾ ਆਦਿ ਦੀ ਚਰਚਾ ਵੀ ਉਸਦੇ ਨਾਵਲਾਂ ਵਿੱਚ ਹੈ।ਉਹਨਾਂ ਦੀਆਂ ਕਈ ਪੁਸਤਕਾਂ ਅੰਗਰੇਜ਼ੀ ਵਿੱਚ ਵੀ ਹਨ। ਚਰਚਿਤ ਕਹਾਣੀਆਂ ਦੀ ਕਿਤਾਬ ਵੀ ਉਹਨਾਂ ਦੀ ਪ੍ਰਾਪਤੀ ਹੈ।

ਗੀਤਾਂ ਤੋਂ ਸਫ਼ਰ ਸ਼ੁਰੂ ਕਰਕੇ ਕਵਿਤਾਵਾਂ, ਗ਼ਜ਼ਲਾਂ ਆਦਿ ਦੇ ਕਈ ਸੰਗ੍ਰਹਿ ਜਿਵੇਂ ਨਵੇਂ ਸਵੇਰ ਨਵੀਆਂ ਮਹਿਕਾਂ, ਖ਼ਾਮੋਸ਼ੀਆਂ, ਆਲ੍ਹਣਾ, ਨਵ ਤਰੰਗ ਆਦਿ ਤੋਂ ਬਾਅਦ ਨਵੇਂ ਛਪੇ ਕਾਵਿ-ਸੰਗ੍ਰਹਿ ਤ੍ਰਿਵੇਣੀ ਦੀਆਂ ਗ਼ਜ਼ਲਾਂ, ਕਵਿਤਾਵਾਂ, ਰੁਬਾਈਆਂ ਦੀ ਵਿਲੱਖਣ ਸ਼ੈਲੀ ਨਾਲ ਲੋਕ ਮਨਾਂ ਵਿੱਚ ਜਗਾਹ ਬਣਾ ਬੈਠੇ ਮਹਿੰਦਰਪਾਲ ਸਿੰਘ ਪਾਲ ਕੈਨੇਡਾ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਆਪਣੀਆਂ ਗ਼ਜ਼ਲਾਂ ਦੇ ਕਈ ਕਾਬੁਲ ਏ ਗੌਰ ਸ਼ੇਅਰ ਸਰੋਤਿਆਂ ਨਾਲ ਸਾਂਝੇ ਕੀਤੇ।

ਸਾਹਿਤ ਕਲਾ ਕੇਂਦਰ ਯੂ.ਕੇ.ਦੀ ਪ੍ਰਧਾਨਾ ਅਤੇ ਔਰਤ-ਸੰਵੇਦਨਾਵਾਂ ਦੀ ਤਰਜਮਾਨੀ ਕਰਨ ਵਾਲੀ ਲੋਕ-ਲੇਖਿਕਾ ਕੁਲਵੰਤ ਕੌਰ ਢਿਲੋਂ ਬਰਤਾਨੀਆ ਵਿੱਚ ਰੇਡੀਓ-ਹੋਸਟ ਵੀ ਹੈ। ਪੰਜਾਬੀ ਲਿਖਾਰੀ ਸਭਾ ਨਾਲ ਦਿਲੀ-ਸਾਂਝ ਦਾ ਜ਼ਿਕਰ ਕਰਦਿਆਂ ਉਹਨਾਂ ਆਪਣੀ ਮਸ਼ਹੂਰ ਕਵਿਤਾ- 'ਮੈਂ ਨਹੀਂ ਕੋਈ ਮੀਰਾ ਜੋ ਜ਼ਹਿਰ ਪਿਆਲਾ ਪੀ ਜਾਵਾਂ' ਦੇ ਰਾਹੀਂ ਔਰਤਾਂ ਨੂੰ ਅਗਾਂਹਵਧੂ ਸੋਚ ਅਪਨਾਉਣ ਲਈ ਪ੍ਰੇਰਿਆ। ਮਾਨਸਿਕ ਅਤੇ ਸਾਹਿਤਕ ਤੌਰ ਤੇ ਸਿਆਟਲ ਸ਼ਹਿਰ ਨਾਲ ਜੁੜੀ, ਯ.ਕੇ. ਵਿੱਚ ਵੱਸਦੀ ਸ਼੍ਰੀਮਤੀ ਯਸ਼ ਸਾਥੀ ਸੁਪਤਨੀ ਸਵਰਗਵਾਸੀ ਸਾਥੀ ਲੁਧਿਆਣਵੀ, ਜੀ ਨੇ ਸਾਥੀ ਜੀ ਦੀਆਂ ਗ਼ਜ਼ਲਾਂ ਦੇ ਕੁਝ ਸ਼ੇਅਰ ਬੋਲ ਕੇ ਯਾਦਾਂ ਨੂੰ ਤਾਜ਼ਾ ਕੀਤਾ।ਸਭਾ ਦੇ ਸੱਦੇ ਤੇ ਵਿਸ਼ੇਸ਼ ਤੌਰ ਤੇ ਪਹੁੰਚੇ, ਲੋਕ ਗਾਇਕ ਯਮਲਾ ਜੱਟ ਜੀ ਦੇ ਸ਼ਾਗਿਰਦ, ਮਚਲਾ ਜੱਟ (ਬਲਜਿੰਦਰ ਪਾਲ ਧਾਮੀ), ਨੇ ਆਪਣੀ ਤੂੰਬੀ ਦਾ ਕਮਾਲ ਵਿਖਾਉਦਿਆਂ ਕਈ ਮਸ਼ਹੂਰ ਗੀਤ- ਜੰਗਲ ਦੇ ਵਿੱਚ ਖੂਹਾ ਲਵਾ ਦੇ, ਜਿੰਦੂਆ, ਤੇਰੇ ਨੀ ਕਰਾਰਾਂ....., ਅਤੇ ਇਕ ਰੁਬਾਈ ਦੇ ਨਾਲ ਸੱਭ ਨੂੰ ਮੰਤਰ ਮੁਗਧ ਕਰ ਦਿੱਤਾ, ਢੋਲਕੀ ਤੇ ਸਾਥ ਬਲਕਾਰ ਸਿੰਘ ਨੇ ਦਿੱਤਾ।ਸਟੇਜ ਸਕੱਤਰ ਦੀ ਡਿਊਟੀ ਨੂੰ ਬਾਖ਼ੂਬੀ ਨਿਭਾਉਦਿਆਂ ਡਾ.ਸੁਖਵੀਰ ਸਿੰਘ ਬੀਹਲਾ ਜੀ ਨੇ ਸਮੇਂ ਸਮੇਂ ਲੋੜ ਮੁਤਾਬਿਕ ਸਾਹਿਤਕ ਅਤੇ ਕਾਵਿਕ ਸ਼ਬਦਾਂ, ਨਜ਼ਮਾਂ ਨਾਲ ਸਮਾਗਮ ਦੀ ਰੌਚਕਿਤਾ ਨੂੰ ਕਾਇਮ ਰੱਖਿਆ। ਕਵੀ ਦਰਬਾਰ ਵਿੱਚ ਸਭਾ ਦੇ ਸਰਪ੍ਰਸਤ ਸ਼ਿੰਗਾਰ ਸਿੰਘ ਸਿੱਧੂ ,ਅਵਤਾਰ ਸਿੰਘ ਆਦਮਪੁਰੀ, ਵਾਸਦੇਵ ਸਿੰਘ ਪਰਹਾਰ, ਹਰਦਿਆਲ ਸਿੰਘ ਚੀਮਾ, ਹਰਪਾਲ ਸਿੰਘ ਸਿੱਧੂ, ਬਲਿਹਾਰ ਲੇਹਲ,ਹਰਸ਼ਿੰਦਰ ਸਿੰਘ ਸੰਧੂ, ਮੰਗਤ ਕੁਲਜਿੰਦ, ਸਾਧੂ ਸਿੰਘ ਝੱਜ, ਜੀਤਾ ਉਪਲ, ਦਲਜੀਤ ਕੌਰ ਚੀਮਾ, ਗੁਰਪ੍ਰੀਤ ਸਿੰਘ ਸੋਹਲ, ਮਨਜੀਤ ਕੌਰ ਗਿੱਲ, ਜਸਵੀਰ ਕੌਰ, ਕਰਨੈਲ ਸਿੰਘ ਕੈਲ, ਸੁਰਜੀਤ ਸਿੰਘ ਸਿੱਧੂ ਆਦਿ ਨੇ, ਸਮਾਜਿਕ, ਸੱਭਿਆਚਾਰਕ, ਸਦਾਚਾਰਕ, ਪਰਿਵਾਰਿਕ ਅਤੇ ਰਾਜਨੀਤਕ ਵਿਸ਼ਿਆਂ ਉਪਰ ਆਪਣੇ ਗੀਤ ਕਵਿਤਾਵਾਂ ਪੇਸ਼ ਕੀਤੀਆਂ ਜਿਹਨਾਂ ਵਿੱਚ ਕਿਤੇ ਹਾਸਿਆਂ ਦਾ ਭੰਡਾਰ ਸੀ ਕਿਤੇ ਸੰਜੀਦਗੀ ਸੀ, ਕਿਤੇ ਤਰੰਨਮ ਸੀ ਕਿਤੇ ਤਾਲਬੱਧ ਉਚਾਰਣ ਸੀ।ਸਾਰੇ ਪ੍ਰੋਗਰਾਮ ਨੂੰ ਕੈਮਰੇ ਦੀ ਅੱਖ ਵਿੱਚ ਕੈਦ ਕਰਕੇ ਧਰਤੀ ਦੇ ਕੋਨੇ ਕੋਨੇ ਤੇ ਪਹੁੰਚਾਉਣ ਦਾ ਤਨਦੇਹੀ ਨਾਲ ਕਾਰਜ ਕਰਦੇ ਸਿਮਰਨ ਸਿੰਘ ਜੀ ਨੇ ਇਸ ਵਾਰ ਵੀ 'ਸਾਡਾ ਟੀ.ਵੀ.' ਅਤੇ 'ਸਾਡਾ ਰੇਡੀਓ' ਦੀਆਂ ਸੇਵਾਵਾਂ ਨੂੰ ਹਾਜ਼ਰ ਰੱਖਿਆ। ਆਏ ਹੋਏ ਮਹਿਮਾਨਾਂ ਨੂੰ ਸਨਮਾਨ ਚਿੰਨ ਅਤੇ ਸਭਾ ਦੇ ਲੇਖਕਾਂ ਦੀਆਂ ਛਪੀਆਂ ਕਿਤਾਬਾਂ ਦਾ ਸੈਟ ਸਮੇਤ ਸ਼ਬਦ ਤ੍ਰਿੰਜਣ ਮੈਗਜ਼ੀਨ,ਦੇ ਕੇ ਸਨਮਾਨਿਤ ਕੀਤਾ ਗਿਆ।

ਨਵੇਂ ਲੇਖਕਾਂ ਨੂੰ ਉਤਸ਼ਾਹਿਤ ਕਰਨ ਅਤੇ ਉਹਨਾਂ ਦੀ ਲੋੜ ਮੁਤਾਬਿਕ ਸਹਾਇਤਾ ਕਰਨ ਦੇ ਸਭਾ ਦੇ ਉਦੇਸ਼ ਤਹਿਤ, ਪੰਜਾਬ ਵੱਸਦੀ ਪੰਜਾਬੀ ਦੀ ਉਭਰਦੀ ਲੇਖਿਕਾ ਰਾਜ ਕੌਰ ਦੀ ਨਵੀਂ ਛਪੀ ਕਾਵਿ-ਪੁਸਤਕ 'ਪੈਗੰਬਰਾਂ ਦੇ ਬੂਹੇ' ਨੂੰ ਲੋਕ ਅਰਪਣ ਕੀਤਾ ਗਿਆ। ਮਾਤਾ ਗਿਆਨ ਕੌਰ ਜੀ, ਸਭਾ ਦੇ ਖਜ਼ਾਨਚੀ ਪ੍ਰਿਤਪਾਲ ਸਿੰਘ ਟੀਵਾਣਾ, ਸ਼ਾਨ ਗਿੱਲ ਕੈਨੇਡਾ, ਭਜਨ ਕੌਰ ਧਾਲੀਵਾਲ (ਸੁਪਤਨੀ ਮਹਿੰਦਰਪਾਲ ਸਿੰਘ ਧਾਲੀਵਾਲ), ਸਰਬਜੀਤ ਕੌਰ ਪਾਲ (ਸੁਪਤਨੀ ਮਹਿੰਦਰਪਾਲ ਸਿੰਘ ਪਾਲ), ਨਵੀਨ ਰਾਏ, ਜਸਵਿੰਦਰ ਲੇਹਲ, ਮਲਕੀਤ ਕੌਰ, ਕਰਮਜੀਤ ਕੌਰ, ਸੁਰਿੰਦਰ ਕੌਰ, ਮਨਵੀਰ ਕੌਰ, ਗੁਰਸ਼ੇਰ ਸਿੰਘ, ਜਸਮਨ ਕੌਰ ਰੰਧਾਵਾ, ਗੁਰਬਿੰਦਰ ਸਿੰਘ ਅਤੇ ਨੰਨ੍ਹੀ-ਪਿਆਰੀ ਬੱਚੀ ਰੂਹਾਨੀ ਕੌਰ ਅੱਜ ਦੇ ਸਮਾਗਮ ਦੀ ਸ਼ੋਭਾ ਵਧਾ ਰਹੇ ਸਨ। ਅੰਤ ਵਿੱਚ ਸਭਾ ਦੇ ਮੀਤ ਪ੍ਰਧਾਨ ਬਲਿਹਾਰ ਲੇਹਲ ਨੇ ਸਮਾਗਮ ਦਾ ਹਿੱਸਾ ਬਣੇ ਸਾਰੇ ਦਰਸ਼ਕਾਂ-ਸਰੋਤਿਆਂ ਅਤੇ ਪ੍ਰੋਗਰਾਮ ਦੀ ਕਾਮਯਾਬੀ ਲਈ ਯਤਨ ਕਰ ਰਹੀਆਂ ਸਾਰੀਆਂ ਸ਼ਖਸ਼ੀਅਤਾਂ ਦਾ ਅਦਬੀ ਸ਼ਬਦਾਂ ਨਾਲ ਧੰਨਵਾਦ ਕੀਤਾ। ਪੰਜਾਬੀ ਲਿਖਾਰੀ ਸਭਾ ਵੱਲੋਂ ਅਵਤਾਰ ਸਿੰਘ ਆਦਮਪੁਰੀ ਜੀ ਦੀਆਂ ਸੇਵਾਵਾਂ ਲਈ ਧੰਨਵਾਦ ਕਰਦਿਆਂ ਉਹਨਾਂ ਨੂੰ ਨਵੇਂ ਘਰ ਦੀਆਂ ਮੁਬਾਰਕਾਂ ਦਿੱਤੀਆਂ ਗਈਆਂ।

**ਮੰਗਤ ਕੁਲਜਿੰਦ ਪ੍ਰੈ. ਸਕੱਤਰ, +1 425 286 0163**
**ਪੰਜਾਬੀ ਲਿਖਾਰੀ ਸਭਾ (ਰਜਿ.) ਸਿਆਟਲ**

# ਜੇਕਰ ਆਟਾ ਦਾਲ ਸਕੀਮ .ਗਰੀਬਾਂ ਨੂੰ ਨ੍ਹੀਂ ਦੇਣੀ ਤਾਂ ਫਿਰ ਕਿਸਨੂੰ : ਚੰਨੀ



**ਰੂਪਨਗਰ–** ਸਾਬਕਾ ਮੁੱਖ ਮੰਤਰੀ ਪੰਜਾਬ ਚਰਨਜੀਤ ਸਿੰਘ ਚੰਨੀ ਵਿਧਾਨ ਸਭਾ ਹਲਕਾ ਸ੍ਰੀ ਚਮਕੌਰ ਸਾਹਿਬ ਦੇ ਵਿੱਚ ਸਥਿਤ ਬਗਲਾ ਬਸਤੀ ਦੇ ਵਿਚ ਪਹੁੰਚੇ, ਜਿੱਥੇ ਉਨ੍ਹਾਂ ਵੱਲੋਂ ਨੀਲੇ ਕਾਰਡ ਕੱਟੇ ਹੋਏ ਪਰਿਵਾਰਾਂ ਦੇ ਨਾਲ ਮੁਲਾਕਾਤ ਕੀਤੀ ਅਤੇ ਸਰਕਾਰ ਨੂੰ ਕਿਹਾ ਕਿ ਸਰਕਾਰ ਜਲਦ ਤੋਂ ਜਲਦ ਜਿੰਨੇ ਕਾਰਡ ਇਨ੍ਹਾਂ ਗਰੀਬ ਵਿਅਕਤੀਆਂ ਦੇ ਕੱਟੇ ਗਏ ਉਹਨਾਂ ਨੂੰ ਬਹਾਲ ਕੀਤਾ ਜਾਵੇ। ਜੇਕਰ ਗੱਲ ਕੀਤੀ ਜਾਵੇ ਹਲਕਾ ਸ੍ਰੀ ਚਮਕੌਰ ਸਾਹਿਬ ਦੀ ਤਾਂ ਇਸ ਹਲਕੇ ਦੇ ਵਿੱਚ ਵੱਡੇ ਪੱਧਰ ਉੱਤੇ ਲੋਕਾਂ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ ਕੀ ਉਨ੍ਹਾਂ ਨੂੰ ਸਰਕਾਰ ਵੱਲੋਂ ਮੁਫ਼ਤ ਮਿਲਣ ਵਾਲੀ ਸੁਵਿਧਾਵਾਂ, ਜਿਸ ਨੂੰ ਨੀਲੇ ਕਾਰਡ ਕਿਹਾ ਜਾਂਦਾ ਹੈ, ਉਹ ਕੱਟ ਦਿੱਤੇ ਗਏ ਹਨ ਅਤੇ ਇਹ ਇੱਕ ਵੱਡੀ ਸਮੱਸਿਆ ਦੇ ਤੌਰ ਉਤੇ ਉਹਨਾਂ ਦੇ ਸਾਹਮਣੇ ਆ ਕੇ ਖੜ੍ਹੀ ਹੋ ਗਈ ਹੈ। ਨੀਲੇ ਕਾਰਡਾਂ ਨੂੰ ਬਹਾਲ ਕਰਵਾਉਣ ਲਈ ਸ੍ਰੀ ਚਮਕੌਰ ਸਾਹਿਬ ਵਿੱਚ ਇਸ ਤੋ ਪਹਿਲਾਂ ਬੰਗਾਲਾ ਬਰਸੀ ਤੇ ਵਸਨੀਕਾਂ ਵੱਲੋਂ ਸ੍ਰੀ ਚਮਕੌਰ ਸਾਹਿਬ ਮੁੱਖ ਮਾਰਗ ਉੱਤੇ ਕਰੀਬ ਦੋ ਵਾਰੀ ਧਰਨਾ ਪ੍ਰਦਰਸ਼ਨ ਕੀਤਾ ਜਾ ਚੁੱਕਿਆ ਹੈ ਅਤੇ ਉਨ੍ਹਾਂ ਵੱਲੋਂ ਸੜਕਾਂ ਨੂੰ ਜਾਮ ਕਰਨ ਵਰਗੇ ਪ੍ਰਦਰਸ਼ਨ ਵੀ ਕੀਤੇ ਗਏ ਹਨ।

ਲੋਕਾਂ ਦਾ ਕਹਿਣਾ ਹੈ ਕਿ ਨੀਲੇ ਕਾਰਡ ਕੱਟਣ ਸਮੇਂ ਕੁਝ ਲੋਕਲ ਸਿਆਸੀ ਬੰਦਿਆਂ ਵੱਲੋਂ ਆਪਣਾ ਪ੍ਰਭਾਵ ਪਾ ਕੇ ਕਾਰਡ ਆ ਨੂੰ ਕਟਵਾ ਗਿਆ ਹੈ, ਜਿਸ ਵਿੱਚ ਉਹਨਾਂ ਵੱਲੋਂ ਆਪਣੇ ਚਹੇਤਿਆਂ ਦੇ ਕਾਰਡ ਨਹੀਂ ਕਟਵਾਏ ਗਏ ਅਤੇ ਜ਼ਰੂਰਤਮੰਦ ਲੋਕਾਂ ਦੇ ਕਾਰਡ ਕੱਟ ਦਿੱਤੇ ਗਏ ਹਨ। ਇਸ ਮਾਮਲੇ ਵਿੱਚ ਵਿਧਾਨ ਸਭਾ ਹਲਕਾ ਸ੍ਰੀ ਚਮਕੌਰ ਸਾਹਿਬ ਦੇ ਵਿਧਾਇਕ ਡਾਕਟਰ ਚਰਨਜੀਤ ਸਿੰਘ ਵੱਲੋਂ ਵੀ ਬਿਆਨ ਜਾਰੀ ਕੀਤਾ ਗਿਆ ਹੈ। ਉਨ੍ਹਾਂ ਵੱਲੋਂ ਕਿਹਾ ਗਿਆ ਹੈ ਕਿ ਹਲਕੇ ਵਿੱਚ ਵੱਖ-ਵੱਖ ਥਾਵਾਂ ਉਤੇ ਲਗਾਤਾਰ ਕੈਂਪ ਲਗਾਏ ਜਾਣਗੇ ਜਿਨ੍ਹਾਂ ਦੇ ਕਾਰਡ ਕੱਟੇ ਗਏ ਹਨ ਉਨ੍ਹਾਂ ਨੂੰ ਮੁੜ ਤੋਂ ਬਹਾਲ ਕੀਤਾ ਜਾਵੇਗਾ।

ਇਸ ਮੌਕੇ ਰਾਸ਼ਨ ਕਾਰਡ ਕੱਟੇ ਜਾਣ ਦਾ ਮਾਮਲਾ ਜਾਣਨ ਮਗਰੋਂ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਸ੍ਰੀ ਚਮਕੌਰ ਸਾਹਿਬ ਪਹੁੰਚੇ। ਇਥੇ ਉਨ੍ਹਾਂ ਨੇ ਸਰਕਾਰ ਉੱਤੇ ਤਿੱਖੇ ਸ਼ਬਦੀ ਵਾਰ ਕੀਤੇ। ਉਨ੍ਹਾਂ ਕਿਹਾ ਕਿ ਇਥੇ ਰਹਿੰਦੇ ਸਾਰੇ ਲੋਕ ਕਾਫੀ ਗਰੀਬ ਹਨ ਤੇ ਇਹ ਝੁੱਗੀਆਂ ਵਿੱਚ ਰਹਿੰਦੇ ਹਨ, ਅਸੀਂ ਆਪਣੀ ਸਰਕਾਰ ਸਮੇਂ ਇਨ੍ਹਾਂ ਨੂੰ ਇਹੀ ਜ਼ਮੀਨ ਇਨ੍ਹਾਂ ਦੇ ਨਾਂ ਕਰ ਦਿੱਤੀ ਸੀ। ਉਨ੍ਹਾਂ ਕਿਹਾ ਕਿ ਸਰਕਾਰ ਦੀ ਗਰੀਬਾ ਵਾਸਤੇ ਸਕੀਮ ਜੇਕਰ ਗਰੀਬਾਂ ਨੂੰ ਹੀ ਨਹੀਂ ਮਿਲਣੀ ਤਾਂ ਫਿਰ ਕਿਸ ਨੂੰ ਮਿਲਣੀ ਹੈ। ਉਨ੍ਹਾਂ ਕਿਹਾ ਕਿ ਜਿੰਨੇ ਵੀ ਗਰੀਬਾਂ ਦੇ ਕਾਰਡ ਕੱਟੇ ਗਏ ਹਨ, ਉਹ ਬਹਾਲ ਕੀਤੇ ਜਾਣ। ਉਨ੍ਹਾਂ ਕਿਹਾ ਕਿ ਇਹ ਸਰਕਾਰ ਗਰੀਬ ਵਿਰੋਧੀ ਹੈ।

# ਦੂਜੀ ਵਿਸ਼ਵ ਜੰਗ ਲੜਨ ਵਾਲੇ 101 ਸਾਲਾ ਰਾਜਿੰਦਰ ਢੱਟ ਦਾ ਸਨਮਾਨ



**ਬ੍ਰਿਟੇਨ–** ਇਥੋਂ ਦੇ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਨੇ 10 ਡਾਊਨਿੰਗ ਸਟਰੀਟ 'ਚ ਬਰਤਾਨੀਆ-ਭਾਰਤ ਹਫ਼ਤੇ ਦੇ ਸਮਾਗਮ ਦੌਰਾਨ ਦੂਜਾ ਵਿਸ਼ਵ ਯੁੱਧ ਲੜਨ ਵਾਲੇ ਆਖਰੀ ਜਿਊਂਦੇ ਸਿੱਖ ਸੈਨਿਕਾਂ ਵਿਚੋਂ ਇਕ ਰਾਜਿੰਦਰ ਸਿੰਘ ਢੱਟ (101) ਨੂੰ 'ਪੁਆਇੰਟਸ ਆਫ਼ ਲਾਈਟ' ਸਨਮਾਨ ਨਾਲ ਸਨਮਾਨਿਆ। ਬ੍ਰਿਟਿਸ਼ ਭਾਰਤੀ ਜੰਗੀ ਯੋਧਿਆਂ ਦੀ ਸਹਾਇਤਾ ਲਈ ਬਣੀ 'ਅਨਡਿਵਾਈਡਿਡ ਇੰਡੀਅਨ ਐਕਸ-ਸਰਵਿਸਮੈਨਸ ਐਸੋਸੀਏਸ਼ਨ' ਚਲਾਉਣ ਤੇ ਉਨ੍ਹਾਂ ਵੱਲੋਂ ਦਿੱਤੀਆਂ ਗਈਆਂ ਸੇਵਾਵਾਂ ਲਈ ਸ੍ਰੀ ਢੱਟ ਦਾ ਸਨਮਾਨ ਕੀਤਾ ਗਿਆ ਹੈ। ਸ੍ਰੀ ਢੱਟ 1963 ਤੋਂ ਦੱਖਣ-ਪੱਛਮੀ ਲੰਡਨ ਦੇ ਹੰਸਲੋਅ ਵਿੱਚ ਰਹਿ ਰਹੇ ਹਨ ਤੇ ਉਹ 1921 ਵਿੱਚ ਭਾਰਤ ਵਿੱਚ ਪੈਦਾ ਹੋਏ ਸਨ। ਉਨ੍ਹਾਂ ਅੰਗਰੇਜ਼ਾਂ ਦੇ ਰਾਜ ਦੌਰਾਨ ਸਾਂਝੀਆਂ ਫ਼ੌਜਾਂ ਨਾਲ ਰਲ ਕੇ ਜੰਗ ਲੜੀ ਸੀ। ਸ੍ਰੀ ਢੱਟ ਨੇ ਕਿਹਾ ਕਿ ਪ੍ਰਧਾਨ ਮੰਤਰੀ ਤੋਂ ਸਨਮਾਨ ਮਿਲਣਾ ਵੱਡੇ ਮਾਣ ਵਾਲੀ ਗੱਲ ਹੈ। ਸ੍ਰੀ ਢੱਟ ਨੂੰ 1943 'ਚ ਹਵਲਦਾਰ ਮੇਜਰ ਦੇ ਅਹੁਦੇ 'ਤੇ ਤਰੱਕੀ ਮਿਲੀ ਸੀ। ਉਹ ਕੋਹਿਮਾ 'ਚ ਜਪਾਨੀ ਸੈਨਾਵਾਂ ਖ਼ਿਲਾਫ਼ ਲੜਨ ਲਈ ਸਾਂਝੀ ਫ਼ੌਜ ਦਾ ਹਿੱਸਾ ਸਨ।

# ਢੇਸੀ ਨੇ ਸੰਸਦ 'ਚ ਚੁੱਕਿਆ ਗੈਰ ਗੋਰਿਆਂ 'ਤੇ ਚਾਕੂ ਨਾਲ ਹਮਲਿਆਂ ਦਾ ਮੁੱਦਾ



**ਲੰਡਨ–** ਯੂਕੇ 'ਚ ਚਾਕੂ ਮਾਰਨ ਦੇ ਅਪਰਾਧ ਵਿੱਚ ਵਾਧਾ ਹੋਇਆ ਹੈ। ਸਿੱਖ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੇ ਗੈਰ ਗੋਰੇ ਨਾਗਰਿਕਾਂ 'ਤੇ ਹੋਣ ਵਾਲੇ ਚਾਕੂ ਹਮਲੇ ਦਾ ਮੁੱਦਾ ਚੁੱਕਿਆ। ਢੇਸੀ ਨੇ ਇਸ ਮਾਮਲੇ ਵਿਚ ਗ੍ਰਹਿ ਸਕੱਤਰ ਸੁਏਲਾ ਬ੍ਰੇਵਰਮੈਨ ਨੂੰ ਤਿੱਖੇ ਸਵਾਲ ਕੀਤੇ। ਢੇਸੀ ਨੇ ਕਿਹਾ ਕਿ ਸੱਤ ਸਾਲ ਪਹਿਲਾਂ ਦੇ ਮੁਕਾਬਲੇ ਚਾਕੂ ਮਾਰਨ ਦੇ ਅਪਰਾਧ ਵਿੱਚ 70% ਦਾ ਵਾਧਾ ਹੋਇਆ ਹੈ। ਪਰ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਗ੍ਰਹਿ ਸਕੱਤਰ ਮੁਤਾਬਕ ਪੁਲਸ ਦੀ ਇਸ ਮਾਮਲੇ ਵਿੱਚ ਸਫਲਤਾ ਦਰ ਸਿਰਫ 1% ਹੈ। ਉਹ ਪੁਲਸ ਨੂੰ ਸਟਾਪ ਐਂਡ ਸਰਚ ਦੀ ਵਰਤੋਂ ਨੂੰ ਵਧਾਉਣ ਲਈ ਕਹਿ ਰਹੀ ਹੈ। ਇਸ ਦੌਰਾਨ ਸਾਡੇ ਕੋਲ ਪਿਛਲੇ ਦਹਾਕੇ ਦੌਰਾਨ ਯੁਵਾ ਕੇਂਦਰਾਂ ਨੂੰ ਦਿੱਤੀ ਜਾਣ ਵਾਲੇ ਫੰਡਾਂ ਵਿੱਚ ਕਮੀ ਆਈ ਹੈ।

ਗੈਰ ਗੋਰੇ ਆਦਮੀਆਂ ਨੂੰ ਪ੍ਰਭਾਵਿਤ ਕਰਨ ਵਾਲੇ ਯੂਥ ਕਲੱਬ ਫੰਡਿੰਗ ਅਤੇ ਵੰਡਣ ਵਾਲੀਆਂ ਚਾਲਾਂ ਨੂੰ ਘਟਾਉਣ ਦੀ ਬਜਾਏ ਸਾਨੂੰ ਹਿੰਸਕ ਅਪਰਾਧੀਆਂ ਨੂੰ ਨਿਆਂ ਦੇ ਕਟਹਿਰੇ ਵਿੱਚ ਲਿਆਉਣ ਲਈ ਰੋਕਥਾਮ ਉਪਾਅ ਅਤੇ ਉਚਿਤ ਕਾਰਵਾਈ ਕਰਨ ਦੀ ਲੋੜ ਹੈ। ਉਹਨਾਂ ਪੁੱਛਿਆ ਕੀ ਇਸ ਮਾਮਲੇ ਵਿਚ ਗ੍ਰਹਿ ਸਕੱਤਰ ਪਿਛਲੇ 13 ਸਾਲਾਂ ਵਿਚ ਰੂੜ੍ਹੀਵਾਦੀ ਸਰਕਾਰ ਦੀਆਂ ਨੀਤੀਆਂ ਦੀਆਂ ਅਸਫਲਤਾਵਾਂ ਤੋਂ ਸ਼ਰਮਿੰਦਾ ਹੈ? ਅਤੇ ਕੀ ਉਹ ਇਹ ਵੀ ਦੱਸ ਸਕਦੀ ਹੈ ਕਿ ਗੈਰ ਗੋਰੇ ਲੋਕਾਂ ਨੂੰ ਹਰ ਕਿਸੇ ਨਾਲੋਂ ਨੌਂ ਗੁਣਾ ਵੱਧ ਰੋਕਣ ਅਤੇ ਖੋਜੇ ਜਾਣ ਦੀ ਸੰਭਾਵਨਾ ਕਿਉਂ ਹੈ। ਇਹਨਾਂ ਸਵਾਲਾਂ ਦੇ ਜਵਾਬ ਵਿਚ ਗ੍ਰਹਿ ਸਕੱਤਰ ਨੇ ਕਿਹਾ ਕਿ ਉਹ ਫਰੰਟਲਾਈਨ ਪੁਲਸ ਅਫਸਰਾਂ ਨੂੰ ਸੁਣਦੀ ਹੈ ਅਤੇ ਜਦੋਂ ਉਹ ਨੀਤੀ ਬਣਾਉਂਦੀ ਹੈ ਤਾਂ ਡੇਟਾ ਨੂੰ ਦੇਖਦੀ ਹੈ।

# ਪੰਜਾਬੀਆਂ ਦੀ ਪਹਿਲੀ ਪਸੰਦ ਕੈਨੇਡਾ, ਪਰ ਬੁਨਿਆਦੀ ਸਹੂਲਤਾਂ ਤੋਂ ਵਾਂਝੇ

**ਚੰਡੀਗੜ੍ਹ–** ਪੰਜਾਬੀਆਂ ਦੀ ਵਿਦੇਸ਼ਾਂ ਨੂੰ ਜਾਣ ਦੀ ਖਿੱਚ ਜੱਗ ਜ਼ਾਹਿਰ ਹੈ। ਦੁਆਬੇ ਖੇਤਰ ਵਿਚ ਜਾਈਏ ਤਾਂ ਘਰਾਂ ਦੀਆਂ ਛੱਤਾਂ 'ਤੇ ਬਣੀ ਜਹਾਜ਼ ਵਾਲੀ ਟੈਂਕੀ ਵਿਦੇਸ਼ ਦੇ ਮੋਹ ਦੀ ਹਾਮੀ ਭਰਦੀ ਹੈ। ਵੱਡੀਆਂ ਵੱਡੀਆਂ ਕੋਠੀਆਂ ਦੇ ਗੇਟਾਂ ਨੂੰ ਲੱਗੇ ਤਾਲੇ ਇਹ ਤਸਵੀਰ ਬਿਆਨ ਕਰਦੇ ਹਨ ਇੰਨੀਆਂ ਵੱਡੀਆਂ ਕੋਠੀਆਂ ਦੇ ਮਾਲਕ ਵਿਦੇਸ਼ਾਂ ਵਿਚ ਆਪਣੇ ਸੁਪਨਿਆਂ ਦਾ ਸੰਸਾਰ ਸਿਰਜ ਰਹੇ ਹਨ। ਇਹੀ ਰੁਝਾਨ ਹੁਣ ਪੰਜਾਬ ਦੇ ਸਾਰੇ ਖੇਤਰਾਂ ਵਿਚ ਵੇਖਣ ਨੂੰ ਮਿਲ ਰਿਹਾ ਹੈ। ਇਸ ਰੁਝਾਨ ਵਿਚਾਲੇ ਕੈਨੇਡਾ ਪੰਜਾਬੀਆਂ ਦੀ ਪਹਿਲੀ ਪਸੰਦ ਬਣਿਆ ਹੈ। ਕੈਨੇਡਾ ਇਮੀਗ੍ਰੇਸ਼ਨ ਵਿਭਾਗ ਦੇ ਅੰਕੜਿਆ ਅਨੁਸਾਰ ਪਿਛਲੇ 3 ਸਾਲਾਂ 'ਚ ਕੈਨੇਡਾ ਆਉਣ ਵਾਲੇ ਭਾਰਤੀਆਂ ਦੀ ਗਿਣਤੀ 300 ਪ੍ਰਤੀਸ਼ਤ ਤੱਕ ਵਧੀ। ਜਿਹਨਾਂ ਵਿਚ ਸਭ ਤੋਂ ਜ਼ਿਆਦਾ ਪੰਜਾਬੀ ਹਨ।

ਦੁਨੀਆਂ 'ਚ 195 ਦੇਸ਼ ਹਨ ਜਿਹਨਾਂ ਵਿਚ ਯੂਰਪ, ਏਸ਼ੀਆ ਅਤੇ ਮਿਡਲ ਈਸਟ ਵਰਗੇ ਦੇਸ਼ਾਂ ਵਿਚ ਪੰਜਾਬੀਆਂ ਨੇ ਮੱਲ੍ਹਾਂ ਮਾਰੀਆਂ, ਪਰ ਇਮੀਗ੍ਰੇਸ਼ਨ ਵਿਭਾਗ ਵੱਲੋਂ ਦਿੱਤੇ ਅੰਕੜਿਆਂ ਅਨੁਸਾਰ ਕੈਨੇਡਾ ਪੰਜਾਬੀਆਂ ਦੀ ਪਹਿਲੀ ਪਸੰਦ ਬਣ ਰਿਹਾ ਹੈ। ਜਿਥੇ ਪੀਆਰ, ਸਟੱਡੀ ਵੀਜ਼ਾ ਅਤੇ ਵਰਕਿਟ ਪਰਮਿਟ ਰਾਹੀਂ ਹਰ ਸਾਲ ਹਜ਼ਾਰਾਂ ਪੰਜਾਬ ਦੇ ਬਸ਼ਿੰਦੇ ਕੈਨੇਡਾ ਜਾ ਰਹੇ ਹਨ। ਕੈਨੇਡਾ ਦੇ ਕੌਂਸਲ ਜਨਰਲ ਪੈਟਰਿਕ ਹੇਬਰਟ ਦਾ ਕਹਿਣਾ ਹੈ ਕਿ ਕੈਨੇਡਾ ਦਾ ਸਭ ਤੋਂ ਵੱਡਾ ਸਰੋਤ ਦੇਸ਼ ਹੈ, ਪਰਵਾਸੀਆਂ ਦੀਆਂ ਸਾਰੀਆਂ ਸ਼੍ਰੇਣੀਆਂ, ਸਥਾਈ ਨਿਵਾਸੀਆਂ ਤੋਂ ਲੈ ਕੇ ਵਪਾਰਕ ਯਾਤਰੀਆਂ ਤੱਕ, ਵਿਦਿਆਰਥੀਆਂ ਤੱਕ ਦਾ ਧਿਆਨ ਰੱਖਿਆ ਜਾਂਦਾ ਹੈ। ਭਾਵੇਂ ਇਹ ਸਿੱਖਿਆ, ਸੱਭਿਆਚਾਰ, ਵਪਾਰ, ਖੇਡਾਂ ਜਾਂ ਰਾਜਨੀਤੀ ਹੋਵੇ ਕੈਨੇਡਾ ਦੀ ਇਮੀਗ੍ਰੇਸ਼ਨ ਪ੍ਰਣਾਲੀ ਦੀ ਅਖੰਡਤਾ ਦੀ ਰੱਖਿਆ ਕਰਨ ਲਈ 24 ਘੰਟੇ ਕੰਮ ਕਰ ਰਹੇ ਹਨ।



ਕੈਨੇਡਾ ਸਰਕਾਰ ਦੀ ਇਮੀਗ੍ਰੇਸ਼ਨ ਵੈਬਸਾਈਟ ਅਨੁਸਾਰ ਸਾਲ 2020 'ਚ 1,71,618 ਤੋਂ ਵਧ ਕੇ 2022 ਤੱਕ ਕੈਨੇਡਾ ਜਾਣ ਵਾਲੇ ਭਾਰਤੀਆਂ ਦੀ ਗਿਣਤੀ 6,94,620 ਹੋ ਗਈ ਹੈ। ਟੂਰਿਸਟ ਵੀਜ਼ਾ 'ਤੇ ਕੈਨੇਡਾ ਜਾਣ ਵਾਲਿਆਂ ਦੀ ਗਿਣਤੀ ਵਿਚ ਕੁਝ ਘੱਟ ਨਹੀਂ। ਟੂਰਿਸਟ ਵਜੋਂ ਕੈਨੇਡਾ ਜਾਣ ਵਾਲਿਆਂ ਦੀ ਗਿਣਤੀ 2020 ਵਿੱਚ 55,404 ਤੋਂ ਵੱਧ ਕੇ 2022 ਵਿੱਚ 3,46,464 ਹੋ ਗਈ। 2020 'ਚ 80, 880 ਵਿਦਆਰਥੀ ਕੈਨੇਡਾ ਗਏ ਜਿਹਨਾਂ ਦੀ ਗਿਣਤੀ ਸਾਲ 2022 ਤੱਕ 2,26,095 ਅਤੇ ਸਿੱਧੀ ਪੀਆਰ ਰਾਹੀਂ ਸਾਲ 2020 'ਚ 35,334 ਭਾਰਤੀ ਕੈਨੇਡਾ ਗਏ ਸਨ, ਜਿਨ੍ਹਾਂ ਦੀ ਗਿਣਤੀ ਸਾਲ 2022 ਤੱਕ ਵੱਧ ਕੇ 1,22,061 ਹੋ ਗਈ। ਸਾਲ 2022 'ਚ ਪੰਜਾਬ ਤੋਂ 70,000 ਤੋਂ ਵੱਧ ਪ੍ਰਵਾਸੀ ਕੈਨੇਡਾ ਪਹੁੰਚੇ ਜੋ ਭਾਰਤ ਤੋਂ ਆਏ ਸਾਰੇ ਪ੍ਰਵਾਸੀਆਂ ਦਾ ਲਗਭਗ 20% ਬਣਦੇ ਹਨ। ਇਮੀਗ੍ਰੇਸ਼ਨ ਵਿਭਾਗ ਦੇ ਮੁਤਾਬਿਕ ਕੈਨੇਡਾ ਪੰਜਾਬੀਆਂ ਦਾ ਸਭ ਤੋਂ ਮਨਪਸੰਦ ਦੇਸ਼ ਹੈ।

ਪੰਜਾਬ ਵਿਚੋਂ ਕੈਨੇਡਾ ਜਾਣ ਵਾਲੇ ਜ਼ਿਆਦਾਤਰ ਪੰਜਾਬ ਦੇ ਪੇਂਡੂ ਖਿੱਤੇ ਨਾਲ ਜੁੜੇ ਨੌਜਵਾਨ ਹਨ। ਇਹ ਰੁਝਾਨ ਪੰਜਾਬ ਦੇ ਹਰ ਵਰਗ ਅਤੇ ਹਰ ਖਿੱਤੇ ਵਿਚ ਪਾਇਆ ਜਾਣ ਲੱਗਾ ਹੈ। ਕੈਨੇਡਾ ਵਿੱਚ 2021 ਦੀ ਜਨਗਣਨਾ ਦੇ ਅਨੁਸਾਰ, ਪੰਜਾਬੀ ਅੰਗਰੇਜ਼ੀ, ਫਰੈਂਚ ਅਤੇ ਮੈਂਡਰਿਨ ਤੋਂ ਬਾਅਦ ਚੌਥੀ ਵਿਆਪਕ ਬੋਲੀ ਜਾਣ ਵਾਲੀ ਭਾਸ਼ਾ ਹੈ। ਕੈਨੇਡਾ ਦੇ ਕੁਝ ਸ਼ਹਿਰਾਂ ਨੂੰ ਤਾਂ ਮਿੰਨੀ ਪੰਜਾਬ ਵੀ ਕਿਹਾ ਜਾਂਦਾ ਹੈ। ਕੈਨੇਡਾ 'ਚ ਪੰਜਾਬੀਆਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ। ਪੰਜਾਬੀਆਂ ਦੀ ਗਿਣਤੀ ਨੂੰ ਵੇਖਦਿਆਂ ਕੈਨੇਡਾ ਵਿਚ ਲਗਾਤਾਰ ਪੰਜਾਬੀ ਭਾਸ਼ਾ ਨੂੰ ਤਰਜ਼ੀਹ ਦਿੱਤੀ ਜਾਣ ਲੱਗੀ ਹੈ। ਕਈ ਬੋਰਡ ਅਤੇ ਸੜਕਾਂ ਉੱਤੇ ਵੀ ਪੰਜਾਬੀ ਭਾਸ਼ਾ ਲਿਖੀ ਹੋਈ ਮਿਲਦੀ ਹੈ। ਇਥੋਂ ਤੱਕ ਕਿ ਕੈਨੇਡਾ ਸਰਕਾਰ ਵਿਚ ਕਈ ਪੰਜਾਬੀ ਮੰਤਰੀ ਵੀ ਮੌਜੂਦ ਹਨ। ਕੈਨਡਾ ਵਿਚ ਕਈ ਪੰਜਾਬ ਹਨ ਜਿਹਨਾਂ ਦੇ ਵੱਡੇ- ਵੱਡੇ ਕਾਰੋਬਾਰ ਸੈਟ ਹਨ, ਇਸ ਲਈ ਉਨ੍ਹਾਂ ਕੰਮ ਦੇਣ ਵਿਚ ਪੰਜਾਬੀ ਲੋਕਾਂ ਜਾਂ ਪੰਜਾਬੀ ਮੁੰਡੇ ਕੁੜੀਆਂ ਨੂੰ ਹੀ ਤਰਜ਼ੀਹ ਦਿੰਦੇ ਹਨ। ਕੈਨੇਡਾ ਸਰਕਾਰ ਵੀ ਪੰਜਾਬੀਆਂ ਨੂੰ ਜ਼ਿਆਦਾ ਤਰਜ਼ੀਹ ਦਿੰਦੀ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਕੈਨੇਡਾ ਦੀ ਪਾਰਲੀਮੈਂਟ ਤੋਂ ਲੈ ਕੇ ਸੜਕਾਂ ਤੱਕ ਪੰਜਾਬੀਆਂ ਦਾ ਬੋਲਬਾਲਾ ਹੈ ਅਤੇ ਹਰ ਖੇਤਰ ਵਿਚ ਪੰਜਾਬੀਆਂ ਦੀ ਤੂਤੀ ਬੋਲਦੀ ਹੈ। ਪਰ ਜਿਵੇਂ ਜਿਵੇਂ ਕੈਨੇਡਾ 'ਚ ਅਬਾਦੀ ਵੱਧਦੀ ਜਾ ਰਹੀ ਹੈ ਜਾਂ ਫਿਰ ਇਹ ਕਹਿ ਲਈਏ ਕਿ ਕੈਨੇਡਾ ਵਿਚ ਪੰਜਾਬੀਆਂ ਦੀ ਭਰਮਾਰ ਹੋ ਰਹੀ ਹੈ। ਓਸੇ ਤਰ੍ਹਾਂ ਕੈਨੇਡਾ ਦੀ ਅਰਥ ਵਿਵਸਥਾ ਅਤੇ ਭੂਗੋਲਿਕ ਵਿਵਸਥਾ ਵੀ ਪ੍ਰਭਾਵਿਤ ਹੋ ਰਹੀ ਹੈ।

# ਦਲਿਤਾਂ ਦੀ ਆਵਾਜ਼ ਬੁਲੰਦ ਕਰਨ ਵਾਲੇ ਭੀਮ ਆਰਮੀ ਮੁੱਖੀ ਚੰਦਰਸ਼ੇਖਰ ਆਜ਼ਾਦ 'ਤੇ ਕਾਤਲਾਨਾ ਹਮਲਾ

**ਜਲੰਧਰ ਤੋਂ ਜੇ. ਸਿੰਘ 'ਭਡਿਆਰ'**

ਦਲਿਤਾਂ ਦੀ ਆਵਾਜ਼ ਬੁਲੰਦ ਕਰਨ ਵਾਲੀ ਪਾਰਟੀ ਭੀਮ ਆਰਮੀ ਦੇ ਸੰਸਥਾਪਕ ਚੰਦਰਸ਼ੇਖਰ ਆਜ਼ਾਦ 'ਤੇ ਸਹਾਰਨਪੁਰ ਦੇ ਦੇਵਬੰਦ 'ਚ ਜਾਨਲੇਵਾ ਹਮਲਾ ਕੀਤਾ ਗਿਆ ਹੈ। ਦੱਸਿਆ ਗਿਆ ਕਿ ਕਾਰ ਸਵਾਰ ਹਮਲਾਵਰਾਂ ਨੇ ਚੰਦਰਸ਼ੇਖਰ ਆਜ਼ਾਦ 'ਤੇ ਅਚਾਨਕ ਗੋਲੀਆਂ ਚਲਾ ਦਿੱਤੀਆਂ। ਹਮਲੇ 'ਚ ਚੰਦਰਸ਼ੇਖਰ ਆਜ਼ਾਦ ਨੂੰ ਗੋਲੀ ਲੱਗੀ, ਜਿਸ ਕਾਰਨ ਉਹ ਗੰਭੀਰ ਰੂਪ 'ਚ ਜ਼ਖਮੀ ਹੋ ਗਿਆ। ਉਨ੍ਹਾਂ ਨੂੰ ਜਲਦਬਾਜ਼ੀ 'ਚ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ। ਘਟਨਾ ਦੀ ਗੰਭੀਰਤਾ ਨੂੰ ਦੇਖਦੇ ਹੋਏ ਜ਼ਿਲ੍ਹਾ ਕੁਲੈਕਟਰ ਅਤੇ ਐਸਐਸਪੀ ਵੀ ਮੌਕੇ 'ਤੇ ਪਹੁੰਚ ਗਏ ਹਨ। ਚੰਦਰਸ਼ੇਖਰ ਆਜ਼ਾਦ ਆਪਣੇ ਵਰਕਰਾਂ ਸਮੇਤ ਕਾਫ਼ਲੇ ਵਿੱਚ ਸ਼ਾਮਲ ਹੋ ਕੇ ਆਪਣੇ ਘਰ ਵੱਲ ਜਾ ਰਹੇ ਸਨ। ਘਟਨਾ ਦੀ ਜਾਣਕਾਰੀ ਦਿੰਦੇ ਹੋਏ ਐੱਸਐੱਸਪੀ ਡਾਕਟਰ ਵਿਪਿਨ



ਟਾਡਾ ਨੇ ਦੱਸਿਆ ਕਿ ਇੱਕ ਕਾਰ ਵਿੱਚ ਸਵਾਰ ਹਥਿਆਰਬੰਦ ਵਿਅਕਤੀਆਂ ਨੇ ਚੰਦਰ ਸ਼ੇਖਰ ਆਜ਼ਾਦ ਦੇ ਕਾਫ਼ਲੇ 'ਤੇ ਗੋਲੀਆਂ ਚਲਾ ਦਿੱਤੀਆਂ। ਇਸ ਹਮਲੇ ਵਿੱਚ ਇੱਕ ਗੋਲੀ ਚੰਦਰਸ਼ੇਖਰ ਆਜ਼ਾਦ ਨੂੰ ਛੂਹ ਕੇ ਨਿਕਲ ਗਈ ਸੀ। ਉਹ ਠੀਕ ਹੈ ਅਤੇ ਇਲਾਜ ਲਈ ਸੀ.ਐਚ.ਸੀ. ਫਿਲਹਾਲ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ। ਹਮਲਾਵਰਾਂ ਨੇ ਚੰਦਰਸ਼ੇਖਰ 'ਤੇ 4 ਰਾਊਂਡ ਫਾਇਰ ਕੀਤੇ। ਚੰਦਰਸ਼ੇਖਰ ਆਜ਼ਾਦ 'ਤੇ ਹੋਏ ਜਾਨਲੇਵਾ ਹਮਲੇ ਦੇ ਮਾਮਲੇ 'ਚ ਚਾਰ ਸ਼ੱਕੀਆਂ ਨੂੰ ਹਿਰਾਸਤ 'ਚ ਲਿਆ ਗਿਆ ਹੈ। ਇਸ ਦੇ ਨਾਲ ਹੀ ਪੁਲਿਸ ਨੇ ਹਮਲਾਵਰਾਂ ਦੀ ਕਾਰ ਵੀ ਬਰਾਮਦ ਕਰ ਲਈ ਹੈ।

ਦੱਸਿਆ ਜਾ ਰਿਹਾ ਹੈ ਕਿ ਹਮਲਾਵਰ ਹਰਿਆਣਾ ਦੀ ਨੰਬਰ ਪਲੇਟ ਵਾਲੀ ਕਾਰ ਵਿੱਚ ਆਏ ਸਨ। ਹਮਲਾਵਰਾਂ ਦੀ ਸ਼ਨਾਖਤ ਕਰਨ ਲਈ ਪੁਲਿਸ ਲਗਾਤਾਰ ਆਸਪਾਸ ਦੇ ਇਲਾਕੇ ਵਿੱਚ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਨੂੰ ਸਕੈਨ ਕਰ ਰਹੀ ਹੈ। ਇਹ ਵੀ ਕਿਹਾ ਜਾ ਰਿਹਾ ਹੈ ਕਿ ਹਮਲਾਵਰ ਇੱਕ ਛੋਟੀ ਸਫੇਦ ਰੰਗ ਦੀ ਕਾਰ ਵਿੱਚ ਆਏ ਸਨ। ਜਦੋਂ ਕਿ ਜਿਸ ਗੱਡੀ ਦਾ ਨੰਬਰ ਦੱਸਿਆ ਗਿਆ ਹੈ ਉਹ ਸਵਿਫਟ ਡਿਜ਼ਾਇਰ ਹੈ। ਹਸਪਤਾਲ ਵਿੱਚ ਆਜ਼ਾਦ ਦੀ ਸੁਰੱਖਿਆ ਲਈ ਸਖ਼ਤ ਪ੍ਰਬੰਧ ਕੀਤੇ ਗਏ ਹਨ। ਘਟਨਾ ਦੀ ਸੂਚਨਾ ਮਿਲਦਿਆਂ ਹੀ ਸਹਾਰਨਪੁਰ ਦੇ ਜ਼ਿਲ੍ਹਾ ਮੈਜਿਸਟ੍ਰੇਟ ਦਿਨੇਸ਼ ਚੰਦਰ ਅਤੇ ਸੀਨੀਅਰ ਪੁਲਿਸ ਕਪਤਾਨ ਵਿਪਿਨ ਟਾਂਡਾ ਵੀ ਹਸਪਤਾਲ ਪੁੱਜੇ।

ਇਸ ਘਟਨਾ ਦੀ ਨਿੰਦਾ ਕਰਦੇ ਹੋਏ ਭੀਮ ਆਰਮੀ ਦੇ ਸੂਬਾ ਉਪ ਪ੍ਰਧਾਨ ਪ੍ਰਵੀਨ ਗੌਤਮ ਨੇ ਭੀਮ ਆਰਮੀ ਮੁਖੀ ਨੂੰ ਜ਼ੈਡ ਪਲੱਸ ਸੁਰੱਖਿਆ ਦੇਣ ਦੀ ਮੰਗ ਕੀਤੀ ਹੈ। ਚੰਦਰਸ਼ੇਖਰ ਆਜ਼ਾਦ ਨੇ ਲੋਕਾਂ ਨੂੰ ਸ਼ਾਂਤੀ ਬਣਾਈ ਰੱਖਣ ਦੀ ਅਪੀਲ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਅਸੀਂ ਆਪਣੀ ਲੜਾਈ ਸੰਵਿਧਾਨਕ ਤਰੀਕੇ ਨਾਲ ਲੜਾਂਗੇ।

**ਭੀਮ ਆਰਮੀ ਮੁਖੀ ਨੂੰ ਹਸਪਤਾਲ ਤੋਂ ਛੁੱਟੀ ਮਿਲੀ**

ਭੀਮ ਆਰਮੀ ਮੁਖੀ ਨੂੰ ਅੱਜ ਇੱਥੋਂ ਦੇ ਐੱਸਡੀਬੀ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ ਹੈ। ਹਥਿਆਰਬੰਦ ਵਿਅਕਤੀਆਂ ਵੱਲੋਂ ਬੀਤੇ ਦਿਨ ਚੰਦਰ ਸ਼ੇਖਰ ਦੇ ਕਾਫ਼ਲੇ 'ਤੇ ਹਮਲਾ ਕਰਨ ਕਾਰਨ ਢਿੱਡ ਵਿੱਚ ਗੋਲੀ ਲੱਗਣ ਕਾਰਨ ਜ਼ਖ਼ਮੀ ਹੋਏ ਭੀਮ ਆਰਮੀ ਮੁਖੀ ਨੂੰ ਸਹਾਰਨਪੁਰ ਦੇ ਹਸਪਤਾਲ ਭਰਤੀ ਕਰਵਾਇਆ ਗਿਆ ਸੀ। ਇਸ ਤੋਂ ਪਹਿਲਾਂ ਪੁਲੀਸ ਨੇ ਚੰਦਰ ਸ਼ੇਖਰ 'ਤੇ ਹਮਲਾ ਕਰਨ ਲਈ ਵਰਤੀ ਗਈ ਗੱਡੀ ਨੂੰ ਅੱਜ ਪਿੰਡ ਮਿਰਗਪੁਰ ਨੇੜਿਓਂ ਬਰਾਮਦ ਕਰ ਲਿਆ। ਐੱਸਪੀ ਸਾਗਰ ਜੈਨ ਨੇ ਦੱਸਿਆ ਕਿ ਹਮਲੇ ਲਈ ਵਰਤੀ ਗਈ ਗੱਡੀ ਦਾ ਨੰਬਰ ਹਰਿਆਣਾ ਨਾਲ ਸਬੰਧਿਤ ਹੈ। ਇਸੇ ਦੌਰਾਨ ਅਮੇਠੀ ਪੁਲੀਸ ਨੇ 'ਖੱਤਰੀ ਆਫ ਅਮੇਠੀ' ਫੇਸਬੁੱਕ ਪੇਜ 'ਤੇ ਚੰਦਰ ਸ਼ੇਖਰ ਨੂੰ ਜਾਨ ਤੋਂ ਮਾਰਨ ਦੀ ਧਮਕੀ ਦੇਣ ਸਬੰਧੀ ਪੋਸਟ ਦਾ ਨੋਟਿਸ ਲੈਂਦਿਆਂ ਗੌਰੀਗੰਜ ਪੁਲੀਸ ਥਾਣੇ ਵਿੱਚ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਵੱਖ ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਹੈ। ਪੰਜ ਦਿਨ ਪਹਿਲਾ ਪਾਈ ਪੋਸਟ ਵਿੱਚ ਧਮਕੀ ਦਿੱਤੀ ਗਈ ਸੀ ਕਿ ਅਮੇਠੀ ਦੇ ਠਾਕੁਰ ਦਿਨ-ਦਿਹਾੜੇ ਚੌਕ ਵਿੱਚ ਚੰਦਰ ਸ਼ੇਖਰ ਦੀ ਹੱਤਿਆ ਕਰਨਗੇ। ਇਸ ਤੋਂ ਪਹਿਲਾਂ ਭੀਮ ਆਰਮੀ ਮੁਖੀ ਦਾ ਹਾਲ ਜਾਣਨ ਲਈ ਪਹਿਲਵਾਨ ਬਜਰੰਗ ਪੂਨੀਆ ਅਤੇ ਸਾਕਸ਼ੀ ਮਲਿਕ ਸਹਾਰਨਪੁਰ ਹਸਪਤਾਲ ਪੁੱਜੇ।

**ਮੁੱਖ ਮੰਤਰੀ ਯੋਗੀ ਅਦਿੱਤਿਆਨਾਥ ਅਸਤੀਫ਼ਾ ਦੇਣਾ-ਚੰਦਰ ਸ਼ੇਖਰ**

ਭੀਮ ਆਰਮੀ ਮੁਖੀ ਚੰਦਰ ਸ਼ੇਖਰ ਆਜ਼ਾਦ ਨੇ ਉਨ੍ਹਾਂ 'ਤੇ ਦਿਓਬੰਦ ਵਿੱਚ ਹੋਏ ਹਮਲੇ ਨੂੰ ਕਾਨੂੰਨ-ਵਿਵਸਥਾ ਲਈ ਚੁਣੌਤੀ ਕਰਾਰ ਦਿੰਦਿਆਂ ਕਿਹਾ ਕਿ ਅਪਰਾਧੀਆਂ ਨੂੰ ਸੁਰੱਖਿਆ ਦੇਣ ਦੀ ਨੈਤਿਕ ਜ਼ਿੰਮੇਵਾਰੀ ਸਵੀਕਾਰਦਿਆਂ ਮੁੱਖ ਮੰਤਰੀ ਯੋਗੀ ਅਦਿੱਤਿਆਨਾਥ ਨੂੰ ਤੁਰੰਤ ਅਸਤੀਫ਼ਾ ਦੇਣਾ ਚਾਹੀਦਾ ਹੈ। ਸਹਾਰਨਪੁਰ ਵਿੱਚ ਚੰਦਰ ਸ਼ੇਖਰ ਨੇ ਆਪਣੇ 'ਤੇ ਹੋਏ ਹਮਲੇ ਦੇ ਇੱਕ ਦਿਨ ਬਾਅਦ ਯੋਗੀ ਅਦਿੱਤਿਆਨਾਥ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਨੂੰ ਕਰਾਰੇ ਹੱਥੀਂ ਲਿਆ। ਉਨ੍ਹਾਂ ਇੱਕ ਟਵੀਟ ਵਿੱਚ ਕਿਹਾ, ''ਮੇਰੀ 56 ਇੰਚ ਛਾਤੀ ਅਸਲੀ ਹੈ, ਨਕਲੀ ਨਹੀਂ। ਮੇਰੇ 'ਤੇ ਹੋਇਆ ਜਾਨਲੇਵਾ ਹਮਲਾ ਸਰਕਾਰ ਦੀ ਨਾਕਾਮੀ ਹੈ ਕਿਉਂਕਿ ਸੂਬੇ ਦੇ ਲੋਕਾਂ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਸਰਕਾਰ ਦੀ ਹੈ ਅਤੇ ਮੈਂ ਇਸ ਸੂਬੇ ਦਾ ਇੱਕ ਜ਼ਿੰਮੇਵਾਰ ਨਾਗਰਿਕ ਹਾਂ।'' ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੂੰ ਅਪਰਾਧੀਆਂ ਨੂੰ ਬਚਾਉਣ ਦੀ ਨੈਤਿਕ ਜ਼ਿੰਮੇਵਾਰੀ ਲੈਂਦਿਆਂ ਤੁਰੰਤ ਅਸਤੀਫ਼ਾ ਦੇਣਾ ਚਾਹੀਦਾ ਹੈ। ਚੰਦਰ ਸ਼ੇਖਰ ਨੇ ਕਿਹਾ ਕਿ ਜੋ ਕੁੱਝ ਉਨ੍ਹਾਂ ਨਾਲ ਵਾਪਰਿਆ, ਉਹ ਕਿਸੇ ਵੀ ਪਾਰਟੀ ਦੇ ਮੁਖੀ ਜਾਂ ਉਨ੍ਹਾਂ ਦੇ ਸਮਰਥਕਾਂ ਨਾਲ ਵਾਪਰ ਸਕਦਾ ਹੈ। ਉਨ੍ਹਾਂ ਦੋਸ਼ ਲਾਇਆ, ''ਇੱਥੇ ਇਸ ਦੇ ਦੋ ਕਾਰਨ ਹਨ। ਪਹਿਲਾਂ, ਉੱਤਰ ਪ੍ਰਦੇਸ਼ ਵਿੱਚ ਅਮਨ-ਕਾਨੂੰਨ ਦੀ ਸਥਿਤੀ ਬਦਤਰ ਹੋ ਰਹੀ ਹੈ ਅਤੇ ਦੂਜਾ ਸਰਕਾਰ ਜਾਤ ਅਤੇ ਧਰਮ ਦੇ ਆਧਾਰ 'ਤੇ ਮੁਲਜ਼ਮਾਂ ਨੂੰ ਸੁਰੱਖਿਆ ਮੁਹੱਈਆ ਕਰਵਾ ਰਹੀ ਹੈ। ਇਸੇ ਕਾਰਨ ਸਰਕਾਰੀ ਸ਼ਹਿ ਪ੍ਰਾਪਤ ਅਪਰਾਧੀਆਂ ਦੇ ਹੌਂਸਲੇ ਬੁਲੰਦ ਹਨ। ਅੱਜ ਉਨ੍ਹਾਂ ਨੂੰ ਨਾ ਤਾਂ ਕਾਨੂੰਨ ਦਾ ਡਰ ਹੈ ਅਤੇ ਨਾ ਹੀ ਪੁਲੀਸ ਦਾ।''

ਉਨ੍ਹਾਂ ਕਿਹਾ, ''ਪਹਿਲਾਂ ਇਹ ਲੋਕ ਈਡੀ, ਸੀਬੀਆਈ ਅਤੇ ਆਮਦਨ ਕਰ ਅਧਿਕਾਰੀਆਂ ਦੀ ਦੁਰਵਰਤੋਂ ਕਰਦੇ ਸਨ ਅਤੇ ਫਿਰ ਇਨ੍ਹਾਂ ਨੇ ਫਰਜ਼ੀ ਪੁਲੀਸ ਮੁਕਾਬਲੇ ਬਣਾਉਣੇ ਸ਼ੁਰੂ ਕੀਤੇ ਅਤੇ ਹੁਣ ਸਰਕਾਰੀ ਸ਼ਹਿ ਪ੍ਰਾਪਤ ਅਪਰਾਧੀਆਂ ਨੇ ਵਿਰੋਧੀ ਆਗੂਆਂ ਦੀ ਆਵਾਜ਼ ਦਬਾਉਣ ਲਈ ਬੰਦੂਕਾਂ ਅਤੇ ਗੋਲੀਆਂ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ ਹੈ।'' ਚੰਦਰ ਸ਼ੇਖਰ ਨੇ ਕਿਹਾ ਕਿ ਬੰਦੂਕਾਂ ਅਤੇ ਗੋਲੀਆਂ ਉਨ੍ਹਾਂ ਨੂੰ ਡਰਾ ਜਾਂ ਝੁਕਾ ਨਹੀਂ ਸਕਦੀਆਂ।

**ਕੌਣ ਹਨ ਚੰਦਰਸ਼ੇਖਰ ਆਜ਼ਾਦ?**

ਚੰਦਰਸ਼ੇਖਰ ਆਜ਼ਾਦ ਇੱਕ ਵਕੀਲ ਅਤੇ ਦਲਿਤ-ਬਹੁਜਨ ਅਧਿਕਾਰ ਕਾਰਕੁਨ ਅਤੇ ਸਿਆਸਤਦਾਨ ਹਨ। ਉਹ ਇੱਕ ਅੰਬੇਡਕਰਵਾਦੀ, ਭੀਮ ਆਰਮੀ ਦੇ ਸਹਿ-ਸੰਸਥਾਪਕ ਅਤੇ ਰਾਸ਼ਟਰੀ ਪ੍ਰਧਾਨ ਹਨ। ਚੰਦਰਸ਼ੇਖਰ ਆਜ਼ਾਦ ਦਾ ਜਨਮ 3 ਦਸੰਬਰ 1986 ਨੂੰ ਉੱਤਰ ਪ੍ਰਦੇਸ਼ ਦੇ ਸਹਾਰਨਪੁਰ ਜ਼ਿਲ੍ਹੇ ਦੇ ਛੱਤਮੂਲਪੁਰ ਕਸਬੇ ਵਿੱਚ ਹੋਇਆ ਸੀ। ਉਸ ਲੋਕਾਂ ਵਿੱਚ ਐਨੇ ਮਸ਼ਹੂਰ ਹੋ ਗਿਆ ਸੀ ਕਿ ਉਸਦੀ ਸ਼ਵੀ ਦਾ ਇਸ ਗੱਲ ਤੋਂ ਹੀ ਸਹਿਜੇ ਹੀ ਅੰਦਾਜ਼ਾ ਲਾ ਸਕਦੇ ਹਾਂ ਕਿ ਫਰਵਰੀ 2021 ਵਿੱਚ, ਟਾਈਮ ਮੈਗਜ਼ੀਨ ਨੇ ਉਸਨੂੰ 100 ਰਾਈਜ਼ਿੰਗ ਲੀਡਰਾਂ ਦੀ ਸਾਲਾਨਾ ਸੂਚੀ ਵਿੱਚ ਸ਼ਾਮਲ ਕੀਤਾ। ਭੀਮ ਆਰਮੀ ਦੀ ਸਥਾਪਨਾ ਚੰਦਰਸ਼ੇਖਰ ਆਜ਼ਾਦ, ਸਤੀਸ਼ ਕੁਮਾਰ ਅਤੇ ਵਿਨੈ ਰਤਨ ਸਿੰਘ ਨੇ 2014 ਵਿੱਚ ਕੀਤੀ ਸੀ। ਇਹ ਸੰਸਥਾ ਸਿੱਖਿਆ ਰਾਹੀਂ ਭਾਰਤ ਵਿੱਚ ਦਲਿਤਾਂ ਦੀ ਮੁਕਤੀ ਲਈ ਕੰਮ ਕਰਦੀ ਹੈ। 2019 ਵਿੱਚ, ਉਸਨੇ ਵਾਰਾਣਸੀ ਤੋਂ ਮੋਦੀ ਵਿਰੁੱਧ ਚੋਣ ਲੜਨ ਦੀ ਯੋਜਨਾ ਬਣਾਈ ਸੀ, ਪਰ ਬਾਅਦ ਵਿੱਚ ਸਪਾ/ਬਸਪਾ ਗਠਜੋੜ ਦਾ ਸਮਰਥਨ ਕਰਦੇ ਹੋਏ ਪਿੱਛੇ ਹਟ ਗਿਆ ਸੀ।

**ਚੰਦਰ ਸ਼ੇਖਰ ਉਪਰ ਹਮਲਾ ਅੰਬੇਡਕਰਵਾਦੀ ਆਵਾਜ਼ ਨੂੰ ਬੰਦ ਕਰਨ ਦੀ ਸਾਜਿਸ਼**

ਭੀਮ ਆਰਮੀ ਦੇ ਮੁਖੀ ਚੰਦਰਸ਼ੇਖਰ ਆਜ਼ਾਦ ਵਰਤਮਾਨ ਵਿੱਚ ਹਿੰਦੀ ਪੱਟੀ ਦੇ ਸਭ ਤੋਂ ਪ੍ਰਮੁੱਖ ਅੰਬੇਡਕਰਵਾਦੀ ਆਵਾਜ਼ ਹਨ। ਉਹ ਐਨਆਰਸੀ ਅਤੇ ਸੀਏਏ ਵਿਰੋਧੀ ਸੰਘਰਸ਼ਾਂ ਵਿੱਚ ਤੇ ਹੁਣੇ ਜਿਹੇ ਉਹ ਔਰਤ ਪਹਿਲਵਾਨਾਂ ਦੇ ਜਿਨਸੀ ਸ਼ੋਸ਼ਣ ਵਿਰੋਧੀ ਸੰਘਰਸ਼ ਵਿਚ ਵਿੱਚ ਸਭ ਤੋਂ ਵਧ ਸਰਗਰਮ ਸਨ। ਉਹ ਲਗਾਤਾਰ ਰਾਜਨੀਤੀ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਯੂਪੀ ਦੇ ਮੁਖ ਮੰਤਰੀ ਯੋਗੀ ਨੂੰ ਸਿੱਧੇ ਤੌਰ 'ਤੇ ਚੁਣੌਤੀ ਦੇ ਰਹੇ ਸਨ। ਹਿੰਦੀ ਪੱਟੀ ਦੇ ਮੁਸਲਮਾਨ ਉਸ ਨੂੰ ਆਪਣੇ ਸਭ ਤੋਂ ਨਜ਼ਦੀਕੀ ਮਿੱਤਰ ਵਜੋਂ ਦੇਖਦੇ ਹਨ। ਜਦੋਂ ਵੀ ਹਿੰਦੀ ਪੱਟੀ ਵਿੱਚ ਕਿਤੇ ਵੀ ਦਲਿਤਾਂ, ਆਦਿਵਾਸੀਆਂ, ਵਿਰੁੱਧ ਹਿੰਸਾ, ਅੱਤਿਆਚਾਰ ਦੀ ਕੋਈ ਵੀ ਘਟਨਾ ਵਾਪਰਦੀ ਹੈ ਤਾਂ ਚੰਦਰਸ਼ੇਖਰ ਅਤੇ ਉਸਦੀ ਭੀਮ ਆਰਮੀ ਜ਼ਰੂਰ ਨਿਆਂ ਲਈ ਸਰਗਰਮ ਹੁੰਦੀ ਹੈ। ਉੱਤਰ ਪ੍ਰਦੇਸ਼, ਬਿਹਾਰ, ਰਾਜਸਥਾਨ, ਮੱਧ ਪ੍ਰਦੇਸ਼, ਉੱਤਰਾਖੰਡ ਅਤੇ ਛੱਤੀਸਗੜ੍ਹ ਵਰਗੇ ਰਾਜਾਂ ਵਿੱਚ ਦਲਿਤਾਂ 'ਤੇ ਹੋ ਰਹੇ ਅੱਤਿਆਚਾਰਾਂ ਵਿਰੁੱਧ ਭੀਮ ਆਰਮੀ ਸਭ ਤੋਂ ਅਹਿਮ ਆਵਾਜ਼ ਹੈ। ਉਹ ਦਲਿਤਾਂ, ਪਿਛੜਿਆਂ, ਆਦਿਵਾਸੀਆਂ ਤੇ ਘੱਟ ਗਿਣਤੀਆਂ ਦੀ ਮਜ਼ਬੂਤ ਏਕਤਾ ਦਾ ਸਮਰਥਕ ਹਨ। ਇਸ ਏਕਾ ਨੂੰ ਅਸਲੀ ਬਹੁਜਨ ਏਕਤਾ ਵਿੱਚ ਬਦਲਣਾ ਚਾਹੁੰਦੇ ਹਾਂ। ਚੰਦਰਸ਼ੇਖਰ ਮੁਸਲਮਾਨਾਂ ਤੇ ਸਿਖਾਂ ਨੂੰ ਦਲਿਤਾਂ ਦਾ ਕੁਦਰਤੀ ਮਿੱਤਰ ਅਤੇ ਸਹਿਯੋਗੀ ਮੰਨਦੇ ਹਨ। ਐਨਆਰਸੀ ਅਤੇ ਸੀਏਏ ਵਿਰੋਧੀ ਅੰਦੋਲਨ ਵਿੱਚ, ਉਹ ਉਨ੍ਹਾਂ ਦੇ ਵੱਡੇ ਸਹਿਯੋਗੀ ਅਤੇ ਸਮਰਥਕ ਵਜੋਂ ਸਰਗਰਮ ਰਹੇ ਹਨ। ਉਹ ਹਮੇਸ਼ਾ ਮੁਸਲਮਾਨਾਂ 'ਤੇ ਹੋ ਰਹੇ ਅੱਤਿਆਚਾਰਾਂ ਅਤੇ ਹਿੰਸਾ ਦੇ ਖਿਲਾਫ ਆਵਾਜ਼ ਉਠਾਉਂਦੇ ਹਨ।

## ਘੱਟ ਗਿਣਤੀਆਂ ਦੀ ਅਵਾਜ਼ ਨੂੰ ਕੁਚਲਣ ਦੀ ਸਾਜਿਸ਼ : ਐਮ. ਪੀ. ਮਾਨ

ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦਾ ਕਹਿਣਾ ਹੈ ਕਿ ਦਲਿਤ ਆਗੂ ਚੰਦਰ ਸ਼ੇਖਰ ਉਪਰ ਕਾਤਲਾਨਾ ਹਮਲਾ ਦਲਿਤਾਂ ਤੇ ਘੱਟਗਿਣਤੀਆਂ ਦੀ ਅਵਾਜ਼ ਨੂੰ ਕੁਚਲਣ ਦੀ ਸਾਜਿਸ਼ ਹੈ। ਉਨ੍ਹਾਂ ਕਿਹਾ ਕਿ ਬੇਸ਼ੱਕ ਅਕਾਲ ਪੁਰਖ ਦੀ ਕਿਰਪਾ ਸਦਕਾ ਚੰਦਰਸ਼ੇਖਰ ਸਰੀਰਕ ਤੌਰ ਤੇ ਬਚ ਗਏ ਹਨ ਪਰ ਹਮਲਾਵਰਾਂ ਦਾ ਮਕਸਦ ਉਨ੍ਹਾਂ ਨੂੰ ਮੌਤ ਦੇ ਮੂੰਹ ਵਿਚ ਧਕੇਲਣ ਵਾਲਾ ਸੀ ਜਿਸਦੀ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਸਖਤ ਸ਼ਬਦਾਂ ਵਿਚ ਜਿਥੇ ਨਿੰਦਾ ਕਰਦਾ ਹੈ, ਉਥੇ ਸਹਾਰਨਪੁਰ ਦੇ ਪ੍ਰਸਾਸਨ ਅਤੇ ਯੂਪੀ ਦੀ ਯੋਗੀ ਸਰਕਾਰ ਤੋਂ ਗੰਭੀਰਤਾ ਭਰੀ ਮੰਗ ਕਰਦਾ ਹੈ ਕਿ ਇਸ ਹੋਈ ਘਟਨਾ ਦੀ ਕਿਸੇ ਨਿਰਪੱਖ ਏਜੰਸੀ ਤੋਂ ਤਹਿ ਤੱਕ ਜਾਂਚ ਕਰਵਾਈ ਜਾਵੇ ਅਤੇ ਜੋ ਵੀ ਅਜਿਹੇ ਮਨੁੱਖਤਾ ਵਿਰੋਧੀ ਅਮਲ ਲਈ ਜ਼ਿੰਮੇਵਾਰ ਹਨ, ਉਨ੍ਹਾਂ ਨੂੰ ਕਾਨੂੰਨ ਅਨੁਸਾਰ ਸਜਾਵਾਂ ਦੇਣ ਦਾ ਪ੍ਰਬੰਧ ਕੀਤਾ ਜਾਵੇ।''

# ਹੱਕ ਮੰਗਦੇ ਕੱਚੇ ਅਧਿਆਪਕਾਂ ਤੇ ਸੰਗਰੂਰ ਵਿਖੇ ਕੀਤੀ ਪੁਲਿਸ ਵਲੋਂ ਲਾਠੀਚਾਰਜ ਅਤਿ ਨਿੰਦਣਯੋਗ ਘਟਨਾ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਪੰਜਾਬ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਦੀ ਬਲਾਕ ਗੜ੍ਹਸ਼ੰਕਰ ਦੀ ਮਾਸਿਕ ਇਕੱਤਰਤਾ ਸਾਥੀ ਸਰੂਪ ਚੰਦ ਤਹਿਸੀਲ ਜਨਰਲ ਸਕੱਤਰ ਦੀ ਪ੍ਰਧਾਨਗੀ ਹੇਠ ਗਾਂਧੀ ਪਾਰਕ ਗੜ੍ਹਸ਼ੰਕਰ ਵਿਖੇ ਹੋਈ । ਮੀਟਿੰਗ ਵਿਚ ਪਹਿਲਾਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਸਟੇਟ ਆਗੂ ਸ. ਠਾਕੁਰ ਸਿੰਘ , ਪ੍ਰੇਮ ਸਾਗਰ ਸ਼ਰਮਾ ਅਤੇ ਮੁਲਾਜ਼ਮ ਆਗੂ ਸੁੱਚਾ ਸਿੰਘ ਸਤਨੌਰ ਜੀ ਦੇ ਬੇਵਕਤ ਵਿਛੋੜੇ ਤੇ ਗਹਿਰਾ ਸ਼ੋਕ ਪ੍ਰਗਟ ਕੀਤਾ ਗਿਆ ਤੇ ਵਿਛੜੇ ਸਾਥੀਆਂ ਦੋ ਮਿੰਟ ਮੌਨ ਰੱਖ ਕੇ ਸ਼ਰਧਾਂਜਲੀ ਦਿੱਤੀ ਗਈ।




ਮੀਟਿੰਗ ਵਿਚ ਹਾਜ਼ਰ ਬੁਲਾਰਿਆਂ ਨੇ ਹੱਕ ਮੰਗਦੇ ਕੱਚੇ ਅਧਿਆਪਕਾਂ ਤੇ ਸੰਗਰੂਰ ਵਿਖੇ ਕੀਤੇ ਪੁਲਿਸ ਲਾਠੀ ਚਾਰਜ ਤੇ ਤਸ਼ੱਦਦ ਦੀ ਕਰੜੇ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਕਿਹਾ ਕਿ ਸ਼ਹੀਦ ਭਗਤ ਸਿੰਘ ਤੇ ਬਾਬਾ ਸਾਹਿਬ ਅੰਬੇਦਕਰ ਦੀਆਂ ਤਸਵੀਰਾਂ ਦਫਤਰਾਂ ਵਿਚ ਲਗਾਉਣ ਵਾਲੀ ਆਪ ਸਰਕਾਰ ਦਾ ਲੋਕ ਵਿਰੋਧੀ ਚਿਹਰਾ ਨੰਗਾ ਹੋ ਚੁੱਕਾ ਹੈ, ਇਹ ਸਰਕਾਰ ਵੀ ਪਹਿਲੀਆਂ ਸਰਕਾਰ ਵਾਂਗ ਹੀ ਰੁਜ਼ਗਾਰ ਮੰਗਦੇ ਨੌਜਵਾਨਾਂ ਦੀਆਂ ਪੱਗਾਂ ਤੇ ਮੁਟਿਆਰਾਂ ਦੀਆਂ ਚੁੰਨੀਆਂ ਰੋਲਣ ਵਿਚ ਕੋਈ ਕਸਰ ਨਹੀਂ ਛੱਡ ਰਹੀ। ਸਰਕਾਰ ਅਪਣੇ ਵਾਅਦੇ ਅਨੁਸਾਰ ਪਿਛਲੇ ਲੰਮੇ ਸਮੇਂ ਤੋਂ ਸੰਘਰਸ਼ ਕਰ ਰਹੇ ਕੱਚੇ ਅਧਿਆਪਕਾਂ ਨੂੰ ਤੁਰੰਤ ਪੱਕੇ ਕਰਨ ਦੀ ਬਜਾਏ ਉਨ੍ਹਾਂ ਨੂੰ ਤਸ਼ੱਸ਼ਦ ਦਾ ਨਿਸ਼ਾਨਾ ਬਣਾ ਰਹੀ ਹੈ ਲ ਏਸੇ ਤਰ੍ਹਾਂ ਸਰਕਾਰ ਨੇ ਪੈਨਸ਼ਨਰਾਂ ਦੀਆਂ ਜਾਇਜ਼ ਮੰਗਾਂ ਪੂਰੀਆਂ ਕਰਨ ਦੀ ਥਾਂ ਉਲਟਾ ਉਹਨਾਂ ਤੇ ਵਿਕਾਸ ਟੈਕਸ ਦੇ ਨਾਂ ਤੇ ਦੋ ਸੋ ਰੁਪਏ ਜਜ਼ੀਆ ਲਗਾ ਦਿੱਤਾ ਹੈ, ਜਿਸ ਕਾਰਣ ਪੰਜਾਬ ਦੇ ਸਮੱਚੇ ਪੈਨਸ਼ਨਰਾਂ ਵਿਚ ਆਪ ਸਰਕਾਰ ਦੇ ਵਰਤਾਰੇ , ਨੀਅਤ ਕਾਰਜਸ਼ੈਲੀ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ । ਜੇਕਰ ਪੰਜਾਬ ਸਰਕਾਰ ਮੁਲਾਜ਼ਮ ਤੇ ਪੈਨਸ਼ਨਰ ਵਿਰੋਧੀ ਚਾਲਾਂ ਤੋਂ ਬਾਜ ਨਾ ਆਈ ਤਾਂ ਪੰਜਾਬ ਪੈਨਸ਼ਨਰ ਵੈਲਫੇਅਰ ਐਸੋਸ਼ੀਏਸ਼ਨ, ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਫਰੰਟ ਨਾਲ ਮਿਲਕੇ ਸਰਕਾਰ ਵਿਰੁੱਧ ਫੈਸਲਾਕੁੰਨ ਸੰਘਰਸ਼ ਆਰੰਭ ਕਰੇਗੀ ।

ਮੀਟਿੰਗ ਬਲਵੰਤ ਰਾਮ ਗੋਪਾਲ ਦਾਸ ਮਨਹੋਤਰਾ, ਰੂਪ ਲਾਲ, ਪਰਮਾਨੰਦ, ਅਵਤਾਰ ਸਿੰਘ, ਸੋਹਣ ਲਾਲ, ਬਲਵੰਤ ਰਾਮ, ਜੋਗਿੰਦਰ ਸਿੰਘ, ਰੋਸ਼ਨ ਲਾਲ ਵਰਮਾ, ਸਤਪਾਲ, ਕੁਲਵੰਤ ਸਿੰਘ ਅਤੇ ਮਹਿੰਗਾ ਰਾਮ ਜੀ ਸ਼ਾਮਿਲ ਹੋਏ।

# ਸਮੂਹ ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ ਦੀ ਹਦੂਦ ਅੰਦਰ ਫੋਗਿੰਗ ਪ੍ਰਕਿਰਿਆ ਜਾਰੀ

**ਸੰਗਰੂਰ, (ਦਲਜੀਤ ਕੌਰ)–** ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਦੇ ਦਿਸ਼ਾ ਨਿਰਦੇਸ਼ਾਂ ਹੇਠ ਇਨ੍ਹੀਂ ਦਿਨੀਂ ਜ਼ਿਲ੍ਹੇ ਦੀਆਂ ਸਮੂਹ ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ ਦੀ ਹਦੂਦ ਅੰਦਰ ਆਉਂਦੇ ਇਲਾਕਿਆਂ ਵਿੱਚ ਫੋਗਿੰਗ ਪ੍ਰਕਿਰਿਆ ਜਾਰੀ ਹੈ। ਨਿਰਧਾਰਿਤ ਕੀਤੇ ਗਏ ਸ਼ਡਿਊਲ ਅਨੁਸਾਰ ਕਾਰਜਸਾਧਕ ਅਧਿਕਾਰੀਆਂ ਦੀ ਅਗਵਾਈ ਹੇਠ ਗਠਿਤ ਟੀਮਾਂ ਵਾਰਡਾਂ ਵਿੱਚ ਜਾ ਕੇ ਫੋਗਿੰਗ ਦੀ ਕਾਰਵਾਈ ਨੂੰ ਅਮਲ ਵਿੱਚ ਲਿਆ ਰਹੀਆਂ ਹਨ।




ਇਸ ਤੋਂ ਇਲਾਵਾ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਸਿਵਲ ਸਰਜਨ ਡਾ. ਪਰਮਿੰਦਰ ਕੌਰ ਦੀ ਅਗਵਾਈ ਹੇਠ ਮੱਛਰਾਂ ਨਾਲ ਫੈਲਣ ਵਾਲੀਆਂ ਬਿਮਾਰੀਆਂ ਦੀ ਰੋਕਥਾਮ ਲਈ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ। ਇਹ ਟੀਮਾਂ ਘਰਾਂ, ਦੁਕਾਨਾਂ ਤੇ ਸੰਸਥਾਨਾਂ ਵਿਖੇ ਜਾ ਕੇ ਡੇਂਗੂ ਦੇ ਲਾਰਵੇ ਦੀ ਜਾਂਚ ਕਰ ਰਹੀਆਂ ਹਨ ਅਤੇ ਲਾਰਵਾ ਪਾਏ ਜਾਣ ’ਤੇ ਚਲਾਨ ਕੱਟਣ ਦੀ ਪ੍ਰਕਿਰਿਆ ਅਮਲ ਵਿੱਚ ਲਿਆਂਦੀ ਜਾ ਰਹੀ ਹੈ। ਇਸ ਦੌਰਾਨ ਟੀਮਾਂ ਵੱਲੋਂ ਘਰਾਂ ਵਿੱਚ ਰੱਖੇ ਕੂਲਰ, ਫਰਿੱਜ, ਟਰੇਆਂ, ਗਮਲੇ, ਹੋਦੀਆਂ, ਖਾਲੀ ਟਾਇਰਾਂ ਆਦਿ ਦੀ ਜਾਂਚ ਕਰਦਿਆਂ ਖੜ੍ਹੇ ਪਾਣੀ ਨੂੰ ਬਾਹਰ ਕਢਵਾਇਆ ਗਿਆ ਅਤੇ ਲੋਕਾਂ ਨੂੰ ਭਵਿੱਖ ਵਿੱਚ ਅਜਿਹੀਆਂ ਥਾਵਾਂ ’ਤੇ ਪਾਣੀ ਨਾ ਖੜ੍ਹਨ ਦੇਣ ਲਈ ਪ੍ਰੇਰਿਤ ਕੀਤਾ ਗਿਆ।

# ਰੋਹਿਤ ਗੁਰੂ ਨੇ ਫਰਾਂਸ ਦੀ ਧਰਤੀ ‘ਤੇ ਦੂਜੀ ਵਾਰ ਗੋਲਡ ਮੈਡਲ ਜਿੱਤ ਕੇ ਵਧਾਇਆ ਪੰਜਾਬੀਆਂ ਦਾ ਮਾਣ

**ਫਗਵਾੜਾ 3 ਜੁਲਾਈ (ਬੀ.ਕੇ. ਰੱਤੂ)** ਪੰਜਾਬੀ ਨੌਜਵਾਨ ਰੋਹਿਤ ਗੁਰੂ ਨੇ ਬੀਤੀ 30 ਜੂਨ ਨੂੰ ਫਰਾਂਸ ਦੀ ਧਰਤੀ ‘ਤੇ ਏਅਰ ਕੰਡੀਸ਼ਨਿੰਗ (ਏ.ਸੀ.) ਮੁਕਾਬਲੇ ‘ਚ ਪਹਿਲਾ ਸਥਾਨ ਹਾਸਲ ਕਰਕੇ ਨਾ ਸਿਰਫ ਪੰਜਾਬੀਆਂ ਬਲਕਿ ਸਾਰੇ ਭਾਰਤ ਦਾ ਮਾਣ ਵਧਾਇਆ ਹੈ। ਇਸ ਤੋਂ ਪਹਿਲਾਂ ਇਸ ਨੌਜਵਾਨ ਨੇ ਬੀਤੀ 2 ਜੂਨ ਨੂੰ ਵੀ ਜਿਲ੍ਹਾ ਪੱਧਰੀ ਇਕ ਏ.ਸੀ. ਮੁਕਾਬਲੇ ‘ਚ ਪਹਿਲਾ ਸਥਾਨ ਹਾਸਲ ਕਰਦਿਆਂ ਗੋਲਡ ਮੈਡਲ ਪ੍ਰਾਪਤ ਕੀਤਾ ਸੀ। ਇਸ ਤਰ੍ਹਾਂ ਇਕ ਮਹੀਨੇ ਵਿਚ ਰੋਹਿਤ ਗੁਰੂ ਦਾ ਇਹ ਦੂਸਰਾ ਗੋਲਡ ਮੈਡਲ ਹੈ। ਰੋਹਿਤ ਗੁਰੂ ਦੇ ਪਰਿਵਾਰਕ ਮੈਂਬਰਾਂ ‘ਚ



ਇਸ ਪ੍ਰਾਪਤੀ ਨੂੰ ਲੈ ਕੇ ਖੁਸ਼ੀ ਦੀ ਲਹਿਰ ਹੈ। ਉਸਦੀ ਮਾਤਾ ਸੁਖਵਿੰਦਰ ਕੌਰ, ਪਿਤਾ ਰੌਸ਼ਨ ਗੁਰੂ, ਦਾਦੀ ਰੇਸ਼ਮ ਕੌਰ, ਦਾਦਾ ਪਿਆਰਾ ਰਾਮ ਤੇ ਭਰਾ ਓਸ਼ਵੀਨ ਗੁਰੂ ਨੇ ਕਿਹਾ ਕਿ ਉਹਨਾਂ ਨੂੰ ਰੋਹਿਤ ਗੁਰੂ ਤੇ ਮਾਣ ਹੈ ਜਿਸਨੇ ਜਿਲ੍ਹਾ ਜਲੰਧਰ ਦੇ ਨਿੱਕੇ ਜਿਹੇ ਪਿੰਡ ਥਲਾ (ਫਿਲੌਰ) ਵਿਖੇ ਜਨਮ ਲੈ ਕੇ ਫਰਾਂਸ ‘ਚ ਉੱਚਾ ਮੁਕਾਮ ਹਾਸਲ ਕਰਦਿਆਂ ਗੁਰੂ ਪਰਿਵਾਰ ਦਾ ਨਾਮ ਰੌਸ਼ਨ ਕੀਤਾ ਹੈ। ਉਹਨਾਂ ਨੇ ਰੋਹਿਤ ਗੁਰੂ ਦੀ ਸਿਹਤਯਾਬੀ ਅਤੇ ਭਵਿੱਖ ‘ਚ ਵੀ ਇਸੇ ਤਰ੍ਹਾਂ ਸਫਲਤਾ ਦੇ ਹੋਰ ਝੰਡੇ ਗੱਡਣ ਦੀ ਅਰਦਾਸ ਕੀਤੀ ਹੈ।

# ਇਟਲੀ ਦੇ ਸ਼ਹਿਰ ਸੋਨਚੀਨੋ ਵਿਖੇ ਹੋਵੇਗਾ ਤੀਆਂ ਦਾ ਸੱਤਵਾਂ ਮੇਲਾ 23 ਜੁਲਾਈ ਨੂੰ– ਸੁਖਵਿੰਦਰ ਸਿੰਘ ਗੋਬਿੰਦਪੁਰੀ

**ਰੋਮ (ਇਟਲੀ) (ਟੇਕਚੰਦ ਜਗਤਪੁਰ, ਦਲਵੀਰ ਕੈਂਥ)–** ਹਰਕੀਰਤ ਇੰਟਰਪ੍ਰਾਈਜ਼ ਵੱਲੋਂ ਇਹ ਮੇਲਾ ਹਰ ਸਾਲ ਬਹੁਤ ਧੂਮ–ਧਾਮ ਦੇ ਨਾਲ ਕਰਾਇਆ ਜਾਂਦਾ ਹੈ ਇਸ ਸਬੰਧੀ ਗੱਲਬਾਤ ਕਰਦੇ ਹੋਏ ਸੁਖਵਿੰਦਰ ਸਿੰਘ ਗੋਬਿੰਦਪੁਰੀ ਨੇ ਦੱਸਿਆ ਕਿ ਇਹ ਮੇਲਾ 2015 ਵਿੱਚ ਸ਼ੁਰੂ ਕੀਤਾ ਗਿਆ ਸੀ ਜੋ ਹੁਣ ਤੱਕ ਲਗਾਤਾਰ ਕਰਵਾਇਆ ਜਾ ਰਿਹਾ ਉਨ੍ਹਾਂ ਅੱਗੇ ਦੱਸਿਆ ਕਿ ਇਹ ਮੇਲਾ



ਅਸੀਂ ਸਿਰਫ ਬੱਚਿਆਂ ਨੂੰ ਆਪਣੇ ਵਿਰਸੇ ਨਾਲ ਜੋੜਨ ਵਾਸਤੇ ਸ਼ੁਰੂ ਕੀਤਾ ਸੀ ਤੇ ਜਿਸ ਵਿੱਚ ਅਸੀ ਕਾਮਯਾਬ ਹੋਏ ਹਾਂ। ਹੁਣ ਸਾਡੇ ਕੋਲ ਇੰਡੀਆ ਤੋ ਆਈਆਂ ਭੈਣਾਂ ਦੀ ਗਿੱਧੇ ਦੀ ਟੀਮ ਹੈ ਅਤੇ ਇੱਕ ਇਟਲੀ ਦੀਆ ਜੰਮਪਲ ਕੁੜੀਆਂ ਦੀ ਗਿੱਧੇ ਦੀ ਟੀਮ ਹੈ। ਬਹੁਤ ਸਾਰੇ ਬੱਚੇ ਆਪਣੀ ਤਿਆਰੀ ਦੇ ਨਾਲ ਇਸ ਮੇਲੇ ਵਿੱਚ ਸ਼ਿਰਕਤ ਕਰਦੇ ਹਨ। ਇਸ ਵਾਰ ਦਾ ਇਹ ਮੇਲਾ ਬਹੁਤ ਖਾਸ ਹੋਵੇਗਾ ਤੇ ਇਸ ਵਿੱਚ ਬਹੁਤ ਕੁਝ ਨਵਾਂ ਕੀਤਾ ਜਾਵੇਗਾ ਗਰਮੀ ਨੂੰ ਦੇਖਦੇ ਹੋਏ ਇਹ ਮੇਲਾ ਹਾਲ ਦੇ ਅੰਦਰ ਕਰਵਾਇਆ ਜਾ ਰਿਹਾ ਹੈ ਬਾਕੀ ਕਿਸੇ ਨੇ ਵੀ ਇਸ ਮੇਲੇ ਵਿੱਚ ਕਿਸੇ ਵੀ ਤਰ੍ਹਾਂ ਦਾ ਪਾਰਟੀਸਪੇਟ ਕਰਨਾ ਹੋਵੇ ਉਹ ਸਾਡੇ ਨਾਲ ਸੰਪਰਕ ਕਰ ਸਕਦੇ ਹਨ ਅਸੀਂ ਉਹਨਾਂ ਨੂੰ ਮੌਕਾ ਦੇਵਾਂਗੇ ਤੇ ਹਮੇਸ਼ਾ ਦੀ ਤਰਾਂ ਪਾਰ–ਟੀਸਪੇਟ ਕਰਨ ਵਾਲਿਆਂ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।

# ਅਨੀਮੀਆ ਮੁਕਤ ਮੁਹਿੰਮ ਤਹਿਤ ਸਿਵਲ ਸਰਜਨ ਨੇ ਚੱਕੋਵਾਲ ਸਕੂਲ ਦਾ ਦੌਰਾ ਕੀਤਾ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਸਿਹਤ ਵਿਭਾਗ ਵਲੋਂ ਚਲਾਈ ਜਾ ਰਹੀ ‘ਅਨੀਮੀਆ ਮੁਕਤ ਭਾਰਤ ’ ਮੁਹਿੰਮ ਦੇ ਤਹਿਤ ਅੱਜ ਸਿਵਲ ਸਰਜਨ ਹੁਸ਼ਿਆਰਪੁਰ ਡਾ ਬਲਵਿੰਦਰ ਕੁਮਾਰ ਨੇ ਬਲਾਕ ਚੱਕੋਵਾਲ ਅਧੀਨ ਪੈਂਦੇ ਸਰਕਾਰੀ ਹਾਈ ਸਕੂਲ ਆਦਮਵਾਲ ਵਿਖੇ ਦੌਰਾ ਕੀਤਾ। ਸਿਹਤ ਵਿਭਾਗ ਦੀ ਟੀਮ ਵਲੋਂ ਸਕੂਲ ਦੇ ਬੱਚਿਆਂ ਦੇ ਹੀਮੋਗਲੋਬਿਨ ਦੇ ਟੈਸਟ ਵੀ ਕੀਤੇ ਗਏ। ਇਸ ਟੈਸਟ ਨਾਲ ਅਨੀਮਿਕ ਬੱਚਿਆਂ ਦੀ ਪਹਿਚਾਣ ਕਰਕੇ ਉਹਨਾਂ ਨੂੰ ਵਿਭਾਗ ਵਲੋਂ ਇਲਾਜ਼ ਮੁੱਹਈਆ ਕਰਵਾਇਆ ਜਾਵੇਗਾ।



ਸਿਵਲ ਸਰਜਨ ਨੇ ਐਡੋਲੋਸੈਂਟ ਵਿਦਿਆਰਥਣਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਇੱਕ ਖਾਸ ਉਮਰ ਵਿਚ ਆ ਕੇ ਹਾਰਮੋਨਲ ਤਬਦੀਲੀਆਂ ਕਾਰਨ ਕਈ ਵਾਰ ਸ਼ਰੀਰਕ ਕਮਜ਼ੋਰੀ ਅਤੇ ਖੂਨ ਦੀ ਕਮੀ ਹੋ ਜਾਂਦੀ ਹੈ। ਕਿਸ਼ੋਰੀਆਂ ਵਿੱਚ ਖੂਨ ਦੀ ਕਮੀ ਪਾਈ ਜਾਣ ਦਾ ਮੁੱਖ ਕਾਰਣ ਸਮੇਂ ਸਿਰ ਅਤੇ ਸੰਤੁਲਿਤ ਆਹਾਰ ਨਾ ਲੈਣਾ ਹੈ। ਸਭ ਨੂੰ ਸੰਤੁਲਿਤ ਭੋਜਨ ਜਿਵੇਂ ਹਰੇ ਪੱਤੇਦਾਰ ਸਬਜੀਆਂ, ਮੌਸਮੀ ਫਲ, ਚਨੇ, ਗੁੜ, ਸੋਇਆਬੀਨ ਪਦਾਰਥ, ਦੁੱਧ, ਦਹੀ ਆਦਿ ਲੈਣਾ ਚਾਹੀਦਾ ਹੈ। ਖੂਨ ਦੀ ਕਮੀ ਹੋਣ ਦਾ ਦੂਜਾ ਕਾਰਣ ਪੇਟ ਦੇ ਕੀੜੇ ਵੀ ਹੋ ਸਕਦੇ ਹਨ, ਇਸ ਲਈ ਇਹਨਾਂ ਤੋਂ ਬਚਾਅ ਲਈ ਪੇਟ ਦੇ ਕੀੜਿਆ ਤੋਂ ਮੁਕਤੀ ਸਬੰਧੀ ਦਵਾਈ ਜਰੂਰੀ ਲੈਣੀ ਚਾਹੀਦੀ ਹੈ। ਖੂਨ ਦੀ ਕਮੀ ਤੋਂ ਬਚਾਅ ਲਈ ਕਿਸ਼ੋਰ ਕਿਸ਼ੋਰੀਆਂ ਸਭ ਨੂੰ ਆਪਣੇ ਖਾਣ ਪੀਣ ਦਾ ਖ਼ਾਸ ਖਿਆਲ ਰੱਖਣਾ ਚਾਹੀਦਾ ਹੈ। ਕਿਉਂਕਿ ਅੱਜ ਦੀਆਂ ਬੇਟੀਆਂ ਨੇ ਹੀ ਕੱਲ ਤੰਦਰੁਸਤ ਸਮਾਜ ਦੀ ਸਿਰਜਣਾ ਕਰਨੀ ਹੈ। ਇਹ ਤਾਂ ਹੀ ਸੰਭਵ ਹੈ ਜੇ ਸਾਡੀਆਂ ਧੀਆਂ ਤੰਦਰੁਸਤ ਹੋਣਗੀਆਂ।

ਇਸ ਦੌਰਾਨ ਸਿਵਲ ਸਰਜਨ ਨੇ ਬੱਚਿਆਂ ਨੂੰ ਦਿੱਤੇ ਜਾਣ ਵਾਲੇ ਮਿਡ ਡੇ ਮੀਲ ਦੀ ਗਹਿਨਤਾ ਨਾਲ ਜਾਂਚ ਕੀਤੀ। ਉਹਨਾਂ ਖਾਣੇ ਦੀ ਕੁਆਲਿਟੀ, ਬਣਾਉਣ ਵਾਲੀ ਥਾਂ ਦੀ ਸਾਫ ਸਫ਼ਾਈ ਅਤੇ ਖਾਣਾ ਬਣਾਉਣ ਵਾਲੇ ਵਰਕਰਾਂ ਦੇ ਹੱਥਾਂ ਦੀ ਨਿਜੀ ਸਫ਼ਾਈ ਵੱਲ ਵਿਸ਼ੇਸ਼ ਧਿਆਨ ਦਿੱਤਾ। ਇਸ ਮੌਕੇ ਗੱਲਬਾਤ ਕਰਦਿਆਂ ਉਹਨਾਂ ਕਿਹਾ ਕਿ ਬੱਚਿਆਂ ਦੀ ਸ਼ਰੀਰਕ ਤੰਦਰੁਸਤੀ ਲਈ ਉਹਨਾਂ ਨੂੰ ਦਿੱਤਾ ਜਾਣ ਵਾਲਾ ਭੋਜਨ ਪੌਸ਼ਟਿਕ ਤੇ ਸਾਫ ਸੁਥਰਾ ਹੋਣਾ ਚਾਹੀਦਾ ਹੈ। ਸਿਵਲ ਸਰਜਨ ਵੱਲੋਂ ਮਿਡ ਡੇਅ ਮੀਲ ਦੀ ਗੁਣਵੱਤਾ ਤੇ ਤਸੱਲੀ ਪ੍ਰਗਟਾਈ। ਇਸ ਮੌਕੇ ਉਨ੍ਹਾਂ ਦੇ ਨਾਲ ਡਾ.ਲਕਸ਼ਮੀਕਾਂਤ ਅਤੇ ਭੁਪਿੰਦਰ ਸਿੰਘ ਵੀ ਹਾਜ਼ਰ ਸਨ।


## “ਦੇਸ਼ ਦੁਆਬਾ”

### ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ–ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ “ਦੇਸ਼ ਦੁਆਬਾ” ਵਿਚ ਲਗਵਾਓ।

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ। ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ ’ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ। ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ–ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ–ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**E-mail : deshdoaba@yahoo.com**

**(ਸੰਪਰਕ) 1-916-947-8920, (ਫੈਕਸ) 1-916-238-1393**

www.deshdoaba.com www.ambedkartimes.com


ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ–ਘਾਟਾ ਕਰਨ ਦਾ ਅਧਿਕਾਰ ਅਦਾਰਾ ’ਦੇਸ਼ ਦੁਆਬਾ’ ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। –ਸੰਪਾਦਕ

# ਪਿੰਡਾਂ ’ਚ ਬਿਨਾ ਕਿਸੇ ਰੁਕਾਵਟ ਦੇ ਉਪਲਬੱਧ ਕਰਵਾਈਆਂ ਜਾ ਰਹੀਆਂ ਹਨ ਬੁਨਿਆਦੀ ਸੁਵਿਧਾਵਾਂ - ਬ੍ਰਹਮ ਸ਼ੰਕਰ ਜਿੰਪਾ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)-** ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨੇ ਕਿਹਾ ਕਿ ਜ਼ਿਲ੍ਹੇ ਦੇ ਪਿੰਡਾਂ ਵਿਚ ਬੁਨਿਆਦੀ ਸੁਵਿਧਾਵਾਂ ਬਿਨਾ ਕਿਸੇ ਰੁਕਾਵਟ ਨਾਲ ਉਪਲਬੱਧ ਕਰਵਾਉਣ ਲਈ ਪੰਜਾਬ ਸਰਕਾਰ ਲਗਾਤਾਰ ਯਤਨਸ਼ੀਲ ਹੈ। ਉਹ ਪਿੰਡ ਬੱਸੀ ਕਿੱਕਰਾਂ ਵਿਖੇ 25 ਲੱਖ ਰੁਪਏ ਦੀ ਲਾਗਤ ਨਾਲ ਬਣੀ ਸੜਕ ਦੇ ਉਦਘਾਟਨ ਦੌਰਾਨ ਪਿੰਡ ਵਾਸੀਆਂ ਨੂੰ ਸੰਬੋਧਨ ਕਰ ਰਹੇ ਸਨ। ਇਸ ਮੌਕੇ ਉਨ੍ਹਾਂ ਨਾਲ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਡਿਪਟੀ ਮੇਅਰ ਰਣਜੀਤ ਚੌਧਰੀ ਵੀ ਮੌਜੂਦ ਸਨ।

ਕੈਬਨਿਟ ਮੰਤਰੀ ਨੇ ਕਿਹਾ ਕਿ ਪਿੰਡ ਵਿਚ ਸੜਕ ਬਣਾਉਣ ਦੀ ਲੰਬੇ ਸਮੇਂ ਤੋਂ ਮੰਗ ਸੀ, ਜਿਸ ਨੂੰ ਪਹਿਲ ਦੇ ਆਧਾਰ ’ਤੇ ਬਣਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਜਿਥੇ ਪਿੰਡ ਵਾਸੀਆਂ ਦੀਆਂ ਸਮੱਸਿਆ ਦਾ ਹੱਲ ਹੋਇਆ ਹੈ, ਉਥੇ ਇਲਾਕੇ ਦੀ ਨੁਹਾਰ ਵੀ ਬਦਲੀ ਹੈ। ਉਨ੍ਹਾਂ ਕਿਹਾ ਕਿ ਹੁਸ਼ਿਆਰਪੁਰ



ਵਿਧਾਨ ਸਭਾ ਹਲਕੇ ਦੇ ਪਿੰਡਾਂ ਵਿਚ ਪਿਛਲੇ ਕੁਝ ਸਮੇਂ ਵਿਚ ਕਰੀਬ 8 ਕਰੋੜ ਰੁਪਏ ਦੇ ਵਿਕਾਸ ਕਾਰਜ ਕਰਵਾਏ ਜਾ ਚੁੱਕੇ ਹਨ। ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਕੇਵਲ ਇਕ ਸਾਲ ਵਿਚ ਜੋ ਵਿਕਾਸ ਦੇ ਨਵੇਂ ਕੀਰਤੀਮਾਨ ਸਥਾਪਿਤ ਕੀਤੇ ਹਨ, ਉਹ ਹੁਣ ਤੱਕ ਕੋਈ ਸਰਕਾਰ ਨਹੀਂ ਕਰ ਸਕੀ ਹੈ। ਉਨ੍ਹਾਂ ਕਿਹਾ ਕਿ 30 ਹਜ਼ਾਰ ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਗਈਆਂ, ਲੋਕਾਂ ਨੂੰ 600 ਯੂਨਿਟ ਮੁਫ਼ਤ ਬਿਜਲੀ ਦਿੱਤੀ ਗਈ। ਇਸ ਤੋਂ ਇਲਾਵਾ ਆਮ ਆਦਮੀ ਕਲੀਨਿਕਾਂ ਰਾਹੀਂ ਸਿਹਤ ਸੁਰੱਖਿਆ ਨੂੰ ਯਕੀਨੀ ਬਣਾਉਣ ਤੋਂ ਇਲਾਵਾ ਸਿੱਧੇ ਜਨਤਾ ਤੱਕ ਕਈ ਯੋਜਨਾਵਾਂ ਦਾ ਲਾਭ ਪਹੁੰਚਾਇਆ ਗਿਆ ਹੈ। ਇਸ ਮੌਕੇ ਪਿੰਡ ਦੀ ਸਰਪੰਚ ਕਮਲਾ ਦੇਵੀ, ਪੰਚ ਮਨਜੀਤ ਕੌਰ, ਐਡਵੋਕੇਟ ਅਮਰਜੋਤ ਸੈਣੀ ਅਤੇ ਪਿੰਡ ਦੀ ਪੰਚਾਇਤ ਦੇ ਮੈਂਬਰ ਵੀ ਮੌਜੂਦ ਸਨ।

# ਕੁਦਰਤੀ ਇਲਾਜ਼ ਪ੍ਰਣਾਲੀ ਨੂੰ ਪ੍ਰਫੁੱਲਤ ਕਰਨ ਵਾਲੇ ਡਾਕਟਰ ਆਜ਼ਾਦ ਦੀ ਬੇਵਕਤੀ ਮੌਤ

**ਪਟਿਆਲਾ/ਚੰਡੀਗੜ੍ਹ, (ਦਲਜੀਤ ਕੌਰ)** ਲੋਕ ਪੱਖੀ-ਜਮਹੂਰੀ ਆਗੂ ਅਤੇ ਪੰਜਾਬ ਵਿੱਚ ਕੁਦਰਤੀ ਇਲਾਜ਼ ਪ੍ਰਣਾਲੀ ਨੂੰ ਪਰਫੂਲਤ ਕਰਨ ਵਾਲੇ ਡਾਕਟਰ ਅਮਰ ਸਿੰਘ ਅਜ਼ਾਦ ਸਾਡੇ ਵਿਚਕਾਰ ਨਹੀ ਰਹੇ ਹਨ। ਐਲੋਪੈਥੀ ਇਲਾਜ ਪ੍ਰਣਾਲੀ ਵਿੱਚ ਐਮਬੀਬੀਐਸ ਅਤੇ ਦੋ ਐਮਡੀਆਂ ਕਰਨ ਉਪਰੰਤ ਉਹ ਕੁਦਰਤੀ ਇਲਾਜ ਪ੍ਰਣਾਲੀ ਨੂੰ ਪ੍ਰਚਾਰਨ, ਉਸ ਬਾਰੇ ਪ੍ਰੈਕਟਿਸ ਕਰਨ ਅਤੇ ਮੋਟੇ ਅਨਾਜਾਂ (ਮਿਲਟ) ਦਾ ਸੇਵਨ ਕਰਨ 'ਤੇ ਜ਼ੋਰ ਦਿੰਦੇ ਆ ਰਹੇ ਸਨ। ਡਾ. ਆਜ਼ਾਦ ਨੇ ਮੂਲ ਅਨਾਜ਼ ‘ਤੇ ਬਹੁਤ ਕੰਮ ਕੀਤਾ ਅਤੇ ਲੱਖਾਂ ਲੋਕਾਂ ਨੂੰ ਸਿਹਤ ਪ੍ਰਤੀ ਜਾਗਰੂਕ ਕਰਕੇ ਭਿਆਨਕ ਬਿਮਾਰੀਆਂ ਤੋਂ ਬਚਾਇਆ ਅਤੇ ਇਲਾਜ ਕੀਤਾ। ਸ੍ਰੀ ਅਮਰ ਸਿੰਘ ਆਜ਼ਾਦ ਜੋ ਕਿ ਐਮ.ਡੀ. ਪੀਡੀਆਟ੍ਰਿਕਸ ਤੇ ਕਮਿਊਨਿਟੀ ਮੈਡੀਸਨ ਡਿਗਰੀ ਹਾਸਲ ਉੱਘੇ ਸਿਹਤ ਮਾਹਰ ਸਨ। ਉਹ ਦੇਸ਼ ਦੀ ਪੁਰਾਤਨ ਇਲਾਜ਼ ਪੱਧਤੀ, ਯੂਨਾਨੀ, ਆਯੁਰਵੈਦਿਕ ਤੇ ਹੋਮਿਓਪੈਥੀ ਦੇ ਮਾਹਰ ਸਨ। ਡਾਕਟਰ ਅਮਰ ਆਜ਼ਾਦ ਉਹ ਸਨ ਜਿਹਨਾਂ ਨੇ ਕਰੋਨਾ ਕਾਲ 'ਚ ਅੱਗੇ ਹੋ ਕੇ ਡੱਟਵਾਂ ਵਿਰੋਧ ਕੀਤਾ ਤੇ ਡੰਕੇ ਦੀ ਚੋਟ ਤੇ ਕਿਹਾ ਕਿ ਕਰੋਨਾ ਇੱਕ ਨਾਰਮਲ



ਫਲੂ ਹੈ ਡਰਨ ਦੀ ਲੋੜ ਨਹੀਂ ਹੈ, ਉਨ੍ਹਾਂ ਨੇ ਕਰੋਨਾ ਵੈਕਸੀਨਾਂ ਦੇ ਟੀਕਿਆਂ ਦਾ ਵੀ ਜ਼ਬਰਦਸਤ ਵਿਰੋਧ ਕੀਤਾ ਸੀ। ਉਹ ਕੁਦਰਤੀ ਖੇਤੀ ਕਰਨਾ ਤੇ ਕਰਨ ਨੂੰ ਪ੍ਰੇਰਿਤ ਕਰਦੇ ਸਨ ਘਰੇਲੂ ਉਪਚਾਰਾ ਨਾਲ ਇਲਾਜ ਕਰਨ ਦੇ ਮਾਹਿਰ ਸਨ।

ਡਾ. ਅਮਰ ਸਿੰਘ ਆਜ਼ਾਦ ਦੇ ਵਿਛੋੜੇ ਨਾਲ ਅਸੀਂ ਇੱਕ ਵਿਲੱਖਣ ਸ਼ਖਸੀਅਤ ਤੋਂ ਵਾਂਝੇ ਹੋ ਗਏ ਹਾਂ। ਉਹਨਾਂ ਦਾ ਬੇਵਕਤ ਚਲਾਣਾ ਸਾਡੇ ਸਮਾਜ ਲਈ ਬਹੁਤ ਵੱਡਾ ਘਾਟਾ ਹੈ। ਅੱਜ ਪਟਿਆਲਾ ਵਿਖੇ ਉਹਨਾਂ ਦਾ ਅੰਤਿਮ ਸਸਕਾਰ ਕਰ ਦਿੱਤਾ ਗਿਆ ਹੈ। ਡਾ. ਅਮਰ ਸਿੰਘ ਆਜ਼ਾਦ ਇੱਕ ਆਜ਼ਾਦ ਤਬੀਅਤ ਅਤੇ ਅਗਾਂਹਵਧੂ ਨਰੋਈ ਵਿਚਾਰਧਾਰਾ ਵਾਲੇ ਸ਼ਾਨਦਾਰ ਸਾਥੀ ਸਨ। ਉਹਨਾ ਨੇ ਸਿਹਤ ਵਿਭਾਗ ਵਿੱਚ ਬਤੌਰ ਐਸ.ਐਮ.ਓ. ਕੰਮ ਕਰਦਿਆਂ ਮਿਹਨਤ ਅਤੇ ਇਮਾਨਦਾਰੀ ਦੀ ਮਿਸਾਲ ਕਾਇਮ ਕੀਤੀ ਸੀ ਅਤੇ ਸਿਸਟਮ ਦੀ ਲਾਲ ਫੀਤਾਸ਼ਾਹੀ ਨੂੰ ਸਦਾ ਚੈਲੇਂਜ ਕਰਦੇ ਰਹੇ ਸਨ। ਉਹਨਾ ਨੂੰ ਸਲਾਮ ਹੈ। ਅਕਾਲ ਪੁਰਖ ਅੱਗੇ ਅਰਦਾਸ ਹੈ ਕਿ ਉਹ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਸਦੀਵੀ ਨਿਵਾਸ ਬਖ਼ਸ਼ਣ ਅਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ।

# ਜਵਾਹਰ ਨਵੋਦਿਆ ਵਿਦਿਆਲਿਆ ਨਾਜੋਚੱਕ ਵਿਖੇ 6ਵੀਂ ਕਲਾਸ ਵਿੱਚ ਦਾਖਲੇ ਲਈ 10 ਅਗਸਤ 2023 ਤੱਕ ਕੀਤਾ ਜਾ ਸਕਦਾ ਹੈ ਅਪਲਾਈ

ਪਠਾਨਕੋਟ, (ਰਾਜਿੰਦਰ ਸਿੰਘ ਰਾਜਨ) ਜਵਾਹਰ ਨਵੋਦਿਆ ਵਿਦਿਆਲਿਆ ਨਾਜੋਚੱਕ ਦੇ ਪ੍ਰਿੰ: ਡਾ. ਸੰਦੀਪ ਕੁਮਾਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਰ ਸਾਲ ਹੀ ਜਵਾਹਰ ਨਵੋਦਿਆ ਵਿਦਿਆਲਿਆ ਨਾਜੋਚੱਕ ਵੱਲੋਂ 6ਵੀਂ ਕਲਾਸ ਵਿਚ ਦਾਖਿਲਾ ਲੈਣ ਲਈ ਦਾਖਿਲਾ ਪ੍ਰੀਖਿਆ -2024 ਆਯੋਜਿਤ ਕੀਤੀ ਗਈ ਹੈ ਜਿਸ ਲਈ 10 ਅਗਸਤ 2023 ਤੱਕ ਅਵੇਦਨ ਕੀਤੇ ਜਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਦਾਖਿਲਾ ਪ੍ਰੀਖਿਆ 20 ਜਨਵਰੀ 2024 ਨੂੰ ਆਯੋਜਿਤ ਕੀਤੀ ਜਾਵੇਗੀ।

ਜਾਣਕਾਰੀ ਦਿੰਦਿਆਂ ਪ੍ਰਿੰਸੀਪਲ ਡਾ. ਸੰਦੀਪ ਕੁਮਾਰ ਨੇ ਦੱਸਿਆ ਕਿ ਜਿਲ੍ਹਾ ਪਠਾਨਕੋਟ ਦੇ ਜੋ ਵਿਦਿਆਰਥੀ 6ਵੀਂ ਕਲਾਸ ਵਿੱਚ ਦਾਖਿਲਾ ਲੈਣਾ ਚਾਹੁੰਦੇ ਹਨ ਉਹ ਅਪਣੀਆਂ ਅਰਜੀਆਂ ਆਨ ਲਾਈਨ ਅਪਲਾਈ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਅਪਲਾਈ ਕਰਨ ਲਈ www.navodaya.gov.in Navodaya.gov.in/nvs/en/Admission-JNVST/JNVST-class/andvidyalayawebsite ਲਿੰਕ ਜਾਂ ਸਕੂਲ ਦੀ ਵੈਬਸਾਈਟ http://navodaya.gov.in/nvs/nvs-school/pathankot/en/home/index/html ਤੇ ਸੰਪਰਕ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਸਰਕਾਰੀ



ਜਾਂ ਸਰਕਾਰ ਵੱਲੋਂ ਮਾਨਤਾ ਪ੍ਰਾਪਤ ਸਕੂਲਾਂ ਦੇ ਵਿਦਿਆਰਥੀਆਂ ਤੋਂ ਇਲਾਵਾ ਸੀ.ਬੀ.ਐਸ.ਸੀ. ਜਾਂ ਆਈ.ਸੀ.ਐਸ.ਈ. ਦੇ ਵਿਦਿਆਰਥੀ ਜੋ ਪੰਜਵੀਂ ਕਲਾਸ ਵਿੱਚ ਪੜਦੇ ਹਨ ਦਾਖਿਲੇ ਲਈ ਅਪਲਾਈ ਕਰ ਸਕਦੇ ਹਨ।






# ਬਾਪ ਦਿਲ ਦਾ ਸਾਫ ਸੁਥਰਾ ਇਨਸਾਨ ਹੁੰਦਾ ਹੈ ਬੱਸ ਫਰਕ ਇਹੀ ਹੈ ਕਿ ਬਾਪ ਦੀ ਬੋਲੀ ਕੌੜੀ ਹੁੰਦੀ ਹੈ

ਆਪਣੀਂ ਜ਼ਿੰਦਗੀ 'ਚ ਜਿੰਨਾ ਸਾਥ ਆਪਣਾ ਮਾਂ ਪਿਉ ਦਿੰਦਾ ਹੈ। ਉਨ੍ਹਾਂ ਸਾਥ ਤਾਂ ਕੋਈ ਵੀ ਇੰਨਸਾਨ ਨਹੀਂ ਦੇ ਸਕਦਾਂ ਸਾਰੀ ਜ਼ਿੰਦਗੀ ਬੇਸ਼ੱਕ ਚਾਹੇ ਕਿੰਨੀ ਵੀ ਕਿਸੇ ਨਾਲ ਦੋਸਤੀ ਹੋਵੇ ਕਿੰਨੀਂ ਵੀ ਜਾਂਣ ਪਛਾਣ ਹੋਵੇ। ਦੂਸਰੀ ਗੱਲ ਇਹ ਵੀ ਹੈ ਕਿ ਆਪਾਂ ਲਿਖਤਾਂ ਚ ਵੀ ਪੜਦੇ ਰਹਿੰਦੇ ਹਾ ਸਾਰੇ ਫਿਰ ਪੁਰਾਣੀਆਂ ਕਹਾਵਤਾਂ ਵੀ ਸੁਣਦੇ ਹਾ ਅਤੇ ਬਾਕੀ ਹੋਰ ਨਵੇਂ ਪੁਰਾਣੇ ਗੀਤਾਂ ਚ ਵੀ ਇਹੀ ਜਿੱਕਰ ਕੀਤਾਂ ਗਿਆ ਹੈ ਕਿ ਮਾਂ ਤਾ ਰੱਬ ਦਾ ਰੂਪ ਹੈ। ਚਲੋ ਆਪਾਂ ਇਹ ਗੱਲ ਨਾ਼ਲ ਵੀ ਸਾਰੇ ਸਹਿਮਤ ਹਾਂ ਇਹ ਗੱਲ ਬਿਲਕੁਲ ਸਹੀ ਹੈ ਕੋਈ ਵੀ ਸੱਕ ਨਹੀਂ ਹੈ।

ਇਸ ਗੱਲ ਦੇ ਨਾਲ-ਨਾਲ ਜੇਕਰ ਆਪਾਂ ਆਪਣੇ ਪਿਉ ਦੀ ਗੱਲ ਕਰੀਏ ਤਾਂ ਪਿਉ ਆਪਾਂ ਨੂੰ ਮਾਂ ਤੋਂ ਵੀ ਕਈ ਗੁਣਾਂ ਜ਼ਿਆਦਾ ਪਿਆਰ ਕਰਦਾ ਹੁੰਦਾ ਹੈ।

ਬੱਸ ਫ਼ਰਕ ਸਿਰਫ਼ ਇਹੀ ਹੈ ਕਿ ਪਿਉ ਦੇ ਦਿਲ ਚ ਕੁਛ ਨਹੀਂ ਹੁੰਦਾ ਦਿਲ ਦਾ ਬਿਲਕੁਲ ਸਾਫ ਇੰਨਸਾਨ ਹੁੰਦਾ ਹੈ।ਪਰ ਪਿਉ ਦੀ ਬੋਲੀ ਬਹੁਤ ਜ਼ਿਆਦਾ ਗਰਮ ਹੁੰਦੀ ਹੈ ਪਿਉ ਗ਼ੁੱਸੇ ਚ ਆ ਕੇ ਆਪਾਂ ਨੂੰ ਅੜਬ ਸੁਭਾਅ ਨਾਲ ਬੋਲਦਾ ਹੈ।ਉਹ ਵੀ ਆਪਣੇ ਮੂੰਹ ਤੇ ਪਤਾ ਨਹੀਂ ਕੀ ਕੁਛ ਬੋਲ ਜਾਵੇ।

ਪਿਉ ਬੜਬੋਲਾ ਹੁੰਦਾ ਹੈ ਦਿਲ ਦਾ ਬਿਲਕੁਲ ਸਾਫ ਇੰਨਸਾਨ ਪਿਉ ਕਦੇ ਵੀ ਮਨ ਦੀ ਗੱਲ ਮਨ ਚ ਨਹੀਂ ਰੱਖਦਾ ਹੁੰਦਾ ਹੈ।

ਆਪਾਂ ਨੂੰ ਗੁੱਸੇ ਚ ਆ ਕੇ ਪਤਾ ਨਹੀਂ ਕੀ ਕੁਛ ਬੋਲ ਜਾਵੇ।

ਜੋਂ ਵੀ ਇੰਨਸਾਨ ਆਪਣੇ ਬਾਪੂ ਦਾ ਗੁੱਸਾ ਕਰਦਾ ਹੈ ਆਪਣੇ ਬਾਪੂ ਤੋਂ ਨਫ਼ਰਤ ਕਰਦਾ ਹੈ ਅਤੇ ਆਪਣੇ ਬਾਪੂ ਨੂੰ ਨਹੀਂ ਬਲਾਉਂਦਾ ਮੈਂ ਤਾਂ ਉਸਨੂੰ ਮੂਰਖ਼ ਹੀ ਸਮਝਦਾਂ ਹਾਂ।

ਕਿਉਂਕਿ ਅੱਜ ਦਾ ਸਮਾਂ ਬਹੁਤ ਜ਼ਿਆਦਾ ਗ਼ਲਤ ਹੈ। ਬਹੁਤ ਜ਼ਿਆਦਾ ਹੱਦੋਂ ਵੱਧ ਕੱਲਯੁਗ ਹੈ।

ਇਸ ਤੋਂ ਬਾਅਦ ਤਾ ਸਮਾਂ ਹੋਰ ਵੀ ਬਹੁਤ ਜ਼ਿਆਦਾ ਭਿਆਨਕ ਆਵੇਗਾ।

ਫੇਰ ਗੱਲ ਇਹ ਵੀ ਹੈ ਕਿ ਨਸ਼ਾ ਹੱਦੋਂ ਜ਼ਿਆਦਾ ਵੱਧ ਗਿਆ, ਲੁੱਟਾਂ ਖੋਹਾਂ ਥਾ ਥਾ ਹੋ ਰਹੀਆਂ ਨੇ, ਬਾਕੀ ਇਸ ਦੇ ਨਾਲ ਨਾਲ ਕਿਸੇ ਵੀ ਬੱਚੇ ਨੂੰ ਕੋਈ ਪੱਕਾ ਰੁਜ਼ਗਾਰ ਨਹੀਂ ਮਿਲ ਰਿਹਾ ਹੈ।

ਮਹਿੰਗਾਈ ਬਹੁਤ ਜ਼ਿਆਦਾ ਹੋ ਗਈ ਹੈ।

ਖਰਚੇ ਪੂਰੇ ਨਹੀਂ ਹੋ ਰਹੇ ਆਪਾ ਸਭ ਨੂੰ ਪਤਾ ਹੈ। ਇਸ ਕਰਕੇ ਘਰ ਘਰ ਕਲੇਸ ਹੁੰਦਾ ਹੀ ਰਹਿੰਦਾ ਹੈ ਸੁੱਭਾ ਸ਼ਾਮ।

ਇਸ ਕਰਕੇ ਹਰ ਮਾਂ ਬਾਪ ਆਪਣੇ ਬੱਚੇ ਦਾ ਹੱਦੋਂ ਵੱਧ ਫ਼ਿਕਰ ਕਰਦਾ ਹਰ ਮਾਂ ਬਾਪ ਇਹੀ ਚਹੁੰਦਾ ਹੈ ਕਿ ਸਾਡਾ ਬੱਚਾ ਸੌਖਾ ਹੋਵੇ ਸਾਡੇ ਬੱਚੇ ਨੂੰ ਰੁਜ਼ਗਾਰ ਮਿਲੇ ਸਾਡੇ ਬੱਚੇ ਨੂੰ ਹਰ ਪ੍ਰਕਾਰ ਦੀ ਸਹੂਲਤ ਮਿਲੇ।



ਜਗਨ ਉੱਗੋਕੇ ਧਾਲੀਵਾਲ
91-99155-98209

ਜਦੋਂ ਵੀ ਕੋਈ ਬੱਚਾ ਘਰੋਂ ਬਾਹਰ ਜਾਂਦਾ ਹੈ।

ਤਾ ਹਾਲਾਤ ਮਾੜੇ ਕਰਕੇ ਉਸਨੂੰ ਮਾਂ ਬਾਪ ਵੱਲੋਂ ਇਹੀ ਪੁਛਿਆ ਜਾਂਦਾ ਹੈ ਕਿ ਕਿਥੇ ਗਏ ਸੀ, ਕਿੰਨਾ ਸਮਾਂ ਲਾਇਆ, ਇੰਨਾ ਲੇਟ ਕਿਉ ਆਏ ਉ, ਫਲਾਣੇ ਥਾ ਕੀ ਕਰਨ ਗਏ ਸੀ, ਫ਼ਲਾਣੇ ਕੋਲ ਖੜ੍ਹੇ ਕੀ ਗੱਲਾਂ ਕਰਦੇ ਸੀ।

ਅੱਜ ਕੱਲ੍ਹ ਦੇ ਹਲਾਤ ਬਹੁਤ ਜ਼ਿਆਦਾ ਗ਼ਲਤ ਨੇਂ ਹਰ ਮਾਂ ਬਾਪ ਆਪਣੇ ਬੱਚਿਆਂ ਨੂੰ ਸੁਆਲ ਜੁਆਬ ਕਰ ਸਕਦਾ।

ਕਿਉਂਕਿ ਮਾਂ ਬਾਪ ਪਹਿਲਾਂ ਤੋਂ ਹੀ ਸਭ ਹਲਾਤਾਂ ਚੋ ਬਾਹਰ ਨਿਕਲੇ ਹੁੰਦੇਆਂ ਉਨ੍ਹਾਂ ਨੂੰ ਸਭ ਪਤਾ ਹੁੰਦਾ ਬਾਕੀ ਹਰ ਮਾਂ ਬਾਪ ਨੂੰ ਇਹੀ ਫ਼ਿਕਰ ਹੁੰਦਾ ਹੈ ਕਿ ਕਿਤੇ ਕੁਛ ਗਲਤ ਨਾ ਹੋ ਜਾਵੇ ਸਾਡੇ ਬੱਚੇ ਤੇ ਕੋਈ ਇਲਜ਼ਾਮ ਨਾਂ ਲੱਗ ਜਾਵੇ ਕਿਉਂਕਿ ਅੱਜ ਕੱਲ੍ਹ ਸਮਾਂ ਹੀ ਅਜਿਹਾ ਹੈ ਕਿ ਕਰਦਾ ਕੋਈ ਹੋਰ ਹੈ ਅਤੇ ਭਰਦਾ ਕੋਈ ਹੋਰ ਹੈ।

ਕੋਈ ਅਤਾ ਪਤਾ ਨਹੀਂ ਕਦੋਂ ਵੀ ਕੀ ਹੋ ਜਾਵੇ।

ਇਸ ਕਰਕੇ ਆਪਣੇ ਬਾਪ ਦਾ ਬਿਲਕੁਲ ਹੀ ਗੁੱਸਾ ਨਹੀਂ ਕਰਨਾ ਚਾਹੀਦਾ ਹੈ।

ਬੱਸ ਫ਼ਰਕ ਇਹੀ ਹੈ ਕਿ ਬਾਪ ਜੋਂ ਵੀ ਮਨ ਚ ਆਉਂਦਾ ਬੋਲ ਦਿੰਦਾ ਹੈ।ਬਾਪ ਦੀ ਬੋਲੀ ਬਹੁਤ ਜ਼ਿਆਦਾ ਕੌੜੀ ਹੁੰਦੀ।

ਪਰ ਇਸ ਦੁਨੀਆਂ ਚ ਇੱਕ ਬਾਪ ਹੀ ਇੰਨਸਾਨ ਦਾ ਸਭ ਤੋਂ ਜ਼ਿਆਦਾ ਸੱਚਾ ਸੁੱਚਾ ਸਾਥੀ ਹੁੰਦਾ ਹੈ।

ਜਦੋਂ ਇੰਨਸਾਨ ਤੇ ਕੋਈ ਬਿਪਤਾ ਪੈਂਦੀ ਹੈ ਤਾਂ ਉਦੋਂ ਸਿਰਫ ਬਾਪ ਹੀ ਕਹਿੰਦਾ ਹੁੰਦਾ ਮੋਢੇ ਤੇ ਹੱਥ ਰੱਖ ਕੇ ਆਪਣੇ ਪੁੱਤ ਨੂੰ ਕਿ ਕਿਸੇ ਵੀ ਤਰ੍ਹਾਂ ਦਾ ਫ਼ਿਕਰ ਨਾ ਕਰ ਮੈਂ ਤੇਰੇ ਨਾਲ ਹਾਂ।

ਮੇਰੇ ਹੁੰਦੇ ਤੈਨੂੰ ਘਬਰਾਉਣ ਦੀ ਜ਼ਰੂਰਤ ਨਹੀਂ।

ਇਸ ਕਰਕੇ ਹਰ ਇੰਨਸਾਨ ਨੂੰ ਬਾਪ ਦੀ ਗਰਮੀ ਨੂੰ ਸਹਿਣਾ ਚਾਹੀਦਾ ਹੈ।

ਜਿੰਨਾ ਦੇ ਸਿਰ ਤੇ ਬਾਪ ਦਾ ਛਾਇਆ ਨਹੀਂ ਹੁੰਦਾ ਉਨ੍ਹਾਂ ਨੂੰ ਪੁੱਛ ਕੇ ਵੇਖੋ ਬਾਪ ਕੀ ਹੈ।

*****

# ਫਰਾਂਸ ਵਿਚ ਹਿੰਸਾ: 72 ਤੋਂ ਵੱਧ ਲੋਕ ਹਿਰਾਸਤ ਵਿੱਚ ਲਏ



**ਪੈਰਿਸ-** ਫਰਾਂਸ ਵਿਚ ਹੋ ਰਹੇ ਰੋਸ ਮੁਜ਼ਾਹਰੇ ਛੇਵੇਂ ਦਿਨ ਵਿਚ ਦਾਖਲ ਹੋ ਗਏ ਹਨ। ਪੁਲੀਸ ਨੇ ਸੋਮਵਾਰ ਰਾਤ ਕਰੀਬ 72 ਜਣਿਆਂ ਨੂੰ ਹਿਰਾਸਤ 'ਚ ਲਿਆ ਹੈ। ਜ਼ਿਕਰਯੋਗ ਹੈ ਕਿ ਪੈਰਿਸ ਦੇ ਉਪਨਗਰ ਵਿਚ ਇਕ





ਲੜਕੇ ਦੀ ਪੁਲੀਸ ਦੀ ਗੋਲੀ ਨਾਲ ਹੋਈ ਮੌਤ ਮਗਰੋਂ ਦੇਸ਼ ਵਿਚ ਦੰਗੇ ਭੜਕ ਗਏ ਸਨ। ਹਾਲਾਂਕਿ ਸੋਮਵਾਰ ਤੇ ਮੰਗਲਵਾਰ ਦੀ ਦਰਮਿਆਨੀ ਰਾਤ ਨੂੰ ਸਥਿਤੀ ਬੀਤੀਆਂ ਰਾਤਾਂ ਨਾਲੋਂ ਕੁਝ ਬਿਹਤਰ ਰਹੀ ਹੈ। ਗ੍ਰਿਫ਼ਤਾਰ ਕੀਤੇ ਗਏ 72 ਜਣਿਆਂ ਵਿਚੋਂ 24 ਪੈਰਿਸ 'ਚ ਹਿਰਾਸਤ 'ਚ ਲਏ ਗਏ ਹਨ। ਇਸ ਤੋਂ ਇਕ ਦਿਨ ਪਹਿਲਾਂ ਵੀ 157 ਜਣਿਆਂ ਨੂੰ ਹਿਰਾਸਤ ਵਿਚ ਲਿਆ ਗਿਆ ਸੀ। ਫਰਾਂਸ ਵਿਚ 27 ਜੂਨ ਨੂੰ ਸ਼ੁਰੂ ਹੋਏ ਦੰਗਿਆਂ ਤੋਂ ਬਾਅਦ ਕਰੀਬ 5900 ਵਾਹਨ ਸਾੜੇ ਜਾ ਚੁੱਕੇ ਹਨ, 12 ਹਜ਼ਾਰ ਤੋਂ ਵੱਧ ਕੂੜੇ ਦੇ ਡੱਬਿਆਂ ਨੂੰ ਅੱਗ ਲਾਈ ਜਾ ਚੁੱਕੀ ਹੈ, 1100 ਇਮਾਰਤਾਂ ਨੂੰ ਨੁਕਸਾਨ ਪੁੱਜਾ ਹੈ ਤੇ ਪੁਲੀਸ ਥਾਣਿਆਂ 'ਤੇ 270 ਹਮਲੇ ਹੋਏ ਹਨ। ਲਗਾਤਾਰ ਦੂਜੀ ਰਾਤ ਸਥਿਤੀ ਵਿਚ ਹਲਕਾ ਸੁਧਾਰ ਨਜ਼ਰ ਆਇਆ ਹੈ। ਦੱਸਣਯੋਗ ਹੈ ਕਿ 27 ਜੂਨ ਨੂੰ 17 ਸਾਲਾ ਲੜਕੇ ਨੂੰ ਉਸ ਵੇਲੇ ਗੋਲੀ ਮਾਰ ਦਿੱਤੀ ਗਈ ਸੀ ਜਦ ਉਸ ਨੇ ਪੁਲੀਸ ਦੇ ਹੁਕਮ ਨਹੀਂ ਮੰਨੇ। ਮੂਲ ਰੂਪ 'ਚ ਅਲਜੀਰੀਆ ਨਾਲ ਸਬੰਧਤ ਲੜਕੇ ਨੂੰ ਗੋਲੀ ਮਾਰਨ ਵਾਲੇ ਪੁਲੀਸ ਅਧਿਕ-ਾਰੀ ਨੂੰ ਹਿਰਾਸਤ ਵਿਚ ਲਿਆ ਗਿਆ ਹੈ। ਗ੍ਰਹਿ ਮੰਤਰਾਲੇ ਮੁਤਾਬਕ 2 ਜੁਲਾਈ ਦੀ ਰਾਤ ਨੂੰ 719 ਦੰਗਾਕਾਰੀਆਂ ਨੂੰ ਹਿਰਾਸਤ ਵਿਚ ਲਿਆ ਗਿਆ ਸੀ। ਦੰਗਾਕਾਰੀਆਂ ਨੇ ਇਕ ਮੇਅਰ ਦੇ ਘਰ ਨੂੰ ਵੀ ਨਿਸ਼ਾਨਾ ਬਣਾਇਆ ਸੀ।

ਜ਼ਿਕਰਯੋਗ ਹੈ ਕਿ ਪੈਰਿਸ ਦੇ ਉਪਨਗਰ ਵਿਚ ਇਕ ਲੜਕੇ ਦੀ ਪੁਲਿਸ ਦੀ ਗੋਲੀ ਨਾਲ ਹੋਈ ਮੌਤ ਮਗਰੋਂ ਦੇਸ਼ ਵਿਚ ਦੰਗੇ ਭੜਕ ਗਏ ਸਨ। ਹਾਲਾਂਕਿ ਸੋਮਵਾਰ ਤੇ ਮੰਗਲਵਾਰ ਦੀ ਦਰਮਿਆਨੀ ਰਾਤ ਨੂੰ ਸਥਿਤੀ ਬੀਤੀਆਂ ਰਾਤਾਂ ਨਾਲੋਂ ਕੁਝ ਬਿਹਤਰ ਰਹੀ ਹੈ। ਗ੍ਰਿਫ਼ਤਾਰ ਕੀਤੇ ਗਏ 72 ਜਣਿਆਂ ਵਿਚੋਂ 24 ਪੈਰਿਸ 'ਚ ਹਿਰਾਸਤ 'ਚ ਲਏ ਗਏ ਹਨ। ਇਸ ਤੋਂ ਇਕ ਦਿਨ ਪਹਿਲਾਂ ਵੀ 157 ਜਣਿਆਂ ਨੂੰ ਹਿਰਾਸਤ ਵਿਚ ਲਿਆ ਗਿਆ ਸੀ। ਫਰਾਂਸ ਵਿਚ 27 ਜੂਨ ਨੂੰ ਸ਼ੁਰੂ ਹੋਏ ਦੰਗਿਆਂ ਤੋਂ ਬਾਅਦ ਕਰੀਬ 5900 ਵਾਹਨ ਸਾੜੇ ਜਾ ਚੁੱਕੇ ਹਨ, 12 ਹਜ਼ਾਰ ਤੋਂ ਵੱਧ ਕੂੜੇ ਦੇ ਡੱਬਿਆਂ ਨੂੰ ਅੱਗ ਲਾਈ ਜਾ ਚੁੱਕੀ ਹੈ, 1100 ਇਮਾਰਤਾਂ ਨੂੰ ਨੁਕਸਾਨ ਪੁੱਜਾ ਹੈ ਤੇ ਪੁਲੀਸ ਥਾਣਿਆਂ 'ਤੇ 270 ਹਮਲੇ ਹੋਏ ਹਨ। ਲਗਾਤਾਰ ਦੂਜੀ ਰਾਤ ਸਥਿਤੀ ਵਿਚ ਹਲਕਾ ਸੁਧਾਰ ਨਜ਼ਰ ਆਇਆ ਹੈ। ਦੱਸਣਯੋਗ ਹੈ ਕਿ 27 ਜੂਨ ਨੂੰ 17 ਸਾਲਾ ਲੜਕੇ ਨੂੰ ਉਸ ਵੇਲੇ ਗੋਲੀ ਮਾਰ ਦਿੱਤੀ ਗਈ ਸੀ ਜਦ ਉਸ ਨੇ ਪੁਲੀਸ ਦੇ ਹੁਕਮ ਨਹੀਂ ਮੰਨੇ। ਮੂਲ ਰੂਪ 'ਚ ਅਲਜੀਰੀਆ ਨਾਲ ਸਬੰਧਤ ਲੜਕੇ ਨੂੰ ਗੋਲੀ ਮਾਰਨ ਵਾਲੇ ਪੁਲੀਸ ਅਧਿਕਾਰੀ ਨੂੰ ਹਿਰਾਸਤ ਵਿਚ ਲਿਆ ਗਿਆ ਹੈ।

SUNSHINE AUTO CARE INC.
WE REPAIR ALL MAKES & MODELS. AUTO, DIESEL TRUCK & TRAILERS
✓ DPF Filter Cleaning
✓ Clutch
✓ Transmission
✓ New/Used Tires
✓ Oil Changes
✓ Wheel Balancing
✓ Truck & Trailer Repair
✓ All Major & Minor Repairs
✓ We Do Aluminum Welding
✓ Computer Check
✓ Differential
✓ Inspections
✓ Van/Reefer Work
WE PROVIDE SHUTLE SERVICE FOR ALL CUSTOMERS
hablamos español
We Speak English, Spanish & Punjabi
We Provide Towing &
24/7 Mobile Road Services
For All Autos, Trucks & Trailers
Open Monday to Saturday
Com-Check
T-Check
EFS Check
ACCEPTED HERE
VISA MasterCard AMERICAN EXPRESS DISCOVER NETWORK





1003 Moffat Blvd,
Manteca CA 95336
209-239-1551

# ਪ੍ਰਧਾਨ ਕੁਲਵਿੰਦਰ ਸਿੰਘ ਸਹੂੰਗੜਾ ਨੇ ਪੀ ਜੀ ਆਈ ਚੰਡੀਗੜ੍ਹ ਵਿਖੇ ਲਏ ਅੰਤਿਮ ਸਾਹ

**ਸੜੋਆ (ਸਤਨਾਮ ਸਿੰਘ ਸਹੂੰਗੜਾ)** ਪਿਛਲੇ ਮੰਗਲਵਾਰ ਤੋਂ ਪੀ ਜੀ ਆਈ ਵਿਖੇ ਦਾਖਲ ਫੀਲਡ ਅਤੇ ਵਰਕਸ਼ਾਪ ਵਰਕਰਜ ਯੂਨੀਅਨ ਬ੍ਰਾਂਚ ਗੜ੍ਹਸ਼ੰਕਰ ਦੇ ਪ੍ਰਧਾਨ ਕੁਲਵਿੰਦਰ ਸਿੰਘ ਸਹੂੰਗੜਾ ਇਸ ਰੰਗਲੀ ਦੁਨੀਆਂ ਨੂੰ ਬੀਤੇ ਕੱਲ੍ਹ ਅਲਵਿਦਾ ਆਖ ਗਏ। ਕੁਲਵਿੰਦਰ ਸਿੰਘ ਸਹੂੰਗੜਾ ਦੇ ਬੇਟੇ ਗੌਰਵ ਕਲੇਰ ਮੁਤਾਬਕ ਮੰਗਲਵਾਰ ਤੋਂ ਪ੍ਰਧਾਨ ਜੀ ਪੀ ਜੀ ਆਈ ਚੰਡੀਗੜ੍ਹ ਲੀਵਰ ਦੀ ਸਮੱਸਿਆ ਕਰਕੇ ਦਾਖਲ ਸਨ, ਉਹਨਾ ਪਿਛਲੇ ਇੱਕ ਸਾਲ ਤੋਂ ਚੰਡੀਗੜ੍ਹ ਤੋਂ ਹੀ ਇਲਾਜ ਚੱਲ ਰਿਹਾ ਸੀ। ਬੀਤੇ ਕੱਲ੍ਹ ਉਹਨਾਂ ਨੂੰ ਇਲਾਜ ਦੌਰਾਨ ਸਾਹ ਲੈਣ ਵਿਚ ਜਿਆਦਾ ਸਮੱਸਿਆ ਆਉਣੀ ਸ਼ੁਰੂ ਹੋ ਗਈ ਜੋ ਉਹਨਾਂ ਦੀ ਮੌਤ ਦਾ ਕਾਰਨ ਬਣੀ। ਪ੍ਰਧਾਨ ਕੁਲਵਿੰਦਰ ਸਿੰਘ ਸਹੂੰਗੜਾ 48 ਸਾਲ ਦੇ ਸਨ। ਉਹ ਆਪਣੇ ਪਿੱਛੇ ਵਿਧਵਾ ਮਾਂ, ਬੇਟੀ ਤੇ ਦੋ ਬੇਟਿਆ ਸਮੇਤ ਰਿਸ਼ਤੇਦਾਰ, ਮਿੱਤਰਾਂ, ਸੱਜਣਾਂ ਨੂੰ ਰੋਂਦਿਆ ਛੱਡ ਗਏ। ਪ੍ਰਧਾਨ ਕੁਲਵਿੰਦਰ ਸਿੰਘ ਇਲਾਕੇ ਵਿੱਚ ਕਿੰਨੇ ਹਰਮਨ ਪਿਆਰੇ ਸਨ, ਉਸਦਾ ਅੰਦਾਜਾ ਉਹਨਾਂ ਦੇ ਸੰਸਕਾਰ ਤੇ ਪਹੁੰਚੇ ਸੈਂਕੜਿਆ ਦੀ ਤਾਦਾਦ ਵਿੱਚ ਇਕੱਠ ਨੂੰ ਵੇਖਣ ਤੋਂ ਲੱਗ ਜਾਂਦਾ ਹੈ। ਪੀ ਡਬਲਿਊ ਡੀ ਵਿਭਾਗ ਦੀ ਸੰਗਠਿਤ ਫੀਲਡ ਅਤੇ ਵਰਕਸ਼ਾਪ ਵਰਕਰਜ ਯੂਨੀਅਨ ਪੰਜਾਬ ਵਲੋਂ ਪੰਜਾਬ ਪ੍ਰਧਾਨ ਮੱਖਣ ਸਿੰਘ ਵਾਹਿਦਪੁਰੀ ਵਲੋਂ ਮ੍ਰਿਤਕ ਦੇਹ ਤੇ ਯੂਨੀਅਨ ਦਾ ਝੰਡਾ ਪਾ ਕੇ ਸ਼ਰਧਾਂਜ਼ਲੀ ਅਰਪਿਤ ਕੀਤੀ। ਮਾਹੌਲ ਉਸ ਵਕਤ ਹੋਰ ਗਮਗੀਨ ਹੋ ਗਿਆ ਜਦੋਂ ਪੰਜਾਬ ਪ੍ਰਧਾਨ ਮੱਖਣ ਸਿੰਘ ਵਾਹਿਦਪੁਰੀ ਮ੍ਰਿਤਕ ਦੇਹ ਤੇ ਯੂਨੀਅਨ ਦਾ ਲਾਲ ਝੰਡਾ ਪਾਉਣ ਸਮੇਂ ਨਾਹਰੇ ਮਾਰਦੇ ਹੋਏ ਖੁਦ ਰੋਣ ਲੱਗ ਪਏ। ਮੁਲਾਜਮ ਸਾਥੀ ਪਰਿਵਾਰ ਵਾਂਗ ਨਾਲ ਰਹੇ ਸਾਥੀ ਕੁਲਵਿੰਦਰ ਸਿੰਘ ਨੂੰ ਜਿੱਥੇ ਹੰਝੂਆਂ ਭਰੀ ਵਿਦਾਇਗੀ ਦੇ ਰਹੇ ਸਨ, ਉਥੇ ਸਾਥੀ ਦੀ ਗੈਰਹਾਜ਼ਰੀ ਵਿੱਚ ਪਰਿਵਾਰ ਨਾਲ ਢਾਲ ਬਣਕੇ ਖੜਨ ਦਾ ਵੀ ਬਚਨ ਤੇ ਹੌਂਸਲਾ ਦਿੰਦੇ ਰਹੇ। ਉਥੇ ਉਹਨਾਂ ਸ਼ਰਧ-ਾਂਜਲੀ ਦਿੰਦਿਆਂ ਕਿਹਾ ਕਿ ਦਆਬੀ ਕੁਲਵਿੰਦਰ ਸਹੂੰਗੜਾ ਦੇ ਜਾਣ ਨਾਲ ਸਾਡੀ ਯੂਨੀਅਨ ਨੂੰ ਤੇ ਪਰਿਵਾਰ ਨੂੰ ਕਦੇ ਵੀ ਨਾ ਪੂਰਿਆ ਜਾਣ ਵਾਲਾ ਘਾਟਾ ਪੈ ਗਿਆ ਹੈ। ਜੋ ਹੁਣ ਕਦੀ ਵੀ ਪੂਰਾ ਨਹੀਂ ਹੋ ਸਕਦਾ। ਅੰਤਿਮ ਸੰਸਕਾਰ ਦੀਆ ਰਸਮਾਂ ਪਿੰਡ ਸਹੂੰਗੜਾ ਦੇ ਸਮਸ਼ਾਨਘਾਟ ਵਿਖੇ ਵੱਡੇ ਬੇਟੇ ਗੌਰਵ ਕਲੇਰ ਵਲੋਂ ਪੂਰੀਆਂ ਕੀਤੀਆਂ ਗਈਆਂ। ਸੰਸਕਾਰ ਦੇ ਸਮੇਂ ਪੰਜਾਬ ਪ੍ਰਧਾਨ ਮੱਖਣ ਸਿੰਘ ਵਾਹਿਦਪੁਰ ਤੇ ਜੀਤ ਰਾਮ ਬਗਵਾਂਈ ਸਮੇਤ ਵੱਡੀ ਗਿਣਤੀ ਵਿੱਚ ਮੁਲਾਜਮਾਂ ਵਲੋਂ ਹਾਜਰੀ ਭਰੀ ਗਈ, ਤੱਪ ਅਸਥਾਨ ਸ੍ਰੀ ਖੁਰਾਲਗੜ੍ਹ ਸਾਹਿਬ ਦੇ ਪ੍ਰਧਾਨ ਕੇਵਲ ਸਿੰਘ, ਕੈਸ਼ੀਅਰ ਹਰਭਜਨ ਸਿੰਘ, ਹੈਡ ਗ੍ਰੰਥੀ ਨਰੇਸ਼ ਸਿੰਘ, ਸੰਤੋਖ ਸਿੰਘ ਖੇਲਾ, ਭਰਾ ਰਾਜਵਿੰਦਰ ਸਿੰਘ, ਜੀਤਾ ਪ੍ਰਧਾਨ ਟੈਂਪੂ ਯੂਨੀਅਨ ਗੜ੍ਹਸ਼ੰਕਰ, ਡਾਕਟਰ ਬਲਵੀਰ ਸਿੰਘ, ਕਮਲ,ਬਲਜੀਤ ਸਿੰਘ, ਹਰਦੀਪ ਸਿੰਘ ਕਲੇਰ, ਜਸਵਿੰਦਰ ਕਾਲਾ, ਸਤਨਾਮ ਦੁਕਾਨਦਾਰ, ਫੌਜੀ ਸੋਹਣ ਸਿੰਘ, ਨੰਬਰਦਾਰ ਓਮ ਪ੍ਰਕਾਸ਼ ਸਿੰਘ, ਠੇਕੇਦਾਰ ਦਿਲਬਾਗ ਸਿੰਘ, ਸੁੱਚਾ ਰਾਮ, ਮਹਿੰਦਰ ਸਿੰਘ, ਮੱਖਣ ਲਾਲ, ਬਗੀਚਾ ਸਿੰਘ ਆਰਟਿਸਟ, ਰਛਪਾਲ ਸਿੰਘ ਪੱਪੂ, ਕੁਲਵਿੰਦਰ ਕਿੰਦਾ, ਓਰਿਐਂਟ ਪਬਲਿਕ ਸਕੂਲ ਸਮੁੰਦੜਾ ਦੇ ਚੇਅਰਮੈਨ ਜਗਤਾਰ ਸਿੰਘ, ਜੈ ਭਾਰਤ ਸਕੂਲ ਦੇ ਪ੍ਰਿੰਸੀਪਲ ਸੰਜੀਵ ਕੁਮਾਰ, ਡਾਕਟਰ ਮੰਗਤ ਰਾਏ ਸਮੇਤ ਬਹੁਤ ਵੱਡੀ ਗਿਣਤੀ ਵਿੱਚ ਰਿਸ਼ਤੇਦਾਰ, ਮਿੱਤਰ, ਸੱਜਣ ਹਾਜ਼ਰ ਸਨ।




# ਪਿੰਡਾਂ ਦੇ ਵਿਕਾਸ ਨੂੰ ਲੈ ਕੇ ਗੰਭੀਰਤਾ ਨਾਲ ਕੰਮ ਕਰ ਰਹੀ ਹੈ ਪੰਜਾਬ ਸਰਕਾਰ - ਬ੍ਰਹਮ ਸ਼ੰਕਰ ਜਿੰਪਾ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਪਿੰਡਾਂ ਦੇ ਵਿਕਾਸ ਨੂੰ ਲੈ ਕੇ ਲਗਾਤਾਰ ਗੰਭੀਰਤਾ ਨਾਲ ਕੰਮ ਕਰ ਰਹੀ ਹੈ। ਉਨ੍ਹਾਂ




ਕਿਹਾ ਕਿ ਜਿਥੇ ਸੜਕ ਨੈਟਵਰਕ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ, ਉਥੇ ਜਲ ਸਪਲਾਈ ਵਰਗੀਆਂ ਹਰ ਬੁਨਿਆਦੀ ਸੁਵਿਧਾਵਾਂ ਵੀ ਪਿੰਡਾਂ ਤੱਕ ਪਹੁੰਚਾਈਆਂ ਜਾ ਰਹੀਆਂ ਹਨ। ਉਹ ਪਿੰਡ ਖੜਕਾਂ ਵਿਚ 14 ਲੱਖ ਰੁਪਏ ਦੀ ਲਾਗਤ ਨਾਲ ਬਣੀ ਕਰੀਬ 2 ਕਿਲੋਮੀਟਰ ਸੜਕ ਦੇ ਉਦਘਾਟਨ ਦੌਰਾਨ ਪਿੰਡ ਵਾਸੀਆਂ ਨੂੰ ਸੰਬੋਧਨ ਕਰ ਰਹੇ ਸਨ। ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ ਅਤੇ ਡਿਪਟੀ ਮੇਅਰ ਰਣਜੀਤ ਚੌਧਰੀ ਵੀ ਮੌਜੂਦ ਸਨ।

ਕੈਬਨਿਟ ਮੰਤਰੀ ਨੇ ਕਿਹਾ ਕਿ ਹੁਸ਼ਿਆਰਪੁਰ ਵਿਧਾਨ ਸਭਾ ਹਲਕੇ ਵਿਚ ਕੋਈ ਵੀ ਕੱਚੀ ਸੜਕ ਨਹੀਂ ਰਹਿਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜਿਹੜੀਆਂ ਸੜਕਾਂ ਦਾ ਕਈ ਸਾਲਾ ਤੋਂ ਕੋਈ ਕੰਮ ਨਹੀਂ ਕਰਵਾਇਆ, ਉਨ੍ਹਾਂ ਸੜਕਾਂ ਦਾ ਵੀ ਨਿਰਮਾਣ ਕਾਰਜ ਭਗਵੰਤ ਮਾਨ ਦੀ ਸਰਕਾਰ ਨੇ ਸ਼ੁਰੂ ਕਰਵਾਇਆ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੇ ਸੂਬਾ ਵਾਸੀਆਂ ਨੂੰ ਕਈ ਟੋਲ ਪਲਾਜਿਆਂ ਤੋਂ ਮੁਕਤੀ ਦਿਵਾਈ ਹੈ, ਜਿਸ ਦਾ ਸਿੱਧਾ ਲਾਭ ਆਮ ਜਨਤਾ ਨੂੰ ਪਹੁੰਚਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਇਸ ਤਰ੍ਹਾਂ ਦੀਆਂ ਨੀਤੀਆਂ ’ਤੇ ਕੰਮ ਕਰ ਰਹੀ ਹੈ, ਜਿਸ ਦਾ ਸਿੱਧਾ ਲਾਭ ਆਮ ਜਨਤਾ ਨੂੰ ਪਹੁੰਚੇ। ਇਸ ਮੌਕੇ ਸਰਪੰਚ ਰਾਜ ਰਾਣੀ, ਸੰਦੀਪ ਕੌਰ, ਪ੍ਰਦੀਪ ਸਿੰਘ, ਰਾਜੂ ਬਾਜਵਾ, ਪ੍ਰਿੰਤਪਾਲ ਸਿੰਘ, ਪ੍ਰੇਮ ਸਿੰਘ, ਤਲਵਿੰਦਰ ਸਿੰਘ ਤੋਂ ਇਲਾਵਾ ਹੋਰ ਪਤਵੰਤੇ ਵੀ ਮੌਜੂਦ ਸਨ।

# ਭੀਮ ਆਰਮੀ ਚੀਫ 'ਤੇ ਹਮਲਾ ਕਰਨ ਵਾਲਿਆਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ - ਬੇਗਮਪੁਰਾ ਟਾਈਗਰ ਫੋਰਸ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਬੇਗਮਪੁਰਾ ਟਾਈਗਰ ਫੋਰਸ ਦੀ ਮੀਟਿੰਗ ਫੋਰਸ ਦੇ




ਪੰਜਾਬ ਪ੍ਰਧਾਨ ਵੀਰਪਾਲ ਥਰੋਲੀ ਦੀ ਪ੍ਰਧਾਨਗੀ ਹੇਠ ਫੋਰਸ ਦੇ ਮੁੱਖ ਦਫਤਰ ਭਗਤ ਨਗਰ, ਨੇੜੇ ਮਾਡਲ ਟਾਊਨ ਹੁਸ਼ਿਆਰਪੁਰ ਵਿਖੇ ਹੋਈ। ਇਸ ਮੌਕੇ ਫੋਰਸ ਦੇ ਕੌਮੀ ਚੇਅਰਮੈਨ ਤਰਸੇਮ ਦੀਵਾਨਾ, ਦੋਆਬਾ ਪ੍ਰਧਾਨ ਨੇਕੂ ਅਜਨੋਹਾ ਅਤੇ ਜ਼ਿਲ੍ਹਾ ਪ੍ਰਧਾਨ ਹੈਪੀ ਫਤਿਹਗੜ੍ਹ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਸ ਮੌਕੇ ਆਗੂਆਂ ਨੇ ਕਿਹਾ ਕਿ ਐੱਸ.ਸੀ. ਸਹਾਰਨਪੁਰ (ਯੂ.ਪੀ.) ਵਿੱਚ ਸਮਾਜ ਦੀ ਇੱਜ਼ਤ ਅਤੇ ਉਨ੍ਹਾਂ ਦੇ ਅਧਿਕਾਰਾਂ ਅਤੇ ਸਮਾਜਿਕ ਸੁਰੱਖਿਆ ਨੂੰ ਕਾਇਮ ਰੱਖਣ ਲਈ ਸੰਘਰਸ਼ ਕਰ ਰਹੀ ਭੀਮ ਆਰਮੀ ਸੰਸਥਾ ਦੇ ਮੁਖੀ ਚੰਦਰਸ਼ੇਖਰ ਉੱਤੇ ਸਹਾਰਨਪੁਰ (ਯੂ.ਪੀ.) ਵਿੱਚ ਹੋਇਆ ਕਾਤਲਾਨਾ ਹਮਲਾ ਇੱਕ ਡੂੰਘੀ ਸਾਜ਼ਿਸ਼ ਦੀ ਕੜੀ ਦਾ ਹਿੱਸਾ ਹੈ। ਉਨ੍ਹਾਂ ਕਿਹਾ ਕਿ ਦੱਬੇ-ਕੁਚਲੇ, ਲੋੜਵੰਦਾਂ, ਮਜ਼ਦੂਰਾਂ, ਬੇਸਹਾਰਾ ਅਤੇ ਕਬੀਲੇ ਨਾਲ ਸਬੰਧਤ ਇਲਾਕਾ ਨਿਵਾ-ਸੀਆਂ ਦੀ ਬਿਹਤਰੀ ਲਈ ਕੰਮ ਕਰ ਰਹੇ ਭੀਮ ਆਰਮੀ ਦੇ ਮੁਖੀ ’ਤੇ ਕਾਤਲਾਨਾ ਹਮਲਾ ਸੋਚੀ-ਸਮਝੀ ਸਾਜ਼ਿਸ਼ ਹੈ। ਉਨ੍ਹਾਂ ਕਿਹਾ ਕਿ ਚੰਦਰਸ਼ੇਖਰ ਆਜ਼ਾਦ ਵੱਲੋਂ ਬਿਨਾਂ ਕਿਸੇ ਡਰ ਦੇ ਆਜ਼ਾਦੀ ਨਾਲ ਅਜਿਹੇ ਕੰਮ ਕਰਨ ਲਈ ਸ਼ਰਾਰਤੀ ਅਨਸਰਾਂ ਵੱਲੋਂ ਰੁਕਾਵਟਾਂ ਖੜ੍ਹੀਆਂ ਕਰਨਾ ਚੰਗੀ ਗੱਲ ਨਹੀਂ ਹੈ। ਉਨ੍ਹਾਂ ਕਿਹਾ ਕਿ ਬੇਸ਼ੱਕ ਚੰਦਰਸ਼ੇਖਰ ਦਾ ਮਾਲਕ ਦੀ ਕਿਰਪਾ ਨਾਲ ਸਰੀਰਕ ਤੌਰ 'ਤੇ ਬਚਾਅ ਹੋ ਗਿਆ ਪਰ ਹਮਲਾਵਰਾਂ ਦਾ ਮਕਸਦ ਉਸ ਨੂੰ ਮੌਤ ਦੇ ਮੂੰਹ 'ਚ ਧੱਕਣਾ ਸੀ। ਉਨ੍ਹਾਂ ਕਿਹਾ ਕਿ ਜਿੱਥੇ ਬੇਗਮਪੁਰਾ ਟਾਈਗਰ ਫੋਰਸ ਇਸ ਘਟਨਾ ਦੀ ਸਖ਼ਤ ਨਿਖੇਧੀ ਕਰਦੀ ਹੈ, ਉੱਥੇ ਪ੍ਰਸ਼ਾਸਨ ਸਹਾਰਨਪੁਰ ਅਤੇ ਯੂ.ਪੀ. ਕੇਜਰੀਵਾਲ ਯੋਗੀ ਸਰਕਾਰ ਤੋਂ ਪੁਰਜ਼ੋਰ ਮੰਗ ਕਰਦੇ ਹਨ ਕਿ ਇਸ ਘਟਨਾ ਦੀ ਤੁਰੰਤ ਕਿਸੇ ਨਿਰਪੱਖ ਏਜੰਸੀ ਤੋਂ ਜਾਂਚ ਕਰਵਾਈ ਜਾਵੇ ਤਾਂ ਜੋ ਹਮਲਾਵਰਾਂ ਨੂੰ ਬੇਨਕਾਬ ਕੀਤਾ ਜਾ ਸਕੇ। ਆਗੂਆਂ ਨੇ ਕਿਹਾ ਕਿ ਖੁਫੀਆ ਏਜੰਸੀਆਂ ਜਾਂ ਹਾਕਮਾਂ ਦੇ ਹੁਕਮਾਂ 'ਤੇ ਅਜਿਹੇ ਮਨੁੱਖਤਾ ਵਿਰੋਧੀ ਕਾਰੇ ਨੂੰ ਅੰਜਾਮ ਦੇਣ ਲਈ ਜੋ ਵੀ ਜ਼ਿੰਮੇਵਾਰ ਹੈ, ਉਸ ਨੂੰ ਭਾਰਤ ਦੀ ਜਨਤਾ ਦੇ ਸਾਹਮਣੇ ਲਿਆ ਕੇ ਕਾਨੂੰਨ ਅਨੁਸਾਰ ਸਜ਼ਾ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਕੁਝ ਹਾਕਮ ਜਮਾਤਾਂ ਹਿੰਦੂ ਰਾਸ਼ਟਰ ਦੇ ਵਿਚਾਰ ਅਧੀਨ ਭਾਰਤ ਵਿੱਚ ਅਨੁਸੂਚਿਤ ਜਾਤੀਆਂ, ਘੱਟ ਗਿਣਤੀਆਂ, ਰੰਗਕਰਮੀਆਂ, ਕਬੀਲਿਆਂ, ਆਦਿਵਾਸੀਆਂ ਨਾਲ ਕਾਨੂੰਨੀ, ਸਮਾਜਿਕ ਅਤੇ ਧਾਰਮਿਕ ਆਧਾਰ 'ਤੇ ਅੱਤਿਆਚਾਰ ਅਤੇ ਬੇਇਨਸਾਫ਼ੀ ਕਰ ਰਹੀਆਂ ਹਨ, ਜਿਸ ਨੂੰ ਹੁਣ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਐੱਸ.ਸੀ. ਜਮਾਤਾਂ ਦੇ ਹੱਕਾਂ ਦੀ ਰਾਖੀ ਲਈ ਅਜਿਹੀਆਂ ਜਥੇਬੰਦੀਆਂ ਅਤੇ ਆਗੂਆਂ ਨੂੰ ਹੋਰ ਵੀ ਸੰਜੀਦਾ ਅਤੇ ਦ੍ਰਿੜ ਸੰਕਲਪ ਲੈਣ ਦੀ ਲੋੜ ਹੈ ਤਾਂ ਜੋ ਫਿਰਕੂ ਹਾਕਮ ਇਹਨਾਂ ਜਮਾਤਾਂ ਨਾਲ ਕਿਸੇ ਵੀ ਤਰ੍ਹਾਂ ਦਾ ਵਿਤਕਰਾ ਅਤੇ ਜ਼ੁਲਮ ਨਾ ਕਰ ਸਕਣ। ਉਨ੍ਹਾਂ ਆਸ ਪ੍ਰਗਟਾਈ ਕਿ ਭਾਰਤ ਵਿੱਚ ਵੱਸਦੇ ਘੱਟ ਗਿਣਤੀ ਕੌਮਾਂ, ਕਬੀਲਿਆਂ, ਆਦਿਵਾਸੀ ਵਰਗ ਜਲਦੀ ਹੀ ਆਪਣੇ ਆਗੂਆਂ ਰਾਹੀਂ ਇੱਕ ਮੰਚ ’ਤੇ ਇਕੱਠੇ ਹੋ ਕੇ ਸਵੈ-ਮਾਣ ਅਤੇ ਸਵੈਮਾਣ ਨਾਲ ਜੀਵਨ ਬਤੀਤ ਕਰਨਗੇ ਅਤੇ ਮਨੁੱਖਤਾ ਲਈ ਹਾਕਮਾਂ ਦੇ ਜ਼ੁਲਮ ਨੂੰ ਬਰਦਾਸ਼ਤ ਨਹੀਂ ਕਰਨਗੇ। ਸਾਡੀ ਲੜਾਈ ਜਾਰੀ ਰੱਖੋ। ਇਸ ਮੌਕੇ ਮੀਡੀਆ ਇੰਚਾਰਜ ਚੰਦਰਪਾਲ ਹੈਪੀ, ਮਨਪ੍ਰੀਤ ਕੋਹਲੀ, ਅਜੇ ਕੁਮਾਰ, ਵਿੱਕੀ ਸਿੰਘ, ਗੁਰਪ੍ਰੀਤ ਕੁਮਾਰ, ਸੰਨੀ ਸੀਨਾ, ਭਿੰਦਾ ਸੀਨਾ, ਅਮਨਦੀਪ, ਸਤੀਸ਼ ਕੁਮਾਰ ਸ਼ੇਰਗੜ੍ਹ, ਚਰਨਜੀਤ ਸਿੰਘ, ਰਾਮਜੀ, ਪੰਮਾ ਦਾਦਾ, ਗੋਗਾ ਮਾਂਝੀ, ਰਾਜ ਕੁਮਾਰ ਬੱਧਣ ਆਦਿ ਹਾਜ਼ਰ ਸਨ। ਇਸ ਮੌਕੇ ਅਵਿਨਾਸ਼ ਸਿੰਘ, ਅਮਨਦੀਪ ਸਿੰਘ, ਚਰਨਜੀਤ ਸਿੰਘ, ਇੰਦਰਪਾਲ ਸਿੰਘ, ਕਮਲਜੀਤ ਸਿੰਘ, ਗਿਆਨ ਚੰਦ, ਮੁਸਾਫਿਰ ਸਿੰਘ, ਸ਼ੇਰਾ ਸਿੰਘ, ਮਨੀਸ਼ ਕੁਮਾਰ, ਦਵਿੰਦਰ ਕੁਮਾਰ, ਨਰੇਸ਼ ਕੁਮਾਰ ਸ਼ਹਿਰੀ ਪ੍ਰਧਾਨ, ਬਾਲੀ, ਗੁਰਪ੍ਰੀਤ ਗੋਪਾ, ਰਵੀ, ਦੀਪੂ ਨਲੋਈਆਂ, ਭੁਪਿੰਦਰ ਕੁਮਾਰ, ਅਵਤਾਰ ਡਿੰਪੀ, ਚਰਨਜੀਤ ਦਾਦਾ, ਕਮਲਜੀਤ ਦਾਦਾ ਅਤੇ ਫੋਰਸ ਦੇ ਹੋਰ ਅਧਿਕਾਰੀ ਅਤੇ ਮੈਂਬਰ ਹਾਜ਼ਰ ਸਨ।

# ਵਿਧਾਇਕ ਡਾ. ਨਛੱਤਰ ਪਾਲ ਬਸਪਾ ਲੀਡਰਸ਼ਿਪ ਨਾਲ ਰੋਜ਼ਾ ਸ਼ਰੀਫ਼ ਮੰਢਾਲੀ ਹੋਏ ਨਤਮਸਤਕ



**ਫਗਵਾੜਾ (ਬੀ.ਕੇ.ਰੱਤੂ)–** ਰੋਜ਼ਾ ਸ਼ਰੀਫ਼ ਮੰਢਾਲੀ ਦੇ ਮੇਲੇ ਵਿੱਚ ਬਹੁਜਨ ਸਮਾਜ ਪਾਰਟੀ ਦੇ ਸੀਨੀਅਰ ਆਗੂ ਸ਼ਾਮਲ ਹੋਏ। ਜਿਨ੍ਹਾਂ ਵਿੱਚ ਡਾ ਨੱਛਤਰ ਪਾਲ ਐਮ ਐਲ ਏ ਅਤੇ ਪੰਜਾਬ ਅਤੇ ਚੰਡੀਗੜ੍ਹ ਦੇ ਇੰਚਾਰਜ, ਪ੍ਰਵੀਨ ਬੰਗਾ ਇੰਚਾਰਜ ਤੇ ਜਨਰਲ ਸਕੱਤਰ ਬਸਪਾ ਪੰਜਾਬ ਦੀ ਅਗਵਾਈ ਵਿੱਚ ਹਾਜ਼ਰੀ ਭਰਨ ਵਾਲਿਆਂ ਵਿੱਚ ਸਾਬਕਾ ਸਰਪੰਚ ਕਮਲਜੀਤ ਕੌਰ, ਜ਼ਿਲ੍ਹਾ ਯੂਥ ਇੰਚਾਰਜ ਚਰਨਜੀਤ ਮੰਢਾਲੀ, ਮਹਿੰਦਰ ਪਾਲ ਸੈਕਟਰ ਇੰਚਾਰਜ, ਯੂਥ ਲੀਡਰ ਕੁਲਦੀਪ ਬਹਿਰਾਮ, ਤੀਰਥ ਕਲਸੀ, ਲੇਖਰਾਜ ਕੁਲਥਮ, ਗੁਰਦੀਸ਼ ਕੁਲਥਮ, ਕੁਲਵਿੰਦਰ ਗੋਰਾ ਪ੍ਰਧਾਨ, ਦਰਸ਼ਨ ਸਿੰਘ, ਚੰਨੀ ਮੰਢਾਲੀ, ਮਲਕੀਤ ਰਾਮ ਬੰਗਾ, ਮੋਹਣ ਲਾਲ ਬੱਧਣ,ਰਾਮ ਲੁਭਾਇਆ, ਵੰਨੀਤ ਸਰੋਆਂ, ਜ਼ੋਰਾਵਰ ਬੋਧੀ ਅਤੇ ਹੋਰ ਕਈ ਪਾਰਟੀ ਦੇ ਸੀਨੀਅਰ ਆਗੂ ਮੌਜੂਦ ਸਨ। ਰੋਜ਼ਾ ਸ਼ਰੀਫ਼ ਮੰਢਾਲੀ ਦੇ ਬਾਬਾ ਜੀ ਨੇ ਸਰੋਪੇ ਦੇ ਕੇ ਸਨਮਾਨਿਤ ਕੀਤਾ।

# ਅਮਰੀਕਾ ਦੇ ਸ਼ਹਿਰ ਬਾਲਟੀਮੋਰ ਵਿਚ ਅੰਧਾਧੁੰਦ ਗੋਲੀਬਾਰੀ ਵਿੱਚ 2 ਮੌਤਾਂ ਤੇ 28 ਹੋਰ ਜ਼ਖਮੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਮੈਰੀਲੈਂਡ ਰਾਜ ਦੇ ਸ਼ਹਿਰ ਬਾਲਟੀਮੋਰ ਵਿਚ ਇਕ ਪਾਰਟੀ ਦੌਰਾਨ ਹੋਈ ਅੰਧਾਧੁੰਦ ਗੋਲੀਬਾਰੀ ਵਿਚ 2 ਮੌਤਾਂ ਹੋਣ ਤੇ 28 ਹੋਰਨਾਂ ਦੇ ਜ਼ਖਮੀ ਹੋਣ ਦੀ ਖਬਰ ਹੈ। ਮ੍ਰਿਤਕਾਂ ਵਿਚ ਇਕ 18 ਸਾਲ ਦੀ ਔਰਤ ਤੇ ਇਕ 20 ਸਾਲ ਦਾ ਨੌਜਵਾਨ ਸ਼ਾਮਿਲ ਹੈ। ਬਾਲਟੀਮੋਰ ਪੁਲਿਸ ਦੇ ਕਾਰਜਕਾਰੀ ਕਮਿਸ਼ਨਰ ਰਿਚਰਡ ਵੌਰਲੇ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਸਿਆ ਕਿ ਸਾਰੇ ਪੀੜਤਾਂ ਦੇ ਗੋਲੀਆਂ ਵੱਜੀਆਂ ਹਨ ਤੇ ਪੀੜਤਾਂ ਵਿਚ 13 ਸਾਲ ਤੋਂ ਲੈ ਕੇ 32 ਸਾਲ ਦੇ ਲੋਕ ਸ਼ਾਮਿਲ ਹਨ। ਪੁਲਿਸ ਵੱਲੋਂ ਜਾਰੀ ਬਿਆਨ ਅਨੁਸਾਰ ਮ੍ਰਿਤਕਾਂ ਦੀ ਪਛਾਣ ਅਲੀਯਾਹ ਗੋਂਜ਼ਾਲੇਸ (18) ਤੇ ਕਿਲਿਸ ਫਗਬੇਮੀ (20) ਵਜੋਂ ਹੋਈ ਹੈ। ਵੌਰਲੇ ਨੇ ਕਿਹਾ ਕਿ ਘੱਟੋ ਘੱਟ 2 ਵਿਅਕਤੀਆਂ ਨੇ ਗੋਲੀਬਾਰੀ ਕੀਤੀ ਹੈ ਪਰੰਤੂ ਅਧਿਕਾਰੀ ਹੋਰ ਵਿਅਕਤੀਆਂ ਦੇ ਵੀ ਗੋਲੀਬਾਰੀ ਵਿਚ ਸ਼ਾਮਿਲ ਹੋਣ ਬਾਰੇ ਜਾਂਚ ਕਰ ਰਹੇ ਹਨ। ਉਨਾਂ ਕਿਹਾ ਕਿ ਬਲਾਕ




ਪਾਰਟੀ ਵਿਚ ਲੋਕਾਂ ਦਾ ਭਾਰੀ ਇਕੱਠ ਮੌਜੂਦ ਸੀ ਜਦੋਂ ਇਕ ਤੋਂ ਵਧ ਵਿਅਕਤੀਆਂ ਨੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਉਨਾਂ ਕਿਹਾ ਕਿ ਇਹ ਹਮਲਾ ਗਿਣਮਿਥਕੇ ਕੀਤਾ ਗਿਆ ਹੈ ਜਾਂ ਅਚਨਚੇਤ ਵਾਪਰੀ ਘਟਨਾ ਹੈ, ਇਸ ਬਾਰੇ ਅਜੇ ਸਥਿੱਤੀ ਸਪਸ਼ਟ ਨਹੀਂ ਹੈ। ਜਾਂਚ ਉਪਰੰਤ ਹੀ ਸਥਿੱਤੀ ਸਾਫ ਹੋ ਸਕੇਗੀ। ਬਾਲਟੀਮੋਰ ਦੇ ਮੇਅਰ ਬਰੈਂਡਨ ਸਕਾਟ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਇਹ ਇਕ ਹੋਰ ਉਦਾਹਰਣ ਹੈ ਜਦੋਂ ਜਸ਼ਨਾਂ ਦਾ ਵਾਤਾਵਰਣ ਦੁਖਾਂਤ ਵਿਚ ਬਦਲ ਗਿਆ। ਇਹ ਘਟਨਾ ਹਥਿਆਰ ਗਲਤ ਹੱਥਾਂ ਵਿਚ ਚਲੇ ਜਾਣ ਦੇ ਖਤਰਨਾਕ ਸਿਟਿਆਂ ਬਾਰੇ ਸਾਨੂੰ ਮੁੜ ਸੁਚੇਤ ਕਰਦੀ ਹੈ। ਉਨਾਂ ਕਿ ਇਹ ਘਟਨਾ ਮਾਮਲੇ ਦੀ ਗੰਭੀਰਤਾ ਦੀ ਇਕ ਹੋਰ ਮੰਦਭਾਗੀ ਉਦਾਹਰਣ ਹੈ।

# ਅਧਿਆਪਕਾਂ ਤੇ ਲਾਠੀਚਾਰਜ ਕਰਨ ਦੀ ਇਨਕਲਾਬੀ ਕੇਂਦਰ ਪੰਜਾਬ ਵੱਲੋਂ ਸਖ਼ਤ ਨਿਖੇਧੀ



**ਚੰਡੀਗੜ੍ਹ/ਸੰਗਰੂਰ, (ਦਲਜੀਤ ਕੌਰ )-** ਇਨਕਲਾਬੀ ਕੇਂਦਰ, ਪੰਜਾਬ ਦੇ ਪ੍ਰਧਾਨ ਨਰਾਇਣ ਦੱਤ ਅਤੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਸੰਗਰੂਰ ਵਿਖੇ ਅਧਿਆਪਕਾਂ 'ਤੇ ਕੀਤੇ ਗਏ ਪੁਲਸੀਆ ਤਸ਼ੱਦਦ ਅਤੇ ਜੇਲ੍ਹਾਂ ਵਿੱਚ ਬੰਦ ਕਰਨ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਅਤੇ ਗਿਰਫ਼ਤਾਰ ਕੀਤੇ ਅਧਿਆਪਕਾਂ ਨੂੰ ਬਿਨ੍ਹਾਂ ਸ਼ਰਤ ਰਿਹਾਅ ਕਰਨ ਅਤੇ ਕੱਚੇ ਅਧਿਆਪਕਾਂ ਦੀਆਂ ਮੰਗਾਂ ਪ੍ਰਵਾਨ ਕਰਨ ਦੀ ਮੰਗ ਕੀਤੀ ਹੈ। ਆਗੂਆਂ ਨੇ ਕਿਹਾ ਕਿ ਪਿਛਲੇ 15-15 ਸਾਲ ਤੋਂ ਨਿਗੂਣੀਆਂ ਤਨਖਾਹਾਂ ਤੇ ਕੱਚੇ ਅਧਿਆਪਕਾਂ ਨੂੰ ਪੱਕੇ ਕਰਨ ਦਾ ਵਾਅਦਾ ਕੀਤਿਆਂ ਸਵਾ ਸਾਲ ਤੋਂ ਵਧੇਰੇ ਸਮਾਂ ਬੀਤ ਗਿਆ ਹੈ। ਪਰ ਕਾਮੇਡੀ ਮੁੱਖ ਮੰਤਰੀ ਦੇ ਹਰੇ ਪੈੱਨ ਦੀ ਸਿਆਹੀ ਵਾਲਾ ਪੈੱਨ ਡੂੰਘੇ ਖੂਹ ਵਿੱਚ ਜਾ ਡਿੱਗਾ ਹੈ। 36000 ਕੱਚੇ ਆਊਟਸੋਰਸ, ਠੇਕੇਦਾਰੀ ਅਧੀਨ ਕੰਮ ਕਰਦੇ ਵੱਖ ਵੱਖ ਸਰਕਾਰੀ ਅਦਾਰਿਆਂ ਦੇ ਕਾਮਿਆਂ ਨੂੰ ਸਾਲ ਭਰ ਇਸ ਗੱਲ ਵਿੱਚ ਲੰਘਾ ਦਿੱਤਾ ਕਿ ਸਾਨੂੰ ਵਕਤ ਦਿਓ। ਕਦੇ ਪਾਵਰਕੌਮ ਦੇ ਕਾਮੇ, ਕਦੇ ਪੰਜਾਬ ਰੋਡਵੇਜ਼, ਪੀਆਰਟੀਸੀ ਦੇ ਕਾਮੇ ਹੜਤਾਲਾਂ ਮੁਜ਼ਾਹਰੇ ਕਰਦੇ ਹਨ, ਪਰ ਹਾਕਮਾਂ ਦੇ ਕੰਨਾਂ ਤੇ ਜੂੰ ਨਹੀਂ ਸਰਕੀ। ਅੰਨ੍ਹੇ ਪੁਲਸੀਆ ਜਬਰ ਰਾਹੀਂ ਹੱਕੀ ਸੰਘਰਸ਼ਾਂ ਨੂੰ ਦਬਾਉਣ ਦੀ ਨੀਤੀ ਤੇ ਸਰਕਾਰ ਚੱਲ ਰਹੀ ਹੈ। ਇਨ੍ਹਾਂ ਤਬਕਿਆਂ ਨੇ ਬਾਦਲਾਂ, ਰਾਜੇ ਅਮਰਿੰਦਰ, ਚੰਨੀ ਅਤੇ ਕਾਮੇਡੀ ਭਗਵੰਤ ਮਾਨ ਦੀ ਸਰਕਾਰ ਦਾ ਅਮਲ ਆਪਣੇ ਪਿੰਡਿਆਂ ਤੇ ਹੰਢਾ ਲਿਆ ਹੈ। ਬਹੁਤ ਵੱਡੀ ਗਿਣਤੀ ਵਿੱਚ ਲੋਕਾਂ ਸਮੇਤ ਮੁਲਾਜ਼ਮਾਂ ਨੂੰ ਵੱਡੇ ਬਦਲਾਅ ਦੀ ਝਾਕ ਸੀ। ਹਕੀਕਤ ਇਹ ਹੈ ਚਿਹਰੇ ਬਦਲ ਕੇ ਹਰ ਪੰਜੀਂ ਸਾਲੀਂ ਹਕੂਮਤੀ ਗੱਦੀ ਉੱਤੇ ਕਾਬਜ਼ ਹੋਣਾ ਹੁੰਦਾ ਹੈ। ਕਿਸੇ ਵੀ ਪਾਰਟੀ ਦੀ ਨੀਤੀ ਅਤੇ ਨੀਅਤ ਦਾ ਕੋਈ ਫ਼ਰਕ ਨਹੀਂ ਹੁੰਦਾ। ਹੱਕੀ ਮੰਗਾਂ ਲਈ ਸੰਘਰਸ਼ ਕਰਨਾ ਹਰ ਤਬਕੇ ਦਾ ਬੁਨਿਆਦੀ ਅਧਿਕਾਰ ਹੈ। ਉਨ੍ਹਾਂ ਕਿਹਾ ਕਿ ਡੰਡੇ ਦੇ ਜ਼ੋਰ ਹੱਕੀ ਸੰਘਰਸ਼ ਨਾ ਕਦੇ ਰੁਕੇ ਹਨ ਨਾ ਰੁਕਣਗੇ। ਕੱਚੇ ਅਧਿਆਪਕਾਂ ਨਾਲ ਸਰਕਾਰ ਨੇ ਵੱਡਾ ਧੋਖਾ ਕੀਤਾ ਹੈ, ਵਾਅਦਾ ਪੱਕੇ ਕਰਨ ਦਾ ਸੀ, ਪਰ ਤਨਖਾਹਾਂ ਵਿੱਚ ਵਾਧਾ ਕਰਕੇ ਬੁੱਤਾ ਸਾਰਿਆ ਹੈ।

# ਆਪ ਸਰਕਾਰ ਦੀ ਸ਼ਹਿ ਤੇ ਹੋ ਰਿਹਾ ਦਲਿਤ ਵਰਗਾਂ ਤੇ ਪੁਲਿਸ ਅਤਿਆਚਾਰ - ਜਸਵੀਰ ਸਿੰਘ ਗੜ੍ਹੀ

**ਫਗਵਾੜਾ 2 ਜੁਲਾਈ (ਬੀ.ਕੇ.ਰੱਤੂ)-** ਬਹੁਜਨ ਸਮਾਜ ਪਾਰਟੀ ਵੱਲੋਂ ਅੱਜ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਵਿਚ ਦਲਿਤ ਪੱਛੜੇ ਵਰਗਾਂ ਤੇ ਹੋ ਰਹੇ ਅਤਿਆਚਾਰ ਦੇ ਮਾਮਲਿਆਂ ਦੇ ਸੰਬੰਧ ਵਿਚ ਮੀਡੀਆ ਨਾਲ ਗੱਲਬਾਤ ਕੀਤੀ ਗਈ। ਇਸ ਮੌਕੇ ਤੇ ਮੀਡੀਆ ਸਾਹਮਣੇ ਆਪਣਾ ਪੱਖ ਰੱਖਦਿਆਂ ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਸ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵਿਚ ਦਲਿਤ ਪਛੜੇ ਵਰਗਾਂ ਤੇ ਲਗਾਤਾਰ ਅਤਿਆਚਾਰ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਜਲੰਧਰ ਜਿੱਥੇ ਕਿ ਦਲਿਤ ਵਰਗ ਦੀ ਆਬਾਦੀ ਕਾਫੀ ਜਿਆਦਾ ਹੈ ਉਥੇ ਵੀ ਸਰਕਾਰ ਤੇ ਉਸਦੀ ਸ਼ਹਿ ਤੇ ਦਲਿਤਾ ਤੇ ਅਤਿਆਚਾਰ ਕੀਤੇ ਜਾ ਰਹੇ ਹਨ ਤੇ ਉਨ੍ਹਾਂ ਦੀ ਆਵਾਜ਼ ਦਵਾਉਣ ਦਾ ਕੰਮ ਕੀਤਾ ਜਾ ਰਿਹਾ ਹੈ। ਸੂਬਾ ਪ੍ਰਧਾਨ ਨੇ ਕਿਹਾ ਕਿ ਜਲੰਧਰ ਸ਼ਹਿਰ ਦੇ ਮੁਹ-ੱਲਾ ਸਈਪੁਰ ਵਿਚ ਬਾਬਾ ਸਾਹਿਬ ਡਾ ਭੀਮ ਰਾਓ ਅੰ-ਬੇਡਕਰ ਜੀ ਦੇ ਨਾਮ ਤੇ ਬਣੇ ਪਾਰਕ ਦੇ ਮਾਮਲੇ ਵਿਚ ਸਰਕਾਰ ਦੀ ਸ਼ਹਿ ਤੇ ਕਮਿਸ਼ਨਰੇਟ ਪੁਲਿਸ ਵੱਲੋ ਬਹੁਜਨ ਸਮਾਜ ਪਾਰਟੀ ਦੇ ਸੂਬਾ ਜਨਰਲ ਸਕੱਤਰ ਤੇ ਲੋਕਸਭਾ ਇੰਚਾਰਜ ਜਲੰਧਰ ਐਡਵੋਕੇਟ ਬਲਵਿੰਦਰ ਕੁਮਾਰ ਤੇ ਉਸਦੇ ਸਾਥੀ ਪਾਰਟੀ ਵਰਕਰਾਂ ਤੇ ਅੰਨ੍ਹਾ ਅਣਮਨੁੱਖੀ ਤਸ਼ੱਦਦ ਕੀਤਾ ਗਿਆ। ਜਦਕਿ ਬਲਵਿੰਦਰ ਕੁਮਾਰ ਤੇ ਉਸਦੇ ਸਾਥੀ ਅੰਬੇਡਕਰ ਪਾਰਕ ਤੋੜਨ ਅਤੇ ਬਾਬਾ ਸਾਹਿਬ ਦਾ ਬੁੱਤ ਉਖਾੜਨ ਦਾ ਵਿਰੋਧ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਪੁਲਿਸ ਨੇ ਪਾਰਕ ਤੋੜਨ ਵਾਲਿਆਂ ਨੂੰ ਸ਼ਹਿ ਦਿੱਤੀ ਤੇ ਪਾਰਕ ਦੀ ਰੱਖਿਆ ਕਰਨ ਵਾਲਿਆਂ ਬਸਪਾ ਲੀਡਰਾਂ ਤੇ ਵਰਕਰਾਂ ਤੇ ਅਣਮਨੁੱਖੀ ਤਸ਼ੱਸਦ ਕਰਕੇ ਨਜਾਇਜ ਤੌਰ ਤੇ ਹਿਰਾਸਤ ਵਿਚ ਲਿਆ।



ਇਸ ਤੋਂ ਇਲਾਵਾ ਜਲੰਧਰ ਵਿੱਚ ਹੀ ਦਲਿਤ ਵਿਦਿਆਰਥੀਆਂ ਤੇ ਦਲਿਤ ਵਿਦਿਆਰਥਣਾਂ ਤੇ ਲਾਠੀਚਾਰਜ ਕੀਤਾ ਗਿਆ। ਉਨ੍ਹਾਂ ਕਿਹਾ ਕਿ ਆਪ ਸਰਕਾਰ ਵੱਲੋਂ ਲਗਾਇਆ ਗਿਆ ਜਲੰਧਰ ਪੁਲਿਸ ਕਮਿਸ਼ਨਰੇਟ ਕੁਲਦੀਪ ਸਿੰਘ ਚਾਹਲ ਦਲਿਤ ਪਛੜੇ ਵਰਗਾਂ ਦੇ ਮਾਮਲੇ ਵਿਚ ਵਰਦੀ ਵਾਲੇ ਗੁੰਡੇ ਦੀ ਭੂਮਿਕਾ ਨਿਭਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਹੀ ਜਲੰਧਰ ਦਿਹਾਤੀ ਪੁਲਿਸ ਵਲੋ ਹਲਕਾ ਕਰਤਾਰਪੁਰ ਵਿਚ ਥਾਣਾ ਲਾਂਬੜਾ ਤਹਿਤ ਪੈਂਦੇ ਪਿੰਡ ਕਲਿਆਣਪੁਰ ਵਿਚ ਵਾਲਮੀਕ ਤੇ ਬਾਜ਼ੀਗਰ ਭਾਈਚਾਰੇ ਦੇ 20 ਲੋਕਾਂ ਤੇ ਝੂਠਾ 307 ਦਾ ਪਰਚਾ ਕੀਤਾ ਹੈ ਤੇ ਪਿੰਡ ਦੇ ਸਾਬਕਾ ਸਰਪੰਚ ਨੂੰ ਨਜਾਇਜ ਤੌਰ ਤੇ ਗ੍ਰਿਫ਼ਤਾਰ ਕਰਕੇ ਜੇਲ ਭੇਜਿਆ ਹੈ। ਸ ਗੜ੍ਹੀ ਨੇ ਕਿਹਾ ਕਿ ਇਸ ਤਰ੍ਹਾਂ ਹੀ ਦਿਹਾਤੀ ਪੁਲਿਸ ਵਲੋ ਆਪ ਸਰਕਾਰ ਦੀ ਸ਼ਹਿ ਤੇ ਲੋਕਾਂ ਤੇ ਝੂਠੇ ਪਰਚੇ ਦਰਜ ਕੀਤੇ ਜਾ ਰਹੇ ਹਨ ਜਿਸਦਾ ਪਾਰਟੀ ਤਿੱਖਾ ਵਿਰੋਧ ਕਰਦੀ ਹੈ। ਇਸ ਤਰ੍ਹਾਂ ਹੀ ਬਸਪਾ ਦੇ ਫਗਵਾੜਾ ਕੌਂਸਲਰ ਤੇਜਪਾਲ ਬਸਰਾ ਤੇ ਨਜਾਇਜ ਪਰਚਾ ਦਰਜ਼ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਤੇ ਪੁਲਿਸ ਦੀ ਮਿਲੀਭੁਗਤ ਨਾਲ ਵੱਡੇ ਪੱਧਰ ਤੇ ਨਸ਼ਾ ਵਿਕ ਰਿਹਾ ਹੈ। ਹੁਸ਼ਿਆਰਪੁਰ ਵਿਚ ਨਸ਼ੇ ਕਾਰਨ ਹੋਈਆ ਮੌਤਾਂ ਨੂੰ ਵੀ ਪੁਲਿਸ ਨੇ ਦਬਾਉਣ ਦਾ ਕੰਮ ਕੀਤਾ ਹੈ।

ਬਸਪਾ ਸੂਬਾ ਪ੍ਰਧਾਨ ਨੇ ਕਿਹਾ ਕਿ ਧੱਕੇਸ਼ਾਹੀਆ ਦੇ ਸਾਰੇ ਮਸਲਿਆਂ ਦੇ ਸੰਬੰਧ ਵਿਚ ਸੂਬੇ ਭਰ ਅੰਦੋਲਨ ਦੀ ਸ਼ੁਰੂਆਤ ਲਈ ਵਿਚਾਰ ਕਰਨ ਲਈ ਪਾਰਟੀ ਨੇ ਸੂਬਾ ਪੱਧਰੀ ਮੀਟਿੰਗ ਚਾਰ ਜੁਲਾਈ ਨੂੰ ਜਲੰਧਰ ਪਾਰਟੀ ਦਫ਼ਤਰ ਰੱਖੀ ਹੈ ਜਿਸ ਵਿਚ ਸਾਰੀ ਪਾਰਟੀ ਲੀਡਰਸ਼ਿਪ ਦੀ ਸਲਾਹ ਨਾਲ ਸਰਕਾਰ ਤੇ ਪੁਲਿਸ ਖਿਲਾਫ ਅੰਦੋਲਨ ਦਾ ਐਲਾਨ ਕੀਤਾ ਜਾਵੇਗਾ। ਇਸ ਮੌਕੇ ਸੂਬਾ ਇੰਚਾਰਜ ਵਿਧਾਇਕ ਡਾ ਨਛੱਤਰ ਪਾਲ, ਸੂਬਾ ਇੰਚਾਰਜ ਸ਼੍ਰੀ ਅਜੀਤ ਸਿੰਘ ਭੈਣੀ ਅਤੇ ਸੂਬਾ ਜਨਰਲ ਸਕੱਤਰ ਸ਼੍ਰੀ ਬਲਵਿੰਦਰ ਕੁਮਾਰ ਹਾਜ਼ਰ ਸਨ।

# ਡੈਮੋਕਰੇਟਿਕ ਟੀਚਰਜ਼ ਫਰੰਟ ਪੰਜਾਬ ਵੱਲੋਂ 8637 ਕੱਚੇ ਅਧਿਆਪਕਾਂ ਤੇ ਕੀਤੇ ਅੰਨ੍ਹੇਵਾਹ ਲਾਠੀਚਾਰਜ ਦੀ ਸਖ਼ਤ ਨਿਖੇਧੀ





**ਸੰਗਰੂਰ, (ਦਲਜੀਤ ਕੌਰ )-** 8637 ਕੱਚੇ ਅਧਿਆਪਕਾਂ ਵੱਲੋਂ ਸੀ ਐਸ ਆਰ ਰੂਲਾਂ ਅਤੇ ਬਣਦੇ ਪੇਅ ਸਕੇਲ ਦੇ ਅਨੁਸਾਰ ਰੈਗੂਲਰਾਈਜੇਸਨ ਨੂੰ ਲੈ ਕੇ ਸੰਗਰੂਰ ਨਜ਼ਦੀਕ ਪਿੰਡ ਖੁਰਾਣਾ ਵਿਖੇ ਰੈਲੀ ਕੀਤੀ ਗਈ ਅਤੇ ਜਦੋਂ ਅਧਿਆਪਕ ਮੁਜ਼ਾਹਰਾ ਕਰਨ ਉਪਰੰਤ ਮੁੱਖ ਮੰਤਰੀ ਭਗਵੰਤ ਮਾਨ ਦੀ ਕੋਠੀ ਵੱਲ ਸ਼ਾਂਤੀਪੂਰਨ ਮਾਰਚ ਕਰ ਰਹੇ ਸੀ ਤਾਂ ਪੁਲਿਸ ਵੱਲੋਂ ਅਧਿਆਪਕਾਂ ਨਾਲ ਗੱਲਬਾਤ ਕਰਨ ਦੀ ਥਾਂ ਉਨ੍ਹਾਂ ਨਾਲ ਧੱਕਾ ਮੁੱਕੀ ਕੀਤੀ ਅਤੇ ਅੰਨੇਵਾਹ ਲਾਠੀਚਾਰਜ ਕੀਤਾ ਗਿਆ ਅਤੇ 79 ਦੇ ਕਰੀਬ ਅਧਿਆਪਕਾਂ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਵਿੱਚ ਡੱਕਿਆ ਗਿਆ, ਜਿਸਦੀ ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਸੂਬਾ ਪ੍ਰਧਾਨ ਵਿਕਰਮਦੇਵ ਸਿੰਘ, ਜਰਨਲ ਸਕੱਤਰ ਮੁਕੇਸ਼ ਗੁਜਰਾਤੀ ਅਤੇ ਸੂਬਾ ਮੀਤ ਪ੍ਰਧਾਨ ਰਘਵੀਰ ਸਿੰਘ ਭਵਾਨੀਗੜ੍ਹ ਨੇ ਸਰਕਾਰ ਦੇ ਇਸ ਤਾਨਾਸ਼ਾਹੀ ਕੰਮ ਦੀ ਨਿਖੇਧੀ ਕਰਦਿਆਂ ਕਿਹਾ ਕਿ ਕਿਸ ਤਰ੍ਹਾਂ ਧਰਨਿਆਂ ਵਿਚੋਂ ਨਿਕਲੀ ਆਮ ਆਦਮੀ ਪਾਰਟੀ ਆਪਣੇ ਖਿਲਾਫ ਆਵਾਜ਼ ਨੂੰ ਲੋਕਤੰਤਰੀ ਤਰੀਕੇ ਨਾਲ ਸੁਣਨ ਦੀ ਬਜਾਏ ਤਾਨਾਸ਼ਾਹੀ ਰਵੱਈਏ ਨਾਲ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ । ਉਨਾਂ ਇਸ ਘਟਨਾ ਕਰਮ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ ਅਤੇ ਨਾਲ ਹੀ ਮੰਗ ਵੀ ਕੀਤੀ ਹੈ ਕਿ ਪੰਜਾਬ ਸਰਕਾਰ ਇਨ੍ਹਾਂ ਅਧਿਆਪਕਾਂ ਨੂੰ ਬਿਨਾਂ ਕਿਸੇ ਸਰਤ ਤੋਂ ਸੀ ਐਸ ਰੂਲਜ ਅਨੁਸਾਰ ਪੂਰੇ ਤਨਖਾਹ ਸਕੇਲਾਂ ਤੇ ਰੈਗੂਲਰ ਕਰੇ। ਜ਼ਿਕਰਯੋਗ ਹੈ ਕਿ ਜਦੋਂ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ, ਉਸੇ ਸਮੇਂ ਤੋਂ ਇਹ ਸਰਕਾਰ ਇਨਾ 8736 ਅਧਿਆਪਕਾਂ ਨੂੰ ਰੈਗੂਲਰ ਕਰਨ ਦਾ ਕਈ ਵਾਰ ਐਲਾਨ ਕਰ ਚੁੱਕੀ ਹੈ ਅਤੇ ਅਖਬਾਰਾਂ ਵਿੱਚ, ਸਰਕਾਰੀ ਬੱਸਾਂ ਉੱਤੇ ਇਸ਼ਤਿਹਾਰ ਲਗਾ ਕੇ ਅਤੇ ਪੂਰੇ ਪੰਜਾਬ ਵਿੱਚ ਵੱਡੇ ਵੱਡੇ ਫਲੈਕਸ ਲਗਾ ਕੇ ਇਨਾਂ 8736 ਅਧਿਆਪਕਾਂ ਨੂੰ ਰੈਗੂਲਰ ਕਰਨ ਦਾ ਐਲਾਨ ਕਰ ਰਹੀ ਹੈ, ਪਰ ਹੁਣ ਇਨਾ ਅਧਿਆਪਕਾਂ ਦੇ ਤਨਖਾਹ ਵਾਧੇ ਨੂੰ ਰੈਗੂਲਰ ਦਾ ਨਾਂ ਦੇ ਕੇ ਝੂਠਾ ਪ੍ਰਚਾਰ ਕੀਤਾ ਜਾ ਰਿਹਾ ਹੈ, ਅਤੇ ਪਹਿਲਾਂ ਤੇ ਹੁਣ ਵੀ ਇਸ ਨੂੰ ਆਪਣੇ ਰਾਜਨੀਤਕ ਮਨੋਰਥਾਂ ਲਈ ਵਰਤਿਆ ਜਾ ਰਿਹਾ ਹੈ। ਆਗੂਆਂ ਨੇ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਗ੍ਰਿਫਤਾਰ ਕੀਤੇ ਅਧਿਆਪਕਾਂ ਨੂੰ ਸਰਕਾਰ ਤੁਰੰਤ ਛੱਡੇ , ਅਤੇ ਆਪਣੇ ਵਾਅਦੇ ਮੁਤਾਬਕ ਸਰਕਾਰ ਇਨ੍ਹਾਂ ਅਧਿਆਪਕਾਂ ਨੂੰ ਪੂਰੇ ਤਨਖਾਹ ਸਕੇਲਾਂ ਅਤੇ ਸੀ ਐਸ ਆਰ ਰੂਲਜ ਮੁਤਾਬਿਕ ਰੈਗੂਲਰ ਕਰੇ। ਡੀਟੀਐੱਫ ਦੇ ਜਿਲਾ ਸੰਗਰੂਰ ਪ੍ਰਧਾਨ ਸੁਖਵਿੰਦਰ ਗਿਰ, ਜਨਰਲ ਸਕੱਤਰ ਅਮਨ ਵਸਿਸ਼ਟ, ਪ੍ਰੈੱਸ ਸਕੱਤਰ ਕਰਮਜੀਤ ਨਦਾਮਪੁਰ ਅਤੇ ਹੋਰ ਆਗੂਆਂ ਨੇ ਕਿਹਾ ਜੇਕਰ ਸਰਕਾਰ ਇਨ੍ਹਾਂ ਜਾਇਜ ਅਧਿਆਪਕ ਮੰਗਾਂ ਨੂੰ ਨਹੀਂ ਮੰਨਦੀ ਤਾਂ ਡੈਮੋਕ੍ਰੇਟਿਕ ਟੀਚਰਜ਼ ਫਰੰਟ ਅਤੇ ਪੰਜਾਬ ਦੀਆਂ ਸਮੂਹ ਅਧਿਆਪਕ ਅਤੇ ਮੁਲਾਜ਼ਮ ਜਥੇਬੰਦੀਆਂ ਸਰਕਾਰ ਖ਼ਿਲਾਫ਼ ਤਿੱਖਾ ਸੰਘਰਸ਼ ਕਰਨ ਲਈ ਮਜਬੂਰ ਹੋਣਗੀਆਂ।

# ਪੀਰ ਮੋਹਕਮਦੀਨ ਸ਼ਾਹ ਦਾ ਸਾਲਾਨਾ ਜੋੜ-ਮੇਲਾ ਕਲਿਆਣਪੁਰ 'ਚ 8-9 ਜੁਲਾਈ ਨੂੰ

ਚਾਨਣ-ਮੁਨਾਰਾ ਪੰਜਾਬੀ ਆਨ-ਲਾਈਨ ਬਿਓਰੋ (ਜਲੰਧਰ), ਸਤੀਸ਼ ਦਰਦੀ, ਜਲੰਧਰ, 3 ਜੁਲਾਈ, 2023, ਜਲੰਧਰ ਨਕੋਦਰ ਰੋਡ 'ਤੇ ਪੈਂਦੇ ਕਸਬਾ ਲਾਂਬੜਾ ਤੋਂ ਥੋੜ੍ਹੀ ਦੂਰੀ 'ਤੇ ਪਿੰਡ ਕਲਿਆਣਪੁਰ ਵਿਖੇ ਦਰਗਾਹ ਪੀਰ ਬਾਬਾ ਮੋਹਕਮ ਸ਼ਾਹ ਜੀ ਦਾ ਸਾਲਾਨਾ ਜੋੜ-ਮੇਲਾ 8-9 ਜੁਲਾਈ ਨੂੰ ਗੱਦੀ-ਨਸ਼ੀਨ ਸਾਈਂ ਗੁਲਾਮ ਸੋਨੀ ਦੀ ਰਹਿਨੁਮਾਈ ਹੇਠ ਸ਼ਰਧਾ ਸਹਿਤ ਮਨਾਇਆ ਜਾ ਰਿਹਾ ਹੈ। ਪ੍ਰਵਾਸੀ ਭਾਰਤੀ ਸ. ਸੰਤੋਖ ਸਿੰਘ ਅਠਵਾਲ, ਸਮੂਹ ਗ੍ਰਾਮ ਪੰਚਾਇਤ ਕਲਿਆਣਪੁਰ ਤੇ ਪ੍ਰਵਾਸੀ ਵੀਰਾ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਇਸ ਮੇਲੇ ਦੌਰਾਨ 8 ਜੁਲਾਈ ਦੀ ਸ਼ਾਮ ਨੂੰ ਮਹਿਫ਼ਲ-ਏ-ਕੱਵਾਲ ਦਾ ਆਯੋਜਨ ਕੀਤਾ ਜਾਵੇਗਾ, ਜਿਸ ਵਿਚ ਨਾਮਵਰ ਕੱਵਾਲ ਸਰਦਾਰ ਅਲੀ, ਮੁਕੇਸ਼ ਅਨਾਇਤ, ਵਨੀਤ ਖ਼ਾਲ ਅਤੇ ਸੋਨੂੰ ਕੱਵਾਲ ਆਦਿ ਮਹਿਫ਼ਲ ਦੀ ਸ਼ਾਨ ਬਣਨਗੇ। ਦੂਸਰੇ ਦਿਨ ਯਾਨਿਕਿ 9 ਜੁਲਾਈ ਦਿਨ ਐਤਵਾਰ ਨੂੰ ਪੰਜਾਬ ਦੇ ਨਾਮਵਰ ਗਾਇਕ ਆਪਣੀ ਹਾਜ਼ਰੀ ਲਗਵਾਉਣਗੇ, ਜਿਨ੍ਹਾਂ 'ਚ ਰਣਬੀਰ, ਜੈਸਮੀਨ ਅਖਤਰ, ਰੋਕੀ ਸਿੰਘ, ਅਨੁਰਾਧਾ, ਅਮਰ ਸੰਧੂ, ਰੋਬਿੰਨ ਰਾਜਾ, ਨਵ ਡਲੋਰੀਆ, ਗੁਤਾਂਜ ਦੰਦੀਵਾਲ, ਮਿੰਦਾ, ਮਾਨਵਜੀਤ ਗਿੱਲ ਤੇ ਅਖ਼ਤਰ ਆਦਿ ਕਲਾਕਾਰ ਆਪਣੇ ਫਨ ਦਾ ਮੁਜ਼ਾਹਰਾ ਕਰਨਗੇ। ਮੇਲੇ ਦੌਰਾਨ ਮਜ਼ਾਰ 'ਤੇ ਚਾਦਰ ਚੜ੍ਹਾਈ ਜਾਵੇਗੀ। ਚਿਰਾਗ਼ ਰੌਸ਼ਨ ਕੀਤੇ ਜਾਣਗੇ ਅਤੇ ਅਟੁੱਟ ਲੰਗਰ ਵਰਤਾਏ ਜਾਣਗੇ।

# ਜਿੰਮੀਦਾਰਾ ਨੂੰ ਖੇਤੀਬਾੜੀ ਮੰਤਵ ਜਾ ਗੈਰ-ਵਪਾਰਕ ਕੰਮ-ਕਾਜ ਲਈ ਨਿਯਮ ਲਾਗੂ-ਡਿਪਟੀ ਕਮਿਸਨਰ

**ਪਠਾਨਕੋਟ, ਜੁਲਾਈ (ਰਾਜਿੰਦਰ ਸਿੰਘ ਰਾਜਨ)** ਜਿਲ੍ਹਾ ਪਠਾਨਕੋਟ ਅਧੀਨ ਆਉਂਦੇ ਖੇਤਰ ਵਿੱਚ ਬਹੁਤ ਸਾਰੇ ਸਥਾਨਾਂ ਤੇ ਪੰਜਾਬ ਮਾਇਨਰ ਮਿਨਰਲ ਪਾਲਿਸੀ, 2023 ਦੇ ਨਿਯਮਾਂ ਅਨੁਸਾਰ ਰੇਤਾ ਬੱਜਰੀ ਅਤੇ ਹੋਰ ਖਣਿਜ ਪਦਾਰਥਾਂ ਦੀ ਖੁਦਾਈ ਕੀਤੀ ਜਾਂਦੀ ਹੈ ਜਿਸ ਦੇ ਲਈ ਪਾਲਿਸੀ ਅਧੀਨ ਨਿਯਮ ਬਣਾਏ ਗਏ ਹਨ ਪਰ ਵੇਖਣ ਵਿੱਚ ਆਇਆ ਹੈ ਕਿ ਜਿੰਮੀਦਾਰਾਂ ਨੂੰ ਮਿੱਟੀ ਦੀ ਖੁਦਾਈ ਕਰਨ ਵਾ-ਲਿਆਂ ਨੂੰ ਪੇਸਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਸ ਦੇ ਲਈ ਪੰਜਾਬ ਮਾਇਨਰ ਮਿਨਰਲ ਪਾਲਿਸੀ, 2023 ਅਨੁਸਾਰ ਕੁਝ ਨਿਯਮ ਬਣਾਏ ਗਏ ਹਨ। ਇਹ ਪ੍ਰਗਟਾਵਾ ਸ. ਹਰਬੀਰ ਸਿੰਘ ਡਿਪਟੀ ਕਮਿਸਨਰ ਪਠਾਨਕੋਟ ਵੱਲੋਂ ਕੀਤਾ ਗਿਆ ਹੈ। ਉਨ੍ਹਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਿੰਮੀਦਾਰਾ ਨੂੰ ਖੇਤੀਬਾੜੀ ਮੰਤਵ ਜਾ ਗੈਰ-ਵਪਾਰਕ ਕੰਮ-ਕਾਜ ਲਈ ਸਿਰਫ 02 ਏਕੜ ਜਾਂ 03 ਫੁੱਟ ਤੱਕ ਦੀ ਡੂੰਘਾਈ ਵਾਲੇ ਰਕਬੇ ਵਿੱਚ ਮਿੱਟੀ ਦੀ ਹੱਥੀਂ ਖੁਦਾਈ ਦੀ ਆਗਿਆ ਹੋਵੇਗੀ ਅਤੇ ਇਸ ਸਬੰਧੀ ਜ਼ਮੀਨ ਮਾਲਕ ਮਾਈਨਿੰਗ ਵਿਭਾਗ ਨੂੰ ਸੂਚਿਤ ਕਰੇਗਾ। ਇਸ ਮੰਤਵ ਲਈ ਜੇ.ਸੀ.ਬੀ ਜਾ ਕੋਈ ਹੋਰ ਮਸ਼ੀਨਰੀ ਦੀ ਆਗਿਆ ਨਹੀਂ ਹੋਵੇਗੀ। ਉਨ੍ਹਾਂ ਦੱਸਿਆ ਕਿ ਬਿਨੇਕਾਰ ਵੱਲੋਂ ਗੈਰ-ਵਪਾਰਕ ਕੰਮ-ਕਾਜ ਅਤੇ ਖੇਤੀਬਾੜੀ ਮੰਤਵ ਲਈ ਜੇਕਰ 02 ਏਕੜ ਜਾ 03 ਫੁੱਟ ਤੱਕ ਮਿੱਟੀ ਦੀ ਪੁਟਾਈ ਜੇ.ਸੀ.ਬੀ. ਮਸ਼ੀਨਰੀ ਨਾਲ ਕੀਤੀ ਜਾਣੀ ਹੈ ਤਾਂ ਇਸ ਲਈ ਮਾਈਨਿੰਗ ਵਿਭਾਗ ਤੋਂ ਪਰਮਿਟ ਲੈਣਾ ਜਰੂਰੀ ਹੋਵੇਗਾ ਅਤੇ ਇਸ ਮੰਤਵ ਲਈ ਬਿਨੇਕਾਰ ਕੋਲੋ ਕੋਈ ਰਾਇਲਟੀ ਚਾਰਜ ਨਹੀਂ ਕੀਤੀ ਜਾਵੇਗੀ। ਡਿਪਟੀ ਕਮਿਸਨਰ ਨੇ ਦੱਸਿਆ ਕਿ ਜੇਕਰ ਬਿਨੇਕਾਰ ਵੱਲੋਂ ਵਪਾਰਕ ਪ੍ਰੋਜੋਕਟਾਂ/ਵਪਾਰਕ ਕੰਮ-ਕਾਜ ਲਈ 02 ਏਕੜ ਜਾਂ 03 ਫੁੱਟ ਤੱਕ ਦੀ ਡੂੰਘਾਈ ਦੀ ਜੇ.ਸੀ.ਬੀ ਜਾ ਕੋਈ ਹੋਰ ਮਸ਼ੀਨਰੀ ਰਾਹੀਂ ਖੁਦਾਈ ਕੀਤੀ ਜਾਈ ਹੈ ਤਾਂ ਇਸ ਲਈ ਬਿਨੇਕਾਰ ਮਾਇਨਿੰਗ ਵਿਭਾਗ ਕੋਲੋ ਪਰਮਿਟ ਅਪਲਾਈ ਕਰੇਗਾ ਅਤੇ ਉਸ ਕੋਲੋ ਨਿਯਮਾਂ ਦੇ ਅਧਾਰ ਤੇ ਰਾਇਲਟੀ ਅਤੇ ਹੋਰ ਖਰਚੇ ਮਾਈਨਿੰਗ ਵਿਭਾਗ ਨੂੰ ਜਮ੍ਹਾ ਕਰਾਏ ਜਾਣਗੇ।



# ਜ਼ਿਲ੍ਹਾ ਭਾਸ਼ਾ ਦਫ਼ਤਰ,ਪਠਾਨਕੋਟ ਵੱਲੋਂ ਉਰਦੂ ਆਮੋਜ਼ ਦੀਆਂ ਕਲਾਸਾਂ ਦੀ ਕੀਤੀ ਸ਼ੁਰੂਆਤ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਪੰਜਾਬ ਸਰਕਾਰ ਵੱਲੋਂ ਪ੍ਰਵਾਨਗੀ ਮਿਲਣ ਤੋਂ ਬਾਅਦ ਭਾਸ਼ਾ ਵਿਭਾਗ ਪੰਜਾਬ ਵੱਲੋਂ ਛੇ ਮਹੀਨੇ ਦੇ ਉਰਦੂ ਆਮੋਜ਼ ਕੋਰਸ ਲਈ ਅੱਜ ਕਲਾਸਾਂ ਦੀ ਸੁਰੂਆਤ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਮਲਿਕਪੁਰ ਪਠਾਨਕੋਟ ਵਿਖੇ ਸਥਿਤ ਜਿਲ੍ਹਾ ਰੋਜਗਾਰ ਦਫਤਰ ਪਠਾਨਕੋਟ ਵਿਖੇ ਕੀਤੀ ਗਈ । ਅੱਜ ਦੇ ਸਮਾਰੋਹ ਵਿੱਚ ਮੇਜਰ ਡਾ. ਸੁਮਿਤ ਮੁਧ ਚੀਫ ਮਨਿਸਟਰ ਫੀਲਡ ਅਫਸਰ-ਕਮ-ਸਹਾਇਕ ਕਮਿਸਨਰ ਜਰਨਲ ਵਿਸੇਸ ਮਹਿਮਾਨ ਵਜੋਂ ਹਾਜਰ ਹੋਏ ਅਤੇ ਰੀਬਿਨ ਕੱਟ ਕੇ ਅੱਜ ਉ~ਰਦੂ ਦੀਆਂ ਕਲਾਸਾਂ ਦਾ ਸੁਭਅਰੰਭ ਕੀਤਾ।



ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਸੁਰੇਸ਼ ਮਹਿਤਾ ਨੇ ਦੱਸਿਆ ਕਿ ਜ਼ਿਲ੍ਹਾ ਪਠਾਨਕੋਟ ਵਿੱਚ ਇਹ ਕੋਰਸ ਸ਼ੁਰੂ ਕਰਨ ਦੀ ਪੰਜਾਬ ਸਰਕਾਰ ਵੱਲੋਂ ਪ੍ਰਵਾਨਗੀ ਦੇ ਦਿੱਤੀ ਗਈ ਹੈ ਤੇ ਭਾਸ਼ਾ ਵਿਭਾਗ ਪੰਜਾਬ ਦੇ ਨਿਰਦੇਸ਼ ਅਨੁਸਾਰ ਪਹਿਲਾ ਸੈਸ਼ਨ ਜੁਲਾਈ ਮਹੀਨੇ ਤੋਂ ਸ਼ੁਰੂ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਕੋਰਸ ਦੀ ਕਲਾਸ ਦਫ਼ਤਰੀ ਸਮੇਂ ਤੋਂ ਬਾਅਦ ਇੱਕ ਘੰਟੇ ਲਈ ਲੱਗਿਆ ਕਰੇਗੀ । ਇਸ ਕੋਰਸ ਦੀ ਪ੍ਰੀਖਿਆ ਦਸੰਬਰ 2023 ਵਿੱਚ ਹੋਵੇਗੀ ਤੇ ਪਾਸ ਹੋਣ ਵਾਲੇ ਉਮੀਦਵਾਰਾਂ ਨੂੰ ਭਾਸ਼ਾ ਵਿਭਾਗ ਪੰਜਾਬ ਵੱਲੋਂ ਪ੍ਰਮਾਣ ਪੱਤਰ ਜਾਰੀ ਕੀਤਾ ਜਾਵੇਗਾ। ਜ਼ਿਲ੍ਹਾ ਭਾਸ਼ਾ ਅਫ਼ਸਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਕੋਰਸ ਦੇ ਸਾਲ ਵਿੱਚ ਦੋ ਸੈਸ਼ਨ ਚੱਲਿਆ ਕਰਨਗੇ ਜੋ ਕਿ ਜੁਲਾਈ ਤੋਂ ਦਸੰਬਰ ਅਤੇ ਜਨਵਰੀ ਤੋਂ ਜੂਨ ਹੋਣਗੇ। ਇਸ ਮੌਕੇ ਤੇ ਮੇਜਰ ਡਾ. ਸੁਮਿਤ ਮੁਧ ਚੀਫ ਮਨਿਸਟਰ ਫੀਲਡ ਅਫਸਰ-ਕਮ-ਸਹਾਇਕ ਕਮਿਸਨਰ ਜਰਨਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੱਜ ਬਹੁਤ ਹੀ ਖੁਸੀ ਦੀ ਗੱਲ ਹੈ ਕਿ ਬਹੁਤ ਭਾਰੀ ਸੰਖਿਆਂ ਵਿੱਚ ਅੱਜ ਉਰਦੂ ਕਲਾਸਾਂ ਦਾ ਸੁਭਅਰੰਭ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਭਾਸਾ ਦਾ ਗਿਆਨ ਰੱਖਣਾ ਚੰਗੀ ਗੱਲ ਹੈ ਅਤੇ ਬਹੁਤ ਸਾਰੀਆਂ ਭਾਸਾਵਾਂ ਦਾ ਗਿਆਨ ਰੱਖਣਾ ਇੱਕ ਬਹੁਤ ਹੀ ਵੱਡੀ ਗੱਲ ਹੁੰਦੀ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਭਾਸਾ ਦਾ ਗਿਆਨ ਸਾਨੂੰ ਹੋਰ ਵੀ ਬਹੁਤ ਕੁਝ ਸਿੱਖਣ ਵਿੱਚ ਸਹਾਇਕ ਹੁੰਦਾ ਹੈ ਇਸ ਲਈ ਸਾਨੂੰ ਸਾਰਿਆਂ ਨੂੰ ਅੱਗੇ ਆਉਂਣਾ ਚਾਹੀਦਾ ਹੈ।

# ਰੋਟਰੀ ਕਲੱਬ ਭਵਾਨੀਗੜ੍ਹ ਸਿਟੀ ਵੱਲੋਂ ਡਾਕਟਰ ਡੇ ਅਤੇ ਸੀ.ਏ.ਡੇ ਬਹੁਤ ਧੂਮ-ਧਾਮ ਨਾਲ ਮਨਾਇਆ

**ਭਵਾਨੀਗੜ੍ਹ, (ਦਲਜੀਤ ਕੌਰ)-** ਰੋਟਰੀ ਕਲੱਬ ਭਵਾਨੀਗੜ੍ਹ ਸਿਟੀ ਵੱਲੋਂ ਡਾਕਟਰ ਡੇ ਅਤੇ ਸੀ.ਏ.ਡੇ ਬਹੁਤ ਧੂਮ-ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਉੱਤੇ ਸ਼ਹਿਰ ਦੇ ਡਾਕਟਰਾਂ ਅਤੇ ਸੀ.ਏ ਨੂੰ ਇੱਕ ਵਿਸ਼ੇਸ਼ ਪ੍ਰੋਗਰਾਮ ਕਰਕੇ ਸਨਮਾਨਿਤ ਕੀਤਾ ਗਿਆ। ਪ੍ਰੋਗਰਾਮ ਦੇ ਸ਼ੁਰੂ ਵਿੱਚ ਐਡਵੋਕੇਟ ਸੰਜੀਵ ਗੋਇਲ ਨੇ ਉਪਸਥਿਤ ਸਾਰੇ ਹੀ ਮਹਿਮਾਨਾਂ ਦਾ ਸਵਾਗਤ ਕੀਤਾ। ਡਾ. ਰਵੀ ਮੜਕਣ ਨੇ ਡਾਕਟਰਜ਼ ਡੇ ਦੀ ਸ਼ੁਰੂਆਤ ਅਤੇ ਇਸ ਦੀ ਮਹੱਤਤਾ ਬਾਰੇ ਦੱਸਿਆ ਕਿ ਕਿਸ ਤਰ੍ਹਾਂ ਡਾ.ਬੀ.ਸੀ. ਰਾਏ ਦੀ ਯਾਦ ਵਿੱਚ ਡਾਕਟਰ ਡੇ ਮਨਾਇਆ ਜਾਂਦਾ ਹੈ। ਇਸੇ ਤਰ੍ਹਾਂ ਸੀ.ਏ ਗੁਲਸ਼ਨ ਸ਼ਲਦੀ ਨੇ ਸੀ.ਏ.ਡੇ ਦੀ ਮਹੱਤਤਾ ਬਾਰੇ ਦੱਸਿਆ ਕਿ ਕਿਸ ਤਰ੍ਹਾਂ ਸੀ.ਏ ਕਿਸੇ ਵੀ ਦੇਸ਼ ਦੀ ਇਕਨਾਮੀ ਵਿੱਚ ਵੱਡਮੁੱਲਾ ਯੋਗਦਾਨ ਪਾਉਂਦੇ ਹਨ ਅਤੇ ਸਹੀ ਸਮੇਂ ਇਨਕਮ ਟੈਕਸ ਰਿਟਰਨਾਂ ਆਪਣੇ ਗਾਹਕ ਦੇ ਖਾਤਿਆਂ ਨੂੰ ਗੁਪਤ ਰੱਖਦੇ ਹਨ। ਇੱਕ ਟਰਾਂਸਪੇਰੇਸ਼ੀ ਨਾਲ ਕੰਮ ਕਰਦੇ ਹਨ।




ਇਸ ਮੌਕੇ ਉੱਤੇ ਕਲੱਬ ਦੇ ਸਾਬਕਾ ਗਵਰਨਰ ਧਰਮਵੀਰ ਗਰਗ ਨੇ ਰੋਟਰੀ ਦੇ ਇਤਿਹਾਸ ਬਾਰੇ ਸਭ ਨੂੰ ਦੱਸਿਆ ਅਤੇ ਸਮੂਹ ਡਾਕਟਰਜ਼ ਅਤੇ ਸੀ.ਏ ਨੂੰ ਇਸ ਦਿਵਸ ਉੱਤੇ ਮੁਬਾਰਕਬਾਦ ਦਿੱਤੀ। ਸੀ.ਏ ਗੁਲਸ਼ਨ ਸ਼ਲਦੀ, ਸੀ.ਏ ਸੰਦੀਪ ਖੀਪੀਸੀ.ਏ ਕਮਲ ਕਾਂਸਲ ਨੂੰ ਵੀ ਸਨਮਾਨਿਤ ਕੀਤਾ ਗਿਆ।

ਅੰਤ ਵਿੱਚ ਕਲੱਬ ਦੇ ਪ੍ਰਧਾਨ ਅਮਿਤ ਕੁਮਾਰ, ਸਕੱਤਰ ਈਸ਼ਵਰ ਬਾਂਸਲ ਅਤੇ ਪ੍ਰੋਜੈਕਟ ਚੇਅਰਮੈਨ ਅਨਿਲ ਬਾਂਸਲ ਵੱਲੋਂ ਆਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ।

ਇਸ ਮੌਕੇ ਉੱਤੇ ਡਾ. ਰਵੀ ਮੜਕਣ, ਡਾ. ਰਾਜੀਵ ਗੁਪਤਾ, ਡਾ. ਵਿਕਰਮਜੀਤ ਸਿੰਘ, ਡਾ. ਰਮਨਦੀਪ ਕੌਰ, ਡਾ. ਰੋਹਨ ਸਿੰਘ, ਡਾ. ਸੁਰਜੀਤ ਚੌਧਰੀ, ਡਾ. ਹਰਸਿਮਰਨ ਕੌਰ, ਡਾ. ਯਸ਼ਦੀਪ ਗੋਇਲ, ਡਾ ਪੂਨਮ ਗੋਇਲ, ਡਾ.ਸ਼ੁਸ਼ਮਾ ਸੱਗੂ, ਡਾ.ਪਰਨੀਤ ਕੌਰ ਮਾਨ, ਡਾ. ਗੌਰਵ ਗੋਇਲ, ਡਾ. ਪ੍ਰਿਯੰਕਾ ਗੋਇਲ, ਡਾ. ਕਾਫਿਲਾ ਖਾਨ, ਡਾ. ਐੱਮ.ਐੱਸ ਖਾਨ, ਡਾ. ਲਲਿਤ ਕਾਂਸਲ, ਡਾ.ਰਿਤੂ ਕਾਂਸਲ, ਡਾ. ਮੀਨਾਕਸ਼ੀ ਖੋਸਲਾ, ਡਾ.ਰੋਹਿਤ ਮਿੱਤਲ, ਡਾ.ਕਮਲ ਸੱਚਦੇਵਾ, ਡਾ .ਭਾਵਨਾ ਸੱਚਦੇਵਾ, ਡਾ. ਮਨਪ੍ਰੀਤ ਕੌਰ, ਡਾ.ਉਮੇਸ਼ ਪਾਹਵਾ, ਡਾ. ਜਸ਼ਨ ਸ਼ਰਮਾ, ਡਾ. ਜਤਿਨ ਜਿੰਦਲ, ਡਾ. ਦੀਪਕ ਸਿੰਗਲਾ, ਡਾ. ਅਮਿਤ ਬਾਂਸਲ, ਡਾ.ਨਵਜੀਤ ਖੰਗੂੜਾ, ਡਾ. ਨਿਸ਼ਾਂਤ ਮੜਕਣ ਸ਼ਾਮਿਲ ਸਨ। ਇਸ ਮੌਕੇ ਉੱਤੇ ਸਾਬਕਾ ਪ੍ਰਧਾਨ ਰੰਜਨ ਗਰਗ, ਨਵੀਨ ਵਰਮਾ, ਸੁਪਜੀਤ ਸਿੰਘ, ਸੰਜੀਵ ਗਰਗ ਆਦਿ ਹਾਜ਼ਰ ਸਨ।

# ਕਿਰਤੀਆਂ ਦੇ ਆਗੂ ਸੁੱਚਾ ਸਿੰਘ ਸਤਨੌਰ ਦੀ ਅੰਤਿਮ ਅਰਦਾਸ ਮੌਕੇ ਵੱਖ ਵੱਖ ਆਗੂਆਂ ਵੱਲੋਂ ਸ਼ਰਧਾਂਜਲੀਆਂ ਭੇਟ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਸਾਬਕਾ ਆਗੂ ਅਤੇ ਪੀ ਡਬਲਿਊ ਡੀ ਅਤੇ ਵਰਕਸ਼ਾਪ ਵਰਕਰਜ਼ ਯੂਨੀਅਨ ਜੋਨ ਹੁਸ਼ਿਆਰਪੁਰ ਦੇ ਚੇਅਰਮੈਨ ਸੁੱਚਾ ਸਿੰਘ ਸਤਨੌਰ ਦੀ ਅੰਤਿਮ ਅਰਦਾਸ ਮੌਕੇ ਵੱਖ ਵੱਖ ਆਗੂਆਂ ਵੱਲੋਂ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ ਸਤਨੌਰ ਵਿਖੇ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਪ੍ਰਧਾਨ ਸਤੀਸ਼ ਰਾਣਾ, ਪੀ ਡਬਲਿਊ ਡੀ ਫੀਲਡ ਅਤੇ ਵਰਕਸ਼ਾਪ ਵਰਕਰਜ਼ ਯੂਨੀਅਨ ਪੰਜਾਬ ਦੇ ਪ੍ਰਧਾਨ ਮੱਖਣ ਸਿੰਘ ਵਾਹਿਦਪੁਰੀ, ਡੈਮੋਕ੍ਰੇਟਿਕ ਟੀਚਰ ਫਰੰਟ ਦੇ ਜਨਰਲ ਸਕੱਤਰ ਮੁਕੇਸ਼ ਕੁਮਾਰ, ਸੀ ਪੀ ਆਈ ਐੱਮ ਦੇ ਕਾਮਰੇਡ ਦਰਸ਼ਨ ਸਿੰਘ ਮੱਟੂ, ਆਰ ਐਮ ਪੀ ਆਈ ਦੇ ਜ਼ਿਲਾ ਸੱਕਤਰ ਪਿਆਰਾ ਸਿੰਘ, ਕੁਲਭੂਸ਼ਨ ਕੁਮਾਰ, ਪੰਜਾਬ ਜਲ ਸਰੋਤ ਮੁਲਾਜ਼ਮ ਯੂਨੀਅਨ ਦੇ ਸਾਬਕਾ ਜਨਰਲ ਸਕੱਤਰ ਰਾਮ ਜੀ ਦਾਸ ਚੌਹਾਨ ਅਤੇ ਪਸਸਫ ਦੇ ਜ਼ਿਲਾ ਜਨਰਲ ਸਕੱਤਰ ਇੰਦਰਜੀਤ ਵਿਰਦੀ ਨੇ ਕਿਹਾ ਕਿ ਸਾਥੀ ਸੁੱਚਾ ਸਿੰਘ ਸਤਨੌਰ ਆਪਣੀ ਸਾਰੀ ਜ਼ਿੰਦਗੀ ਮਿਹਨਤਕਸ਼ ਲੋਕਾਂ ਦੇ ਜੀਵਨ ਪੱਧਰ ਉੱਚਾ ਚੁੱਕਣ ਲਈ ਸੰਘਰਸ਼ਸ਼ੀਲ ਰਹੇ। ਉਹ ਇੱਕ ਮਿਲਣਸਾਰ, ਨਿਡਰ ਅਤੇ ਤਰਕ ਨਾਲ ਗੱਲਬਾਤ ਕਰਨ ਵਾਲ਼ੀ ਸ਼ਖ਼ਸੀਅਤ ਸਨ ਉਨ੍ਹਾਂ ਦੇ ਇਸ ਤਰ੍ਹਾਂ ਅਚਾਨਕ ਸਦੀਵੀ ਵਿਛੋੜੇ ਨਾਲ ਕਿਰਤੀ ਲਹਿਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।



ਬੁਲਾਰਿਆਂ ਨੇ ਪਰਿਵਾਰ ਦੇ ਮੈਂਬਰਾਂ ਨੂੰ ਹੌਸਲਾ ਦਿੰਦਿਆਂ ਭਵਿੱਖ ਵਿੱਚ ਹਰ ਦੁੱਖ ਸੁੱਖ ਚ ਨਾਲ ਖੜ੍ਹਨ ਦਾ ਵਿਸ਼ਵਾਸ ਦਿਵਾਇਆ। ਇਸ ਮੌਕੇ ਤੇ ਪਰਿਵਾਰਕ ਮੈਂਬਰਾਂ ਅਤੇ ਰਿਸ਼ਤੇਦਾਰਾਂ ਤੋਂ ਇਲਾਵਾ ਪੀ ਡਬਲਿਊ ਡੀ ਫੀਲਡ ਅਤੇ ਵਰਕਸ਼ਾਪ ਵਰਕਰਜ਼ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਅਮਰਜੀਤ ਨੰਗਲ ਖਿਲਾੜੀਆਂ, ਜਨਰਲ ਸਕੱਤਰ ਸੁਖਦੇਵ ਸਿੰਘ ਜਾਜਾ, ਪੈਨਸ਼ਨਰ ਆਗੂ ਸਰੂਪ ਚੰਦ, ਹਰੀ ਬਿਲਾਸ ਕਿਓਂ, ਮਾਸਟਰ ਬਲਵੰਤ ਰਾਮ, ਸ਼ਿੰਗਾਰਾ ਰਾਮ ਭੱਜਲ, ਸੁਰਜੀਤ ਸਿੰਘ ਕਾਲਾ, ਕਿਸਾਨ ਆਗੂ ਤਲਵਿੰਦਰ ਸਿੰਘ ਹੀਰ, ਆਰ ਐਮ ਪੀ ਆਈ ਤੋਂ ਮਲਕੀਅਤ ਸਿੰਘ ਬਾਹੋਵਾਲ, ਗਿਆਨੀ ਅਵਤਾਰ ਸਿੰਘ, ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ ਫੈਡਰੇਸ਼ਨ ਦੇ ਮਨਜੀਤ ਸਿੰਘ ਸੈਣੀ, ਜਲ ਸਪਲਾਈ ਦੇ ਰਿਟਾਇਰ ਉਪ ਮੰਡਲ ਇੰਜੀਨੀਅਰ ਕੁਲਦੀਪ ਸਿੰਘ, ਆਂਗਣਵਾੜੀ ਵਰਕਰ ਯੂਨੀਅਨ ਤੋਂ ਹਰਪਾਲ ਕੌਰ, ਤਰਕਸ਼ੀਲ ਆਗੂ ਤੇ ਸਰਪੰਚ ਜੋਗਿੰਦਰ ਕੁਲੇਵਾਲ, ਗੋਪਾਲ ਦਾਸ ਮਲਹੋਤਰਾ, ਮਿਥਲੇਸ਼ ਕੁਮਾਰ ਗੋਪਾਲ, ਹਰਮੇਸ਼ ਅਜ਼ਾਦ ਐਡਵੋਕੇਟ, ਬਲਦੇਵ ਰਾਜ ਵਿਰਦੀ, ਸਤਨਾਮ ਸਿੰਘ, ਕਮਲਜੀਤ, ਸਤੀਸ਼ ਕੁਮਾਰ ਬਿਣੇਵਾਲ, ਜਗਦੀਸ਼ ਲਾਲ, ਵਿਨੋਦ ਕੁਮਾਰ, ਪੁਸ਼ਪਿੰਦਰ ਸਿੰਘ ਪਿੰਕੀ, ਸੁਰਿੰਦਰ ਪਾਲ ਕਲੇਰਾਂ, ਬਲਵੀਰ ਸਿੰਘ ਬੈਂਸ, ਨਰੇਸ਼ ਕੁਮਾਰ ਕਪੂਰ, ਹਰਜਿੰਦਰ ਸਿੰਘ ਸੂਨੀ, ਵਿਕਰਮਜੀਤ ਵਿੱਕੀ ਸਮੇਤ ਵੱਡੀ ਗਿਣਤੀ ਵਿੱਚ ਲੋਕ ਹਾਜ਼ਰ ਸਨ।







# ਪ੍ਰਵਾਸੀ ਭਾਰਤੀ ਖੁਸ਼ਵਿੰਦਰ ਬਿੱਲਾ ਦਾ ਸਮਤਾ ਸੈਨਿਕ ਦਲ ਨੇ ਕੀਤਾ ਸਨਮਾਨ



**ਜਲੰਧਰ–** ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.) ਪੰਜਾਬ ਇਕਾਈ ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਪ੍ਰੈੱਸ ਬਿਆਨ ਰਾਹੀਂ ਦੱਸਿਆ ਕਿ ਪ੍ਰਵਾਸੀ ਭਾਰਤੀ ਖੁਸ਼ਵਿੰਦਰ ਬਿੱਲਾ ਜੀ ਵੁਲਵਰਹੈਂਪਟਨ (ਯੂ.ਕੇ). ਦੇ ਪੱਕੇ ਵਸਨੀਕ ਹਨ। ਉਹ ਇੱਕ ਮਿਸ਼ਨਰੀ ਕਾਰਕੁਨ ਹਨ ਅਤੇ ਕਈ ਸਮਾਜਿਕ, ਅੰਬੇਡਕਰੀ ਅਤੇ ਬੋਧੀ ਸੰਗਠਨਾਂ ਨਾਲ ਜੁੜੇ ਹੋਏ ਹਨ। ਉਹ ਯੂਕੇ ਦੇ ਪ੍ਰਸਿੱਧ ਸੰਗਠਨ 'ਡਾ. ਅੰਬੇਡਕਰ ਮੈਮੋਰੀਅਲ ਕਮੇਟੀ ਆਫ਼ ਗ੍ਰੇਟ ਬ੍ਰਿਟੇਨ' ਦੇ ਪ੍ਰਧਾਨ ਵੀ ਰਹਿ ਚੁੱਕੇ ਹਨ। ਭਾਰਦਵਾਜ ਨੇ ਦੱਸਿਆ ਕਿ ਖੁਸ਼ਵਿੰਦਰ ਬਿੱਲਾ ਇੱਕ ਮਿਸ਼ਨਰੀ ਲੇਖਕ ਵੀ ਹਨ ਅਤੇ ਉਨ੍ਹਾਂ ਨੇ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ, ਸ੍ਰੀ ਗੁਰੂ ਨਾਨਕ ਦੇਵ ਜੀ, ਅੰਬੇਡਕਰਵਾਦ ਅਤੇ ਬੁੱਧ ਧਰਮ 'ਤੇ ਸੈਂਕੜੇ ਮਿਸ਼ਨਰੀ ਗੀਤ ਲਿਖੇ ਹਨ ਜੋ ਚੋਟੀ ਦੇ ਗਾਇਕਾਂ ਦੁਆਰਾ ਗਾਏ ਗਏ ਹਨ। ਖੁਸ਼ਵਿੰਦਰ ਬਿੱਲਾ ਦੇ ਇੱਥੇ ਆਉਣ 'ਤੇ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.) ਪੰਜਾਬ ਬ੍ਰਾਂਚ ਦੇ ਮੈਂਬਰਾਂ ਨੇ ਉਨ੍ਹਾਂ ਦਾ ਨਿੱਘਾ ਸਵਾਗਤ ਅਤੇ ਸਨਮਾਨ ਕੀਤਾ। ਸਮਤਾ ਸੈਨਿਕ ਦਲ (ਰਜਿ.) ਪੰਜਾਬ ਯੂਨਿਟ ਵੱਲੋਂ ਪ੍ਰਕਾਸ਼ਿਤ ਸੋਵੀਨਾਰ-2023 ਦੀ ਕਾਪੀ ਵੀ ਉਨ੍ਹਾਂ ਨੂੰ ਭੇਟ ਕੀਤੀ ਗਈ। ਇਸ ਮੌਕੇ ਡਾ: ਚਰਨਜੀਤ ਸਿੰਘ ਐਸ.ਐਮ.ਓ. (ਸੇਵਾਮੁਕਤ), ਡੀ ਪੀ ਭਗਤ ਸਾਬਕਾ ਮੁੱਖ ਪ੍ਰਬੰਧਕ, ਬਲਦੇਵ ਭਾਰਦਵਾਜ, ਵਿਸ਼ਾਲ ਗੋਰਕਾ ਅਤੇ ਰਾਜੇਸ਼ ਕੁਮਾਰ ਪ੍ਰੋ. ਆਰ ਕੇ ਸਟੀਲਜ਼ ਆਦਿ ਹਾਜ਼ਰ ਸਨ।

# ਖਿਡਾਰੀ ਤੋਂ 2 ਕਰੋੜ ਮੰਗਣ ਵਾਲਾ ਨਿੱਕਲਿਆ ਡਰਾਮਾ, ਕੋਈ ਸ਼ਿਕਾਇਤ ਨਹੀਂ ਪੁੱਜੀ

ਭਗਵੰਤ ਮਾਨ ਜੀ ਵੱਲੋਂ ਇੱਕ ਖਿਡਾਰੀ ਨੂੰ ਬੁਲਾ ਕੇ ਡਰਾਮਾ ਕੀਤਾ ਗਿਆ ਸੀ ਕਿ ਇਸਤੋਂ ਚੰਨੀ ਹੁਰਾਂ 2 ਕਰੋੜ ਮੰਗੇ। RTI 'ਚ ਪਤਾ ਲੱਗਿਆ ਹੈ ਕਿ ਨਾਂ ਕੋਈ ਅਜਿਹਾ ਮਸਲਾ ਵਿਜੀਲੈਂਸ ਕੋਲ ਪੁੱਜਾ ਤੇ ਨਾਂ ਹੀ ਸ਼ਿਕਾਇਤ ਹੋਈ ਹੈ। ਪੰਜਾਬੀਓ ਤੁਹਾਨੂੰ ਹਰ ਰੋਜ ਡਰਾਮਾ ਕਰਕੇ ਦਿਖਾਇਆ ਜਾਂਦਾ ਹੈ, ਜਿਸਦਾ ਮਕਸਦ ਤੁਹਾਡੇ ਅੱਖੀ ਘੱਟਾ ਪਾਉਣਾ ਹੁੰਦਾ ਹੈ। ਉਹ ਮਸਲਾ ਸਾਫ ਦਿਖ ਰਿਹਾ ਸੀ ਕਿ ਝੂਠਾ ਹੈ ਤੇ ਖਿਡਾਰੀ ਦੀ ਵੀ ਇਸ ਨੌਕਰੀ ਲਈ ਯੋਗਤਾ ਪੂਰੀ ਨਹੀਂ ਸੀ। ਮਸਲਿਆਂ ਨੂੰ ਯਾਦ ਰੱਖਣਾ ਸਿੱਖੋ ਤੇ ਸਵਾਲ ਕਰਨਾ ਸਿੱਖੋ। ਪੁੱਛੋ ਭਗਵੰਤ ਮਾਨ ਨੂੰ ਕਿ ਕਦੋਂ ਚੰਨੀ ਨੂੰ ਇਸ ਮਸਲੇ 'ਚ ਅੰਦਰ ਦੇਣਾ 'ਤੇ ਕਦੋਂ ਖਿਡਾਰੀ ਨੂੰ DSP ਲਾਉਣਾ।

# ਲੋਕ ਚੇਤਨਾ ਮੰਚ, ਲਹਿਰਾਗਾਗਾ ਨੇ ਕੱਚੇ ਅਧਿਆਪਕਾਂ 'ਤੇ ਪੁਲਸ ਤਸ਼ੱਦਦ ਦਾ ਕੀਤਾ ਵਿਰੋਧ

**ਲਹਿਰਾਗਾਗਾ, (ਦਲਜੀਤ ਕੌਰ)–** ਲੋਕ ਚੇਤਨਾ ਮੰਚ, ਲਹਿਰਾਗਾਗਾ ਨੇ ਅੱਜ ਸੰਗਰੂਰ ਵਿਖੇ ਅਧਿਆਪਕਾਂ 'ਤੇ ਕੀਤੇ ਗਏ ਪੁਲਸੀਆ ਤਸ਼ੱਦਦ ਅਤੇ ਜੇਲ੍ਹਾਂ ਵਿੱਚ ਬੰਦ ਕਰਨ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਮੰਚ ਦੇ ਸਕੱਤਰ ਹਰਭਗਵਾਨ ਗੁਰਨੇ, ਨਾਮਦੇਵ ਭੁਟਾਲ, ਪੂਰਨ ਸਿੰਘ ਖਾਈ ਤੇ ਰਣਜੀਤ ਲਹਿਰਾ ਨੇ ਇੱਕ ਸਾਂਝੇ ਪ੍ਰੈੱਸ ਬਿਆਨ ਰਾਹੀਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਪੰਜਾਬ ਸਰਕਾਰ ਦੀ ਨਿੰਦਾ ਕਰਦੇ ਹੋਏ ਕਿਹਾ ਮਾਨ ਸਰਕਾਰ ਪਿਛਲੇ ਕਰੀਬ ਡੇਢ ਸਾਲ ਤੋਂ ਕੱਚੇ ਅਧਿਆਪਕਾਂ ਸਮੇਤ ਹੋਰ ਕੱਚੇ ਮੁਲਾਜ਼ਮਾਂ ਨੂੰ ਇਸ਼ਤਿਹਾਰਾਂ ਵਿੱਚ ਪੱਕੇ ਕਰੀ ਜਾ ਰਹੀ ਹੈ ਪਰ ਹਕੀਕੀ ਰੂਪ ਵਿੱਚ ਉਨ੍ਹਾਂ ਨੂੰ ਪੱਕੇ ਕਰਨ ਤੋਂ ਭੱਜ ਚੁੱਕੀ ਹੈ। ਮਹਿਜ਼ ਤਨਖਾਹਾਂ ਵਿੱਚ ਮਾਮੂਲੀ ਵਾਧਾ ਪੱਕੇ ਕਰਨਾ ਨਹੀਂ ਹੁੰਦਾ। ਉਨ੍ਹਾਂ ਕਿਹਾ ਕਿ ਪੱਕੇ ਮੁਲਾਜ਼ਮਾਂ ਨੂੰ ਨਾ ਸਿਰਫ਼ ਤਨਖਾਹ ਸਕੇਲ ਦਿੱਤੇ ਜਾਂਦੇ ਹਨ ਸਗੋਂ ਪੰਜਾਬ ਸਿਵਲ ਸਰਵਿਸਜ਼ ਰੂਲਜ਼ ਤਹਿਤ ਅਨੇਕਾਂ ਲਾਭ ਤੇ ਸਮਾਜਿਕ ਸੁਰੱਖਿਆ ਤੇ ਪੈਨਸ਼ਨ ਪ੍ਰਦਾਨ ਕੀਤੀ ਜਾਂਦੀ ਹੈ।

ਮੰਚ ਦੇ ਆਗੂਆਂ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਨੇ ਤਾਂ ਸੰਨ 2001 ਵਿੱਚ ਬਾਦਲ ਸਰਕਾਰ ਵੱਲੋਂ ਸੰਘਰਸ਼ ਦੇ ਦਬਾਅ ਅਧੀਨ ਬਣਾਈ ਦਿਹਾੜੀਦਾਰ, ਕੱਚੇ ਤੇ ਐਡਹਾਕ ਮੁਲਾਜ਼ਮਾਂ ਨੂੰ ਪੱਕੇ ਕਰਨ ਦੀ ਪਾਲਸੀ ਦਾ ਵੀ ਭੋਗ ਪਾ ਦਿੱਤਾ ਹੈ। ਇਸ ਬਦਨੀਤੀ ਦੇ ਸਿਆਸੀ ਸਿੱਟੇ ਅਤੇ ਸੰਘਰਸ਼ਾਂ ਦੇ ਵਿਰੋਧ ਦਾ ਸਾਹਮਣਾ ਮਾਨ ਸਰਕਾਰ ਨੂੰ ਕਰਨਾ ਹੀ ਪਵੇਗਾ। ਮੰਚ ਦੇ ਆਗੂਆਂ ਨੇ ਗਿਰਫ਼ਤਾਰ ਕੀਤੇ ਅਧਿਆਪਕਾਂ ਨੂੰ ਬਿਨ੍ਹਾਂ ਸ਼ਰਤ ਰਿਹਾਅ ਕਰਨ ਅਤੇ ਕੱਚੇ ਅਧਿਆਪਕਾਂ ਦੀਆਂ ਮੰਗਾਂ ਪ੍ਰਵਾਨ ਕਰਨ ਦੀ ਮੰਗ ਕੀਤੀ ਹੈ।

# ਬੀਕੇਯੂ ਉਗਰਾਹਾਂ ਵੱਲੋਂ ਕਿਸਾਨਾਂ ਅਤੇ 8736 ਕੱਚੇ ਅਧਿਆਪਕਾਂ ਉੱਤੇ ਕੀਤੇ ਲਾਠੀਚਾਰਜ ਦੀ ਸਖ਼ਤ ਨਿਖੇਧੀ

**ਸੰਗਰੂਰ, (ਦਲਜੀਤ ਕੌਰ)–** ਅੱਜ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਜ਼ਿਲ੍ਹਾ ਸੰਗਰੂਰ ਦੇ ਪ੍ਰਧਾਨ ਅਮਰੀਕ ਸਿੰਘ ਗੰਢੂਆਂ ਅਤੇ ਜ਼ਿਲ੍ਹਾ ਜਨਰਲ ਸਕੱਤਰ ਦਲਵਾਰਾ ਸਿੰਘ ਛਾਜਲਾ ਵੱਲੋਂ ਪ੍ਰੈੱਸ ਦੇ ਨਾਂ ਬਿਆਨ ਜਾਰੀ ਕਰਦਿਆਂ ਭੁੱਚੋਂ ਮੰਡੀ ਵਿੱਚ ਸੰਘਰਸ਼ ਕਰ ਰਹੇ ਕਿਸਾਨਾਂ ਤੇ ਹੋਏ ਅੰਨੇਵਾਹ ਲਾਠੀਚਾਰਜ ਅਤੇ ਸੰਗਰੂਰ ਵਿਖੇ ਸੰਘਰਸ਼ ਕਰ ਰਹੇ 8736 ਕੱਚੇ ਅਧਿਆਪਕਾਂ ਉੱਤੇ ਲਾਠੀਚਾਰਜ ਕਰਨ ਦੀ ਸਖ਼ਤ ਨਿੰਦਾ ਕੀਤੀ ਗਈ।

ਉਨ੍ਹਾਂ ਦੱਸਿਆ ਕਿ ਅੱਜ ਬਠਿੰਡਾ ਭੁੱਚੋਂ ਮੰਡੀ ਵਿੱਚ ਧਰਨੇ ਤੇ ਬੈਠੇ ਕਿਸਾਨਾਂ ਅਤੇ ਸੰਗਰੂਰ ਵਿਖੇ ਕੱਚੇ ਅਧਿਆਪਕਾਂ ਦੇ ਹੱਕੀ ਧਰਨੇ ਤੇ ਮਾਨ ਸਰਕਾਰ ਦੀ ਸ਼ਹਿ ਤੇ ਪੁਲਿਸ ਪ੍ਰਸ਼ਾਸਨ ਵਲੋਂ ਲਾਠੀਚਾਰਜ ਕੀਤਾ ਗਿਆ ਹੈ। ਇਨਾਂ ਦੋਵਾਂ ਥਾਂ 'ਤੇ ਧੀਆਂ ਭੈਣਾਂ ਦੀਆਂ ਚੁੰਨੀਆਂ ਤੱਕ ਪਾੜ ਦਿੱਤੀਆਂ ਗਈਆਂ ਹਨ। ਮਹਿਲਾ ਆਗੂ ਤੋਂ ਜਬਰੀ ਮੋਬਾਈਲ ਫੋਨ ਖੋਹਿਆ ਗਿਆ ਹੈ। ਭਗਵੰਤ ਮਾਨ ਸਰਕਾਰ ਨੇ ਵੋਟਾਂ ਤੋਂ ਪਹਿਲਾਂ ਕੀਤੇ ਗਏ ਹਰ ਵਾਅਦੇ ਨੂੰ ਟਿੱਚ ਜਾਣਿਆ ਹੈ ਅਤੇ ਪਹਿਲਾਂ ਵਾਲੀਆਂ ਸਰਕਾਰਾਂ ਦੀ ਤਰ੍ਹਾਂ ਕਿਰਤੀ ਲੋਕਾਂ ਤੇ ਅੱਤਿਆਚਾਰ ਨੂੰ ਹੋਰ ਵੀ ਬੜਾਵਾ ਦਿੱਤਾ ਹੈ। ਇਸ ਮੌਕੇ ਆਗੂਆਂ ਨੇ ਕਿਹਾ ਕਿ ਜੇਕਰ ਸਰਕਾਰ ਇਸੇ ਤਰ੍ਹਾਂ ਹੱਕ ਮੰਗਦੇ ਲੋਕਾਂ ਤੇ ਅੱਤਿਆਚਾਰ ਕਰਦੀ ਹੈ ਤਾਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਸੰਘਰਸ਼ ਨੂੰ ਹੋਰ ਵੀ ਤਿੱਖਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਆਪਣੀ ਜ਼ਿੱਦ ਤੇ ਅੜ ਰਹੀ ਹੈ ਤਾਂ ਕਿਸਾਨ ਵੀ ਆਪਣਾ ਹੱਕ ਲੈ ਕੇ ਰਹਿਣਗੇ।

ਆਗੂਆਂ ਨੇ ਕਿਹਾ ਕਿ ਸਰਕਾਰ ਵੱਲੋਂ ਫਸਲ ਖ਼ਰਾਬੇ ਦੇ ਐਲਾਨੇ ਗਏ ਮੁਆਵਜ਼ੇ ਤੋਂ ਬਾਅਦ ਜਦੋਂ ਇਸ ਤੇ ਲੰਮੇ ਸਮੇਂ ਤੋਂ ਸਰਕਾਰ ਵੱਲੋਂ ਕੋਈ ਗੱਲਬਾਤ ਨਹੀਂ ਹੋਈ ਤਾਂ ਤਿੰਨ ਕਿਸਾਨ ਜਥੇਬੰਦੀਆਂ ਨੇ ਮਜਬੂਰੀ ਵੱਸ ਐਮ ਐੱਲ ਏ ਜਗਸੀਰ ਦੇ ਘਰ ਅੱਗੇ ਧਰਨਾ ਲਾਇਆ ਹੋਇਆ ਸੀ ਜਿਸਦੇ ਚਲਦਿਆਂ ਕੱਲ੍ਹ ਭੁੱਚੋ ਮੰਡੀ ਵਿਖੇ ਰੋਡ ਜਾਮ ਕੀਤਾ ਹੋਇਆ ਸੀ। ਸਿਵਲ ਪ੍ਰਸ਼ਾਸਨ ਦੀ ਗੈਰ ਮੌਜੂਦਗੀ ਵਿੱਚ ਪੁਲਿਸ ਪ੍ਰਸ਼ਾਸਨ ਨੇ ਬਿਨਾਂ ਕੋਈ ਚਿਤਾਵਨੀ ਦਿੱਤਿਆਂ ਸੰਘਰਸ਼ ਕਰ ਰਹੇ ਕਿਸਾਨਾਂ ਅਤੇ ਔਰਤਾਂ ਤੇ ਅੰਨੇਵਾਹ ਲਾਠੀਚਾਰਜ ਕੀਤਾ ਗਿਆ। ਸਰਕਾਰ ਦੀ ਜਾਬਰ ਨੀਤੀ ਨੂੰ ਸਮਝਦਿਆਂ ਹੋਇਆਂ ਸੂਬਾ ਕਮੇਟੀ ਵੱਲੋਂ ਫ਼ੈਸਲਾ ਲਿਆ ਗਿਆ ਹੈ ਕਿ ਅੱਜ ਭੁੱਚੋ ਮੰਡੀ ਉਸੇ ਥਾਂ ਤੇ ਜਿੱਥੋਂ ਮੋਰਚਾ ਪੁਟਿਆ ਗਿਆ ਹੈ ਦੁਬਾਰਾ ਫਿਰ ਪੱਕਾ ਮੋਰਚਾ ਲਾਇਆ ਜਾਵੇਗਾ। ਜਿਸ ਵਿੱਚ ਨੇੜਲੇ ਜ਼ਿਲੇ ਹੀ ਸ਼ਮੂਲੀਅਤ ਕਰਨਗੇ। ਜਦੋਂ ਵੀ ਸੂਬਾ ਕਮੇਟੀ ਵੱਲੋਂ ਸਾਡੇ ਕੋਲ ਸੱਦਾ ਆਵੇਗਾ ਤਾਂ ਸੰਗਰੂਰ ਜ਼ਿਲ੍ਹੇ ਵਿੱਚੋਂ ਵੀ ਹਜ਼ਾਰਾਂ ਕਿਸਾਨਾਂ ਤੇ ਔਰਤਾਂ ਵੱਲੋਂ ਵੱਧ ਚੜ੍ਹ ਕੇ ਸ਼ਮੂਲੀਅਤ ਕੀਤੀ ਜਾਵੇਗੀ। ਆਗੂਆਂ ਨੇ ਮੰਗ ਕੀਤੀ ਕਿ ਕਿਸਾਨਾਂ ਦੀ ਫ਼ਸਲ ਖ਼ਰਾਬੇ ਦਾ ਮੁਆਵਜ਼ਾ ਦਿੱਤਾ ਜਾਵੇ। ਗਿਰਫ਼ਤਾਰ ਕੀਤੇ ਗਏ ਕਿਸਾਨਾਂ ਨੂੰ ਬਿਨਾਂ ਸ਼ਰਤ ਰਿਹਾਅ ਕੀਤਾ ਜਾਵੇ, ਸਾਧਨਾਂ ਦੀ ਭੰਨਤੋੜ ਦੀ ਭਰਪਾਈ ਕੀਤੀ ਜਾਵੇ, ਜ਼ਖ਼ਮੀ ਹੋਏ ਕਿਸਾਨਾਂ ਦੇ ਇਲਾਜ ਦਾ ਪ੍ਰਬੰਧ ਕੀਤਾ ਜਾਵੇ ਅਤੇ ਉਨ੍ਹਾਂ ਨੂੰ ਢੁੱਕਵਾਂ ਮੁਆਵਜ਼ਾ ਦਿੱਤਾ ਜਾਵੇ।

# ਰੋਟਰੀ ਕਲੱਬ ਭਵਾਨੀਗੜ੍ਹ ਦੀ ਚੋਣ; ਅਮਿਤ ਕੁਮਾਰ ਆਸੂ ਪ੍ਰਧਾਨ, ਈਸ਼ਵਰ ਬਾਂਸਲ ਸਕੱਤਰ ਅਤੇ ਨਵੀਨ ਵਰਮਾ ਕੈਸ਼ੀਅਰ ਚੁਣੇ



**ਸੰਗਰੂਰ, (ਦਲਜੀਤ ਕੌਰ)–** ਰੋਟਰੀ ਕਲੱਬ ਭਵਾਨੀਗੜ੍ਹ ਸਿਟੀ ਦਾ ਸਾਲ 2023-24 ਲਈ ਅਮਿਤ ਕੁਮਾਰ ਆਸੂ ਨੂੰ ਪ੍ਰਧਾਨ, ਈਸ਼ਵਰ ਬਾਂਸਲ ਨੂੰ ਸਕੱਤਰ ਅਤੇ ਨਵੀਨ ਵਰਮਾ ਨੂੰ ਕੋਸ਼ੀਅਰ ਸਰਵਸੰਮਤੀ ਨਾਲ ਚੁਣਿਆ ਗਿਆ। ਰੋਟਰੀ ਕਲੱਬ ਦਾ ਸਾਲ 1 ਜੁਲਾਈ ਤੋਂ ਸ਼ੁਰੂ ਹੋ ਕੇ 30 ਜੂਨ ਤਕ ਚੱਲਦਾ ਹੈ। ਕੱਲ੍ਹ ਨੂੰ ਨਵੀਂ ਟੀਮ ਗਊਸ਼ਾਲਾ ਭਵਾਨੀਗੜ੍ਹ ਵਿਖੇ ਗਊਆਂ ਦੀ ਸੇਵਾ ਕਰਕੇ ਆਪਣੇ ਨਵੇਂ ਸਾਲ ਦੀ ਸ਼ੁਰੂਆਤ ਕਰਨ ਜਾ ਰਹੀ ਹੈ। ਇਸ ਸੰਬੰਧੀ ਸਮੂਹ ਕਲੱਬ ਮੈਂਬਰਾਂ ਵਿੱਚ ਪੂਰਾ ਉਤਸ਼ਾਹ ਪਾਇਆ ਜਾ ਰਿਹਾ ਹੈ। ਇਸ ਟੀਮ ਵਿੱਚ ਜ਼ਿਆਦਾਤਰ ਚਿਹਰੇ ਨੌਜਵਾਨ ਹਨ ਅਤੇ ਆਪਣੇ ਆਪਣੇ ਬਿਜ਼ਨਸ ਵਿੱਚ ਉਚਾਈਆਂ ਛੂਹ ਰਹੇ ਹਨ। ਇਹਨਾਂ ਤੋਂ ਪੂਰੀ ਉਮੀਦ ਹੈ ਕਿ ਇਹ ਸਭ ਦੀਆਂ ਉਮੀਦਾਂ ਤੇ ਪੂਰੇ ਉਤਰਦੇ ਹੋਏ ਬਹੁਤ ਵਧੀਆ ਕੰਮ ਕਰਨਗੇ। ਉਨ੍ਹਾਂ ਦੇ ਸਮਾਜ ਸੇਵਾ ਦੇ ਕੰਮਾਂ ਦੀ ਸੂਚੀ ਵਿੱਚ ਖੂਨਦਾਨ ਕੈਂਪ, ਸੀ.ਏ ਅਤੇ ਡਾਕਟਰਾਂ ਨੂੰ ਸਨਮਾਨਿਤ ਕਰਨਾ, ਗ਼ਰੀਬ ਵਿਦਿਆਰਥੀਆਂ ਦੀ ਮਦਦ ਕਰਨਾ ਅਤੇ ਅੱਖਾਂ ਦੇ ਅਪਰੇਸ਼ਨ ਕਰਵਾਉਣਾ ਆਦਿ ਹਨ।

# ਜਮਹੂਰੀ ਹੱਕਾਂ ਨੂੰ ਚਣੌਤੀਆਂ ਵਿਸ਼ੇ ਤੇ ਚੇਤਨਾ ਕਨਵੈਨਸ਼ਨ ਵਿੱਚ ਫਾਸ਼ੀਵਾਦ ਵਿਰੁੱਧ ਚੇਤਨਾ ਲਹਿਰ ਉਸਾਰਨ ਦਾ ਦਿੱਤਾ ਸੱਦਾ

**ਜਲੰਧਰ, (ਦਲਜੀਤ ਕੌਰ)–** ਜਮਹੂਰੀ ਅਧਿਕਾਰ ਸਭਾ ਦੇ ਸੂਬਾ ਪ੍ਰਧਾਨ ਪ੍ਰੋਫੈਸਰ ਜਗਮੋਹਨ ਸਿੰਘ ਨੇ ਕਿਹਾ ਹੈ ਕਿ ਮੋਦੀ ਸਰਕਾਰ ਵੱਲੋਂ ਫਾਸ਼ੀ ਹੱਲਿਆਂ, ਮਨੁੱਖੀ ਹੱਕਾਂ ਦੇ ਕੀਤੇ ਜਾਂਦੇ ਘਾਣ ਕਾਰਨ ਮੋਦੀ ਸਰਕਾਰ ਦਾ ਸਿੰਬਲ (ਪ੍ਰਤੀਕ) ਬੁਲਡੋਜਰ ਬਣ ਚੁੱਕਾ ਹੈ। ਉਹ ਅੱਜ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਜਨਤਕ ਅਤੇ ਜਮਹੂਰੀ ਜਥੇਬੰਦੀਆਂ ਵੱਲੋਂ ' ਅਣ ਐਲਾਨੀ ਐਮਰਜੈਂਸੀ ਦੇ ਦੌਰ ਵਿੱਚ ਜਮਹੂਰੀ ਹੱਕਾਂ ਨੂੰ ਚਣੌਤੀਆਂ 'ਵਿਸ਼ੇ ਉੱਤੇ ਕੀਤੀ ਗਈ ਚੇਤਨਾ ਕਨਵੈਨਸ਼ਨ ਨੂੰ ਸੰਬੋਧਨ ਕਰ ਰਹੇ ਸਨ। ਇਸ ਕਨਵੈਨਸ਼ਨ ਵਿੱਚ ਜਨਤਕ ਤੇ ਜਮਹੂਰੀ ਸੰਘਰਸ਼ਸ਼ੀਲ ਜਥੇਬੰਦੀਆਂ ਦੇ ਸਰਗਰਮ ਮੈਂਬਰਾਂ ਨੇ ਫਿਰਕੂ ਫਾਸ਼ੀਵਾਦ, ਔਰਤਾਂ ਅਤੇ ਹੋਰ ਦੱਬੇ ਕੁੱਚਲੇ ਲੋਕਾਂ ਦੇ ਹੱਕਾਂ ਦੀ ਰਾਖੀ, ਜਮਹੂਰੀ ਹੱਕਾਂ ਦੇ ਘਾਣ ਵਿਰੁੱਧ ਇਕਜੁੱਟ ਹੋ ਕੇ ਲੜਨ ਦਾ ਅਹਿਦ ਲਿਆ। ਵੱਖ-ਵੱਖ ਲੋਕ ਜਥੇਬੰਦੀਆਂ ਦੇ ਆਗੂਆਂ ਅਧਾਰਿਤ ਪ੍ਰਧਾਨਗੀ ਮੰਡਲ ਦੀ ਅਗਵਾਈ ਹੇਠ ਖਚਾ ਖਚ ਭਰੇ ਵਿਸ਼ਨੂੰ ਪਿੰਗਲੇ ਹਾਲ ਵਿਚ ਇਕਠੇ ਹੋਏ ਲੋਕਾਂ ਨੂੰ ਸੰਬੋਧਨ ਕਰਦਿਆਂ ਕਨਵੈਨਸ਼ਨ ਦੇ ਮੁੱਖ ਬੁਲਾਰੇ ਪ੍ਰੋਫੈਸਰ ਜਗਮੋਹਣ ਸਿੰਘ ਨੇ ਮੌਜੂਦਾ ਸਮੇਂ ਵਿੱਚ ਮੋਦੀ ਸਰਕਾਰ ਵੱਲੋਂ ਲਾਈ ਅਣ ਐਲਾਨੀ ਐਮਰਜੈਂਸੀ ਨੂੰ 1975 ਦੀ ਐਮਰਜੈਂਸੀ ਤੋਂ ਵੀ ਜ਼ਿਆਦਾ ਖਤਰਨਾਕ ਦੱਸਦੇ ਹੋਏ ਕਿਹਾ ਕਿ ਫਿਰਕੂ ਸ਼ਕਤੀਆਂ ਕੇਂਦਰੀ ਅਤੇ ਰਾਜ ਸਰਕਾਰ ਦੀਆਂ ਰਾਜਕੀ ਨੀਤੀਆਂ ਦੀ ਵਿਰੋਧਤਾ ਕਰਨ ਵਾਲੇ ਕਾਰਕੁਨਾ, ਬੁੱਧੀਜੀਵੀਆਂ , ਲੇਖਕਾ ਪੱਤਰਕਾਰਾਂ ਨੂੰ ਕਾਲੇ ਕਾਨੂੰਨਾਂ(ਯੂਏਪੀਏ, ਪੀਐਮਐਲਏ ਐੱਨਐੱਸਏ), ਰਾਜਕੀ ਏਜੰਸੀਆਂ-ਸੀਬੀਆਈ, ਈਡੀ, ਐਨਆਈਏ, ਵਿਜੀਲੈਂਸ ਆਦਿ ਰਾਹੀ ਨਿਸ਼ਾਨਾ ਬਣਾ ਰਹੀਆ ਹਨ। ਅਦਾਲਤਾਂ ਵਿੱਚ ਹਕੂਮਤ ਦੀ ਅਲੋਚਨਾ ਕਰਨ ਵਾਲਿਆਂ ਦੀ ਸੁਰੱਖਿਆ ਕਰਨ ਦੀ ਬਜਾਏ ਜੇਲ੍ਹੀਂ ਡੱਕਣ ਵਿੱਚ ਸਰਕਾਰ ਦਾ ਸੰਦ ਬਣਕੇ ਕੰਮ ਕਰਨ ਦਾ ਰੁਝਾਣ ਉਭਰ ਕੇ ਸਾਹਮਣੇ ਆ ਰਿਹਾ ਹੈ। ਜਿਵੇ ਪ੍ਰੋ: ਸਾਈਬਾਬਾ ਤੀਸਤਾ ਸੀਤਲਵਾੜ ,ਹਿੰਮਾਂਸ਼ੂ ਕੁਮਾਰ ਆਦਿ ਦੇ ਕੇਸ ਪ੍ਰਮੁੱਖ ਹਨ। ਆਦਿਵਾਸੀ ਖੇਤਰਾਂ ਵਿੱਚ ਡਰੋਨਾ ਰਾਹੀਂ ਬੰਬਾਰੀ ਦੀ ਵਰਤੋਂ ਕੀਤੀ ਜਾ ਰਹੀ ਹੈ। ਲੋਕਾਂ ਦੇ ਰੁਜਗਾਰ ਅਤੇ ਰਿਹਾਇਸ਼ ਦੇ ਹੱਕ ਖੋਹੇ ਜਾ ਰਹੇ ਹਨ। ਹਿੰਦੂ ਰਾਸ਼ਟਰਵਾਦ ਨੂੰ ਲਾਗੂ ਕਰਨ ਹਿੱਤ ਹਰ ਪੱਧਰ ਦੀਆਂ ਜਮਹੂਰੀ ਸੰਸਥਾਵਾਂ ਦਾ ਭੋਗ ਪਾਇਆ ਜਾ ਰਿਹਾ ਹੈ।

ਇਸ ਮੌਕੇ ਹਾਜ਼ਰ ਸੰਬੋਧਨ ਕਰਦਿਆਂ ਇਫਟੂ ਦੇ ਸੂਬਾ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ, ਪ੍ਰਿਤਪਾਲ ਸਿੰਘ, ਪ੍ਰੋਫੈਸਰ ਸੁਰਜੀਤ ਜੱਜ, ਸੁਖਦੇਵ ਸਿੰਘ ਕੋਕਰੀ ਕਲਾਂ, ਜਸਵਿੰਦਰ ਸਿੰਘ ਫਗਵਾੜਾ, ਦਿਗਵਿਜੇ ਸ਼ਰਮਾ , ਹਰਨੇਕ ਸਿੰਘ ਮਹਿਮਾ ਨੇ ਕਿਹਾ ਕਿ 1975 ਵਿੱਚ ਤਾਂ ਸੰਵਿਧਾਨ ਦੀ ਇੱਕ



ਧਾਰਾ ਇਸਤੇਮਾਲ ਕਰਕੇ ਸ਼ਹਿਰੀਆਂ ਦੇ ਸਾਰੇ ਹੱਕ ਖਤਮ ਕਰ ਦਿੱਤੇ ਗਏ ਸਨ, ਪਰ ਮੌਜੂਦ ਦੌਰ ਵਿੱਚ ਜਿਵੇਂ-ਜਿਵੇਂ ਆਰਥਕ ਸੰਕਟ ਗਹਿਰਾਉਂਦਾ ਜਾ ਰਿਹਾ ਹੈ, ਨਾ ਬਰਾਬਰੀ ਵਧਦੀ ਜਾ ਰਹੀ ਹੈ ਤਿਵੇਂ-ਤਿਵੇਂ ਸ਼ਹਿਰੀਆਂ ਦੇ ਮੂਲ ਅਧਿਕਾਰਾਂ ਨੂੰ ਬਗੈਰ ਐਲਾਨ ਕੀਤਿਆਂ ਹੀ ਖੋਹਿਆ ਜਾ ਰਿਹਾ ਹੈ। ਪੀਐਮਐਲਏ ਦੀ ਸ਼ਹਿਰੀਆਂ ਨੂੰ ਤੰਗ ਪ੍ਰੇਸ਼ਾਨ ਕਰਨ ਦੀ ਦੁਰਵਰਤੋਂ ਅਤੇ ਯੂਏਪੀਏ ਦੀ ਅੰਨ੍ਹੇਵਾਹ ਵਰਤੋਂ ਕੀਤੀ ਜਾ ਰਹੀ ਹੈ। ਕੇਂਦਰੀ ਏਜੰਸੀਆਂ ਦੀ ਵੀ ਸਿਆਸੀ ਵਰਤੋਂ ਕੀਤੀ ਜਾ ਰਹੀ ਹੈ। ਦੂਜੇ ਪਾਸੇ ਸਪੱਸ਼ਟ ਕਨੂੰਨੀ ਹਦਾਇਤਾਂ ਨੂੰ ਅੱਖੋਂ ਪ੍ਰੋਖੇ ਕੀਤਾ ਜਾ ਰਿਹਾ ਹੈ। ਜਿਵੇਂ ਅੰਦਰ ਰਾਂਸ਼ਟਰੀ ਸਨਮਾਨ ਹਾਸਲ ਕਰਨ ਵਾਲੀਆਂ ਪਹਿਲਵਾਨਾਂ ਦੇ ਮੁਲਜ਼ਮ ਨੂੰ ਖੁੱਲ੍ਹੇਆਮ ਫਿਰਨ ਦਿੱਤਾ ਜਾ ਰਿਹਾ ਹੈ। ਅਜਿਹੇ ਹੋਰ ਵਰਤਾਰੇ ਵੀ ਹਨ ਜਿਸ ਰਾਹੀਂ ਸਮਾਜੀ ਨਿਆਂ 'ਤੇ ਹਮਲੇ ਹੋ ਰਹੇ ਹਨ।ਸਿਖਿਆ, ਸਿਹਤ ਸਮੇਤ ਸਭ ਪੱਖਾਂ ਤੋ ਜਮਹੂਰੀ ਹੱਕਾਂ ਨੂੰ ਚੁਣੌਤੀਆਂ ਪੇਸ਼ ਹਨ।

ਜਮਹੂਰੀ ਅਧਿਕਾਰ ਸਭਾ, ਪੰਜਾਬ ਸਟੂਡੈਂਟਸ ਯੂਨੀਅਨ, ਡੈਮੋਕਰੇਟਿਕ ਮੁਲਾਜ਼ਮ ਫੈਡਰੇਸ਼ਨ, ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ, ਜਮਹੂਰੀ ਕਿਸਾਨ ਸਭਾ, ਆਲ ਇੰਡੀਆ ਕਿਸਾਨ ਸਭਾ, ਕਿਰਤੀ ਕਿਸਾਨ ਯੂਨੀਅਨ, ਵਰਗ ਚੇਤਨਾ ਮੰਚ, ਮੋਲਡਰ ਐਂਡ ਸਟੀਲ ਵਰਕਰਜ਼ ਯੂਨੀਅਨ, ਡੈਮ-ਰੋਕਰੇਟਿਕ ਟੀਚ੍ਰਰਜ਼ ਫਰੰਟ (ਦਿਗਵਿਜੈ ਪਾਲ), ਡੈਮੋਕ੍ਰੇਟਿਕ ਪੈਨਸ਼ਨਰਜ਼ ਫਰੰਟ, ਕ ਾਂ ਤ ੀ ਕ ਾ ਰ ੀ ਸੱਭਿਆਚਾਰ ਕੇਂਦਰ, ਤ ਰ ਕ ਸ਼ ੀ ਲ ਸੁਸਾਇਟੀ ਪੰਜਾਬ, ਇਨਕਲਾਬੀ ਮਜ਼ਦੂਰ ਕੇਂਦਰ, ਬੀ.ਕੇ.ਯੂ.(ਡਕੌਂਦਾ ਧਨੇਰ), ਪੰਜਾਬ ਸੁਬਾਰਡੀਨੈਟ ਸਰਵਿਸ਼ਿਜ਼ ਫੈਡਰੇਸ਼ਨ (ਸਤੀਸ਼ ਰਾਣਾ) ਇਫਟੂ , ਪੰਜਾਬ ਸਟੂਡੈਂਟਸ ਯੂਨੀਅਨ ਰੰਧਾਵਾ, ਇਸਤਰੀ ਜਾਗ੍ਰਿਤੀ ਮੰਚ, ਦਿਹਾਤੀ ਮਜ਼ਦੂਰ ਸਭਾ, ਪੰਜਾਬ ਖੇਤ ਮਜ਼ਦੂਰ ਯੂਨੀਅਨ, ਪਲਸ ਮੰਚ, ਪੇਂਡੂ ਮਜ਼ਦੂਰ ਯੂਨੀਅਨ ਪੰਜਾਬ, ਬੀਕੇਯੂ ਉਗਰਾਹਾਂ, ਮਜ਼ਦੂਰ ਮੁਕਤੀ ਮੋਰਚਾ, ਨੌਜਵਾਨ ਭਾਰਤ ਸਭਾ (ਪਾਵੇਲ ਕੁੱਸਾ) ਆਰ ਸੀ ਐਫ ਯੂਨੀਅਨ ਅਤੇ ਇੰਡੀਅਨ ਰੇਲਵੇ ਇੰਪਲਾਈਜ਼ ਫੈਡਰੇਸ਼ਨ ਨੇ ਵੀ ਇਸ ਕਨਵੈਨਸ਼ਨ ਵਿੱਚ ਸ਼ਮੂਲੀਅਤ ਕੀਤੀ। ਅੱਜ ਕਨਵੈਨਸ਼ਨ ਵਿੱਚ ਸਭਾ ਦੇ ਜਥੇਬੰਦਕ ਸਕੱਤਰ ਨਰਭਿੰਦਰ ਵਲੋਂ ਪੇਸ਼ ਕੀਤੇ ਮਤਿਆਂ ਨੂੰ ਸਰਬ ਸੰਮਤੀ ਨਾਲ ਪਾਸ ਕਰਦਿਆਂ ਮੰਗ ਕੀਤੀ ਗਈ ਕਿ ਲੋਕ ਲਹਿਰ ਦੀ ਸਿਰਕੱਢ ਦ੍ਰਿੜ ਹਮਾਇਤੀ ਅਤੇ ਜਮਹੂਰੀ ਅਧਿਕਾਰਾਂ ਦੀ ਉੱਘੀ ਕਾਰਕੁੰਨ ਡਾ ਨਵਸ਼ਰਣ ਤੇ ਹੋਰ ਲੋਕ-ਪੱਖੀ ਔਰਤ ਕਾਰਕੁਨਾਂ ਨੂੰ ਈਡੀ ਵਰਗੀਆਂ ਏਜੰਸੀਆਂ ਰਾਹੀਂ ਤੰਗ ਪ੍ਰੇਸ਼ਾਨ ਕਰਨ, ਉਨ੍ਹਾਂ ਵਿਰੁੱਧ ਝੂਠੇ ਕੇਸ ਬਨਾਉਣ ਅਤੇ ਈਡੀ, ਸੀਬੀਆਈ, ਇਨਕਮ ਟੈਕਸ, ਵਿਜੀਲੈਂਸ ਆਦਿ ਏਜੰਸੀਆਂ ਅਤੇ ਪੀ ਐਮ ਐਲ ਏ ਦੀ ਦੁਰਵਰਤੋ ਬੰਦ ਕੀਤੀ ਜਾਵੇ।

ਭਾਰਤ ਸਰਕਾਰ ਸਮੇਤ ਤਿਲੰਗਾਨਾ ਸਰਕਾਰ ਵੱਲੋਂ ਯੂਏਪੀਏ ਤਹਿਤ ਉੱਘੇ ਬੁਧੀਜੀਵੀ ਪ੍ਰੋ ਹਰਗੋਪਾਲ, ਪ੍ਰੋ ਲਕਸ਼ਮਨ , ਪ੍ਰੋ ਗੰਗਾਧਰ ਡਾ ਸਾਈਂ ਬਾਬਾ ਹੋਰਨਾਂ ਬੁਧੀਜੀਵੀਆਂ, ਅਧਿਆਪਕ ਕਾਰਕੂੰਨਾਂ ਸਮੇਤ 152 ਵਿਅਕਤੀਆਂ ਤੇ ਦਰਜ ਕੀਤੀ ਫਰਜੀ ਐੱਫ ਆਈ ਆਰ ਤੁਰੰਤ ਰੱਦ ਕਰਨ ਅਤੇ ਸਜਾ ਪੂਰੀ ਕਰ ਚੁੱਕੇ ਵਿਅਕਤੀਆ ਨੂੰ ਬਿਨਾ ਕਿਸੇ ਧਰਮ, ਜਾਤ ਇਲਾਕੇ ਦੇ ਵਿਤਕਰੇ ਦੇ ਤੁਰੰਤ ਰਿਹਾ ਕੀਤਾ ਜਾਵੇ। ਰਿਹਾ ਕਰਨ ਦੀ ਇਕਸਾਰ ਨੀਤੀ ਲਾਗੂ ਕੀਤੀ ਜਾਵੇ। ਸਰਕਾਰ ਦੀ ਭੇਦ-ਭਾਵ ਵਾਲੀ ਦੋਗਲੀ ਨੀਤੀ ਬੰਦ ਕੀਤੀ ਜਾਵੇ।

ਜਿਨਸੀ ਸ਼ੋਸ਼ਣ ਵਿਰੁੱਧ ਲਗਾਤਾਰ ਸੰਘਰਸ਼ ਕਰ ਰਹੀਆਂ ਅੰਤਰਰਾਸ਼ਟਰੀ ਸਨਮਾਨ ਲਿਆਉਣ ਵਾਲੀਆਂ ਪਹਿਲਵਾਨ ਕੁੜੀਆਂ ਦੀ ਸ਼ਿਕਾਇਤ ਨੂੰ ਕਾਨੂੰਨ ਮੁਤਾਬਕ ਕੁਸ਼ਤੀ ਫੈਡਰੇਸ਼ਨ ਦੇ ਸਾਬਕਾ ਮੁਖੀ ਅਤੇ ਸੰਸਦ ਮੈਂਬਰ ਬ੍ਰਿਜ ਭੂਸ਼ਨ ਸ਼ਰਨ ਸਿੰਘ ਖਿਲਾਫ ਕਾਰਵਾਈ ਨਾ ਕਰਣ ਦੀ ਸਖਤ ਨਿਖੇਧੀ ਕਰਦੇ ਹਾਂ। ਮਨੀਪੁਰ ਚ ਹਿੰਸਾ ਜੋ ਕਿ ਰਾਜ ਦੀ ਭਾਜਪਾ ਸਰਕਾਰ ਦੀ ਲੋਕਾ ਨੂੰ ਭਰਾ ਮਾਰ ਲੜਾਈ ਵਿਚ ਝੋਕ ਕਿ ਆਪਨੇ ਸਿਆਸੀ ਹਿੱਤ ਪੂਰਣ ਦੀ ਚਾਲ ਹੈ। ਇਸ ਹਿੰਸਾ ਨੂੰ ਬੰਦ ਕੀਤੀ ਜਾਵੇ ਲੋਕਾਂ ਦੇ ਜਾਨਮਾਲ ਦੀ ਰਾਖੀ ਕੀਤੀ ਜਾਵੇ। ਲੋਕਾਂ ਨੂੰ ਵੰਡਣ ਵਾਲੀਆ ਨੀਤੀਆਂ ਦੀ ਬੰਦ ਕੀਤੀ ਜਾਣ।ਆਪਣੇ ਹਿੰਦੂ ਰਾਸ਼ਟਰ ਏਜੰਡੇ ਨੂੰ ਲਾਗੂ ਕਰਨ ਹਿੱਤ ਵਿਦਿਆ ਦੇ ਸਿਲੇਬਸਾਂ ਦਾ ਭੰਨਤੋੜ ਬੰਦ ਕੀਤੀ ਜਾਵੇ। ਵਿੱਦਿਆ ਦਾ ਨਿੱਜੀਕਰਨ ਤੇ ਫਿਰਕੂਕਰਨ ਬੰਦ ਕੀਤਾ ਜਾਵੇ। ਸਾਂਝੇ ਸਿਵਲ ਕੋਡ ਰਾਹੀਂ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਉਣ ਦੀ ਭਾਈਚਾਰਕ ਸਾਂਝ ਤੋੜਨ ਦੀ ਨੀਤੀ ਬੰਦ ਕੀਤੀ ਜਾਵੇ। ਪਿਛਲੇ ਸਮੇਂ ਵਿਚ 194 ਅਖਬਾਰ ਨਵੀਸ਼ਾਂ ਨੂੰ ਵੱਖ-ਵੱਖ ਧਾਰਾਵਾਂ ਤਹਿਤ ਝੂਠੇ ਕੇਸਾਂ ਵਿਚ ਉਲਝਾਅ ਕੇ ਵਿਚਾਰ ਪਰਗਟਾਵੇ ਤੇ ਹਮਲਾ ਬੋਲਿਆ ਹੈ, ਜਦਕਿ ਨਫ਼ਰਤ ਫੈਲਾਣ ਵਾਲੇ ਬਗੈਰ ਕਿਸੇ ਰੋਕ ਦੇ ਖੁਲੇ ਦਨਦਨਾਅ ਰਹੇ ਹਨ, ਅਸਮਾਜਿਕ ਸਾਂਝ ਨੂੰ ਨੁਕਸਾਨ ਕਰ ਰਹੇ ਹਨ।

# ਪੀਣ ਵਾਲਾ ਸਾਫ਼ ਪਾਣੀ ਪਹੁੰਚਾਉਣ ਲਈ 2 ਹਜ਼ਾਰ ਕਰੋੜ ਰੁਪਏ ਦੀ ਲਾਗਤ ਵਾਲੇ ਪ੍ਰਾਜੈਕਟ 'ਤੇ ਚੱਲ ਰਿਹੈ ਕਾਰਜ - ਬ੍ਰਹਮ ਸ਼ੰਕਰ ਜਿੰਪਾ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਸੂਬੇ ਦੇ ਲੋਕਾਂ ਨੂੰ ਸਾਫ਼-ਸੁਥਰਾ ਪਾਣੀ ਮੁਹੱਈਆ ਕਰਵਾਉਣ ਲਈ ਪੰਜਾਬ ਸਰਕਾਰ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਪੂਰੇ ਸੂਬੇ ਨੂੰ ਨਹਿਰੀ ਪਾਣੀ ਨਾਲ ਜੋੜਨ ਦੀ ਯੋਜਨਾ 'ਤੇ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿਚ ਜਿਥੇ-ਜਿਥੇ ਪਾਣੀ ਦਾ ਪੱਧਰ ਕਾਫ਼ੀ ਥੱਲੇ ਜਾ ਚੁੱਕਾ ਹੈ, ਉਨ੍ਹਾਂ ਇਲਾਕਿਆਂ ਵਿਚ 2 ਹਜ਼ਾਰ ਕਰੋੜ ਰੁਪਏ ਦੀ ਲਾਗਤ ਵਾਲੇ ਸਰਫੇਸ ਵਾਟਰ ਪ੍ਰਾਜੈਕਟ 'ਤੇ ਕੰਮ ਚੱਲ ਰਿਹਾ ਹੈ। ਉਹ ਅੱਜ ਉਪ ਮੰਡਲ ਮੁਕੇਰੀਆਂ ਵਿਚ 90 ਲੱਖ ਰੁਪਏ ਦੀ ਲਾਗਤ ਨਾਲ ਪਿੰਡ ਖਿਜਰਪੁਰ ਤੇ ਪੁਰਾਣਾ ਭੰਗਾਲਾ ਵਿਚ 2 ਜਲ ਸਪਲਾਈ ਪ੍ਰਾਜੈਕਟਾਂ ਦਾ ਉਦਘਾਟਨ ਕਰਨ ਦੌਰਾਨ ਇਲਾਕਾ ਨਿਵਾਸੀਆਂ ਨੂੰ ਸੰਬੋਧਨ ਕਰ ਰਹੇ ਸਨ। ਇਸ ਮੌਕੇ ਉਨ੍ਹਾਂ ਨਾਲ ਮੁਕੇਰੀਆਂ ਵਿਧਾਨ ਸਭਾ ਹਲਕੇ ਦੇ ਇੰਚਾਰਜ ਪ੍ਰੋ: ਜੀ.ਐਸ. ਮੁਲਤਾਨੀ, ਐਸ.ਡੀ.ਐਮ ਮੁਕੇਰੀਆਂ ਕੰਨੂ ਥਿੰਦ, ਐਸ.ਈ ਜਲ ਸਪਲਾਈ ਵਿਭਾਗ ਰਾਜੇਸ਼ ਦੂਬੇ, ਐਕਸੀਅਨ ਅਨੁਜ ਸ਼ਰਮਾ ਵੀ ਮੌਜੂਦ ਸਨ। ਕੈਬਨਿਟ ਮੰਤਰੀ ਨੇ ਦੱਸਿਆ ਕਿ ਜਲ ਸਪਲਾਈ ਵਿਭਾਗ ਪੰਜਾਬ ਵਲੋਂ ਪਿੰਡ ਖਿਜਰਪੁਰ ਵਿਚ 50 ਲੱਖ ਰੁਪਏ ਦੀ ਲਾਗਤ ਨਾਲ ਇਸ ਜਲ ਸਪਲਾਈ ਯੋਜਨਾ ਨੂੰ ਸ਼ੁਰੂ ਕੀਤਾ ਗਿਆ ਹੈ। ਇਸ ਤੋਂ ਇਲਾਵਾ ਇਥੇ 30 ਲੱਖ ਦੇ ਹੋਰ ਵਿਕਾਸ ਕਾਰਜ ਚੱਲ ਰਹੇ ਹਨ। ਇਸੇ ਤਰ੍ਹਾਂ ਜਿਥੇ ਪਿੰਡ ਪੁਰਾਣਾ ਭੰਗਾਲਾ ਵਿਚ 40 ਲੱਖ ਰੁਪਏ ਦੀ ਲਾਗਤ ਨਾਲ ਜਲ ਸਪਲਾਈ ਯੋਜਨਾ ਦਾ ਉਦਘਾਟਨ ਕੀਤਾ ਗਿਆ ਹੈ, ਉਥੇ 28 ਲੱਖ ਰੁਪਏ ਦੇ ਵਿਕਾਸ ਕਾਰਜ ਨਿਰਮਾਣ ਅਧੀਨ ਹਨ। ਕੁਲ ਮਿਲਾ ਕੇ ਇਨ੍ਹਾਂ ਦੋਵਾਂ ਥਾਵਾਂ 'ਤੇ ਡੇਢ ਕਰੋੜ ਰੁਪਏ ਦੇ ਵਿਕਾਸ ਕਾਰਜ ਕਰਵਾਏ ਗਏ ਹਨ, ਜਿਸ ਦਾ ਲੋਕਾਂ ਨੂੰ ਬਹੁਤ ਲਾਭ ਮਿਲੇਗਾ। ਉਨ੍ਹਾਂ ਦੱਸਿਆ ਕਿ ਪਹਿਲੇ ਇਨ੍ਹਾਂ ਦੋਵਾਂ ਪਿੰਡਾਂ ਨੂੰ ਹੋਰ ਪਿੰਡਾਂ ਨਾਲ ਜਲ ਯੋਜਨਾ ਨਾਲ ਜੋੜਿਆ ਗਿਆ ਸੀ, ਜਿਸ ਦੇ ਚੱਲਦਿਆਂ ਇਨ੍ਹਾਂ ਪਿੰਡਾਂ ਦੀ ਸਪਲਾਈ ਵਿਚ ਕਾਫ਼ੀ ਦਿੱਕਤ ਆ ਰਹੀ ਸੀ, ਇਸੇ ਮੱਦੇਨਜ਼ਰ ਇਨ੍ਹਾਂ ਦੋਵਾਂ ਪਿੰਡਾਂ ਵਿਚ ਨਵੀਂ ਜਲ ਸਪਲਾਈ ਯੋਜਨਾ ਬਣਾ ਦਿੱਤੀ ਗਈ ਹੈ, ਤਾਂ ਜੋ ਇਥੇ ਦੇ ਲੋਕਾਂ ਨੂੰ ਪੀਣ ਵਾਲੇ ਪਾਣੀ ਦੀ ਕੋਈ ਸਮੱਸਿਆ ਨਾ ਆਵੇ।



ਉਨ੍ਹਾਂ ਦੱਸਿਆ ਕਿ ਉਪ ਮੰਡਲ ਮੁਕੇਰੀਆਂ ਦੇ ਬਲਾਕ ਹਾਜੀਪੁਰ ਦੇ ਪਿੰਡ ਖਿਜਰਪੁਰ ਵਿਚ 50 ਲੱਖ ਰੁਪਏ ਦੀ ਲਾਗਤ ਵਾਲੀ ਸਕੀਮ ਵਿਚ ਟਿਊਬਵੈਲ, ਪਾਣੀ ਦੀ ਟੈਂਕੀ, ਪੰਪ ਚੈਂਬਰ, ਪਾਣੀ ਦੀਆਂ ਪਾਈਪਾਂ ਅਤੇ ਪੰਪਿੰਗ ਮਸ਼ੀਨਾਂ ਦਾ ਕੰਮ ਕੀਤਾ ਗਿਆ ਹੈ। ਇਸ ਯੋਜਨਾ ਤੋਂ ਇਲਾਕੇ ਦੇ 340 ਘਰਾਂ ਦੇ 1672 ਲੋਕਾਂ ਨੂੰ ਲਾਭ ਮਿਲ ਰਿਹਾ ਹੈ। ਇਸੇ ਤਰ੍ਹਾਂ ਬਲਾਕ ਮੁਕੇਰੀਆਂ ਦੇ ਪੁਰਾਣਾ ਭੰਗਾਲਾ ਵਿਚ 40 ਲੱਖ ਰੁਪਏ ਦੀ ਲਾਗਤ ਵਾਲੀ ਜਲ ਸਪਲਾਈ ਸਕੀਮ ਵਿਚ ਟਿਊਬਵੈਲ, ਪੰਪ ਚੈਂਬਰ, ਪਾਣੀ ਦੀਆਂ ਪਾਈਪਾਂ ਅਤੇ ਪੰਪਿੰਗ ਮਸ਼ੀਨ ਅਤੇ ਸੋਲਰ ਸਿਸਟਮ ਦਾ ਕੰਮ ਕੀਤਾ ਗਿਆ ਹੈ। ਇਸ ਯੋਜਨਾ ਤੋਂ ਪੁਰਾਣਾ ਭੰਗਾਲਾ ਦੇ 528 ਘਰਾਂ ਦੇ 2716 ਲੋਕਾਂ ਨੂੰ ਲਾਭ ਮਿਲਿਆ ਹੈ।

ਬ੍ਰਹਮ ਸ਼ੰਕਰ ਜਿੰਪਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਕੇਵਲ ਇਕ ਸਾਲ ਵਿਚ ਹੀ ਜਨਤਾ ਨਾਲ ਕੀਤੇ ਜ਼ਿਆਦਾਤਰ ਵਾਅਦਿਆਂ ਨੂੰ ਪੂਰਾ ਕਰ ਲਿਆ ਹੈ। ਸਰਕਾਰ ਨੇ ਜਨਤਾ ਨੂੰ 600 ਯੂਨਿਟ ਮੁਫ਼ਤ ਬਿਜਲੀ ਦੇ ਕੇ 10 ਹਜ਼ਾਰ ਕਰੋੜ ਰੁਪਏ ਦਾ ਲਾਭ ਪਹੁੰਚਾਇਆ ਹੈ।

30 ਹਜ਼ਾਰ ਤੋਂ ਵੱਧ ਨੌਕਰੀਆਂ ਦੇ ਕੇ ਨਵਾਂ ਰਿਕਾਰਡ ਸਥਾਪਿਤ ਕੀਤਾ ਹੈ। ਸੂਬੇ ਵਿਚ ਲੋਕਾਂ ਦੇ ਘਰਾਂ ਦੇ ਨਜ਼ਦੀਕ ਸਿਹਤ ਸੁਵਿਧਾਵਾਂ ਪਹੁੰਚਾਉਣ ਲਈ 570 ਆਮ ਆਦਮੀ ਕਲੀਨਿਕ ਖੋਲ੍ਹੇ ਜਾ ਚੁੱਕੇ ਹਨ। ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਸੂਬੇ ਦੇ ਸਰਬਪੱਖੀ ਵਿਕਾਸ ਲਈ ਪੈਸਿਆਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਨਾਇਬ ਤਹਿਸੀਲਦਾਰ ਤਰਸੇਮ ਲਾਲ, ਸਰਪੰਚ ਗੁਰਨਾਮ ਸਿੰਘ, ਸਰਪੰਚ ਜੋਗਿੰਦਰ ਪਾਲ, ਐਸ.ਡੀ.ਓ ਰਾਹੁਲ, ਜੇ.ਈ ਗੁਰਪ੍ਰੀਤ ਸਿੰਘ, ਬੀ.ਆਰ.ਸੀ ਗੁਰਪ੍ਰੀਤ ਸਿੰਘ ਤੋਂ ਇਲਾਵਾ ਹੋਰ ਪਤਵੰਤੇ ਵੀ ਮੌਜੂਦ ਸਨ।

# ਬੱਚੀਆਂ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਅ ਰਹੀ ਹੈ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ - ਕੋਮਲ ਮਿੱਤਲ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ, ਹੁਸ਼ਿਆਰਪੁਰ ਹਮੇਸ਼ਾ ਗਰੀਬਾਂ, ਬਿਮਾਰਾਂ, ਲੋੜਵੰਦਾਂ, ਵਿਧਵਾਵਾਂ ਅਤੇ ਦਿਵਿਆਂਗਜਨ ਦੀ ਸਹਾਇਤਾ ਲਈ ਮੋਹਰੀ ਰਹੀ ਹੈ, ਉਥੇ ਬੱਚੀਆਂ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਕਰਨ ਵਿਚ ਵੀ ਮਹੱਤਵਪੂਰਨ ਭੂਮਿਕਾ ਨਿਭਾਅ ਰਹੀ ਹੈ। ਇਹ ਪ੍ਰਗਟਾਵਾ ਡਿਪਟੀ ਕਮਿਸ਼ਨਰ-ਕਮ-ਪ੍ਰਧਾਨ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਹੁਸ਼ਿਆਰਪੁਰ ਕੋਮਲ ਮਿੱਤਲ ਨੇ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਦੁਆਰਾ ਚਲਾਏ ਜਾ ਰਹੇ ਫੈਸ਼ਨ ਡਿਜ਼ਾਈਨਿੰਗ ਅਤੇ ਸਿਲਾਈ ਕਟਾਈ ਸੈਂਟਰ ਦੀਆਂ ਕੋਰਸ ਮੁਕੰਮਲ ਕਰਨ ਵਾਲੀਆਂ ਸਖਿਆਰਥਣਾਂ ਨੂੰ ਸਰਟੀਫਿਕੇਟ ਪ੍ਰਦਾਨ ਕਰਨ ਮੌਕੇ ਕੀਤਾ। ਉਨ੍ਹਾਂ ਕਿਹਾ ਕਿ ਰੈੱਡ ਕਰਾਸ ਸੁਸਾਇਟੀ ਵੱਲੋਂ ਲੜਕੀਆਂ ਲਈ ਵੋਕੇਸ਼ਨਲ ਟ੍ਰੇਨਿੰਗ ਸੈਂਟਰ ਜਿਵੇਂ ਫੈਸ਼ਨ ਡਿਜ਼ਾਈਨਿੰਗ ਸੈਂਟਰ, ਬਿਊਟੀ ਪਾਰਲਰ ਟ੍ਰੇਨਿੰਗ ਸੈਂਟਰ, ਕੰਪਿਊਟਰ ਟ੍ਰੇਨਿੰਗ ਸੈਂਟਰ, ਟਾਈਪ ਐਂਡ ਸ਼ਾਰਟਹੈਂਡ ਸੈਂਟਰ, ਹੋਮਿਓਪੈਥਿਕ ਸੈਂਟਰ ਅਤੇ ਕਰੈਂਚ ਸੈਂਟਰ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਪ੍ਰੋਜੈਕਟ ਚਲਾਏ ਜਾ ਰਹੇ ਹਨ। ਡਿਪਟੀ ਕਮਿਸ਼ਨਰ ਨੇ ਲੜਕੀਆਂ ਨੂੰ ਕਿਹਾ ਕਿ ਉਹ ਹੋਰਨਾਂ ਲੋੜਵੰਦ ਲੜਕੀਆਂ ਜਾਂ ਔਰਤਾਂ ਨੂੰ ਰੈੱਡ ਕਰਾਸ ਸੁਸਾਇਟੀ ਵਿਖੇ ਦਾਖਲਾ ਲੈਣ ਲਈ ਪ੍ਰੇਰਿਤ ਕਰਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸੇ ਤਰ੍ਹਾਂ ਸੁਸਾਇਟੀ ਵੱਲੋਂ ਸਮੇਂ-ਸਮੇਂ 'ਤੇ ਅੰਗਹੀਣ ਅਤੇ ਲੋੜਵੰਦ ਵਿਅਕਤੀਆਂ ਨੂੰ ਟਰਾਈ ਸਾਈਕਲ, ਮੋਟੋਰਾਈਜ਼ਡ ਟਰਾਈਸਾਈਕਲ, ਕਰੈਂਚਜ਼, ਬਨਾਉਟੀ ਅੰਗ, ਵ੍ਹੀਲ ਚੇਅਰ ਅਤੇ ਸਿਲਾਈ ਮਸ਼ੀਨਾਂ ਆਦਿ ਮੁਹੱਈਆ ਕਰਵਾਈਆਂ ਜਾਂਦੀਆਂ ਹਨ ਉਥੇ ਮੈਰੀਟੋਰੀਅਸ ਵਿਦਿਆਰਥੀਆਂ ਨੂੰ ਸਨਮਾਨ ਰਾਸ਼ੀ ਵੀ ਪ੍ਰਦਾਨ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਸਾਂਝੀ ਰਸੋਈ ਵਿਖੇ ਦੁਪਹਿਰ ਦੇ ਖਾਣੇ ਦੀ ਸਹੂਲਤ ਵੀ ਮੁਹੱਈਆ ਕਰਵਾਈ ਜਾ ਰਹੀ ਹੈ।



ਇਸ ਮੌਕੇ ਸਕੱਤਰ ਰੈੱਡ ਕਰਾਸ ਮੰਗੇਸ਼ ਸੂਦ ਨੇ ਦੱਸਿਆ ਕਿ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ, ਹੁਸ਼ਿਆਰਪੁਰ ਦੁਆਰਾ ਚਲਾਏ ਜਾ ਰਹੇ ਫੈਸ਼ਨ ਡਿਜ਼ਾਈਨਿੰਗ ਅਤੇ ਸਿਲਾਈ ਕਟਾਈ ਸੈਂਟਰ ਦੀਆਂ 14 ਸਿਖਿਆਰਥੀਅਣਾਂ ਨੂੰ ਇਮਤਿਹਾਨ ਲੈਣ ਉਪਰੰਤ ਸਰਟੀਫਿਕੇਟ ਤਕਸੀਮ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਲੜਕੀਆਂ ਵਿੱਚੋਂ ਬਹੁਤ ਸਾਰੀਆਂ ਲੜਕੀਆਂ ਆਪਣਾ ਕੰਮ ਰਹੀਆਂ ਹਨ। ਉਨ੍ਹਾਂ ਕਿਹਾ ਕਿ ਜਿਹੜੀਆਂ ਲੜਕੀਆਂ ਆਪਣਾ ਕੰਮ ਕਰਨਾ ਚਾਹੁੰਦੀਆਂ ਹਨ ਉਨ੍ਹਾਂ ਨੂੰ ਰੈੱਡ ਕਰਾਸ ਸੁਸਾਇਟੀ ਵਲੋਂ ਸਿਲਾਈ ਮਸ਼ੀਨਾਂ ਦਿੱਤੀਆਂ ਜਾਣਗੀਆਂ। ਇਸ ਤੋਂ ਇਲਾਵਾ ਜੇਕਰ ਕਿਸੇ ਲੜਕੀ ਨੂੰ ਕਰਜ਼ੇ ਦੀ ਜਰੂਰਤ ਹੈ, ਉਸ ਨੂੰ ਕਰਜ਼ਾ ਵੀ ਮੁਹੱਈਆ ਕਰਵਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਵੱਲੋਂ ਕੰਪਿਊਟਰ ਟ੍ਰੇਨਿੰਗ ਸੈਂਟਰ, ਟਾਈਪ ਐਂਡ ਸ਼ਾਰਟਹੈਂਡ ਸੈਂਟਰ, ਬਿਊਟੀ ਪਾਰਲਰ ਟ੍ਰੇਨਿੰਗ ਸੈਂਟਰ, ਫੈਸ਼ਨ ਡਿਜ਼ਾਈਨਿੰਗ ਸੈਂਟਰ ਅਤੇ ਸਿਲਾਈ ਅਤੇ ਕਟਾਈ ਸੈਂਟਰ ਵਿਖੇ ਦਾਖ਼ਲਾ ਸ਼ੁਰੂ ਹੈ। ਉਨ੍ਹਾਂ ਕਿਹਾ ਕਿ ਲੋੜਵੰਦ ਲੜਕੀਆਂ ਅਤੇ ਔਰਤਾਂ ਇਨ੍ਹਾਂ ਕੋਰਸਾਂ ਵਿਚ ਦਾਖਲਾ ਲੈ ਸਕਦੀਆਂ ਹਨ।

# 3 ਜੁਲਾਈ ਤੋਂ 15 ਜੁਲਾਈ ਤੱਕ ਲੱਗਣਗੇ ਸਮਰ ਕੈਂਪ- ਕਮਲਦੀਪ ਕੌਰ

**ਪਠਾਨਕੋਟ, (ਰਾਜਿੰਦਰ ਸਿੰਘ ਰਾਜਨ)–** ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ, ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਅਤੇ ਡਾਇਰੈਕਟਰ ਐਸ ਸੀ ਈ ਆਰ ਟੀ, ਪੰਜਾਬ ਦੇ ਆਦੇਸ਼ਾ ਅਨੁਸਾਰ ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ,ਪੰਜਾਬ ਵਲੋਂ ਜੂਨ ਦੀਆਂ ਛੁੱਟੀਆਂ ਖ਼ਤਮ ਹੁੰਦੇ ਸਾਰ ਹੀ ਵਿਦਿਆਰਥੀਆਂ ਦੀ ਪੜਾਈ ਨੂੰ ਰੋਚਕ ਬਣਾਉਂਣ ਲਈ ਜ਼ਿਲ੍ਹੇ ਦੇ ਸਮੂਹ ਪ੍ਰਾਇਮਰੀ ਸਕੂਲਾਂ ਵਿੱਚ ਪ੍ਰੀ-ਪ੍ਰਾਇਮਰੀ ਤੋਂ ਪੰਜਵੀਂ ਜਮਾਤ ਤੱਕ ਪੜ੍ਹਦੇ ਸਾਰੇ ਬੱਚਿਆਂ ਦੇ ਸਮਰ ਕੈਂਪ ਲਗਾਏ ਜਾਣਗੇ, ਇਸ ਸਬੰਧੀ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀਮਤੀ ਕਮਲਦੀਪ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆਂ ਕਿ ਬੱਚਿਆਂ ਦੇ ਸਰਵ ਪੱਖੀ ਵਿਕਾਸ ਦੇ ਤਹਿਤ ਸਰਕਾਰ ਵਲੋਂ ਇਨ੍ਹਾਂ ਸਮਰ ਕੈਂਪਾ ਦਾ ਆਯੋਜਨ ਕੀਤਾ ਜਾ ਰਿਹਾ ਹੈ।



ਇਹ ਕੈਂਪ 3 ਜੁਲਾਈ ਤੋਂ ਸ਼ੁਰੂ ਹੋ ਕੇ 15 ਜੁਲਾਈ ਮਾਪੇ-ਅਧਿਆਪਕ ਮਿਲਣੀ ਵਾਲੇ ਦਿਨ ਸਮਾਪਿਤ ਹੋਣਗੇ। ਇਸ ਮਿਲਣੀ ਵਾਲੇ ਦਿਨ ਬੱਚਿਆਂ ਵਲੋਂ ਇਨ੍ਹਾਂ ਸਮਰ ਕੈਂਪਾਂ ਵਿੱਚ ਹੱਥੀ ਤਿਆਰ ਕੀਤੇ ਸਮਾਨ ਦੀ ਪ੍ਰਦਰਸ਼ਨੀ ਲਗਾਈ ਜਾਵੇਗੀ। ਇਨ੍ਹਾਂ ਕੈਂਪਾਂ ਦਾ ਸਮਾਂ ਸਵੇਰੇ 8 ਵਜੇ ਤੋਂ 11.30 ਵਜੇ ਤੱਕ ਹੋਵੇਗਾ। ਇਨ੍ਹਾਂ ਕੈਂਪਾਂ ਵਿੱਚ ਭਾਗ ਲੈਣ ਵਾਲੇ ਸਾਰੇ ਬੱਚਿਆਂ ਨੂੰ ਮਿਡ-ਡੇ-ਮੀਲ ਖਵਾਉਣ ਤੋਂ ਬਾਅਦ ਛੁੱਟੀ ਹੋਵੇਗੀ ਅਤੇ ਸਕੂਲ ਦਾ ਸਾਰਾ ਸਟਾਫ਼ ਪੂਰੀ ਛੁੱਟੀ ਤੱਕ ਹਾਜ਼ਰ ਰਹੇਗਾ ਅਤੇ ਅਗਲੇ ਦਿਨ ਦੀਆਂ ਗਤੀਵਿਧੀਆਂ ਲਈ ਤਿਆਰੀ ਕਰੇਗਾ। ਸਕੂਲ ਸਿੱਖਿਆ ਵਿਭਾਗ ਰਾਂਹੀ ਇਨ੍ਹਾਂ ਕੈਂਪਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਹਦਾਇਤਾਂ ਸੰਬੰਧੀ ਪੱਤਰ ਜਾਰੀ ਕਰ ਦਿੱਤੇ ਗਏ ਹਨ। ਇਨ੍ਹਾਂ ਕੈਂਪਾਂ ਦੀ ਰੋਜਾਨਾਂ ਮੁਨੀਟਰਿੰਗ ਕਰਨ ਸੰਬੰਧੀ ਵਿਭਾਗ ਵਲੋਂ ਜ਼ਿਲ੍ਹਾ ਸਿੱਖਿਆ ਅਫ਼ਸਰਜ਼, ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰਜ਼, ਬੀ ਪੀ ਈ ਓਜ਼, ਡਾਈਟ ਪ੍ਰਿੰਸੀਪਲ, ਬੀ ਐਨ ਓਜ਼, ਕਲੱਸਟਰ ਇੰਚਾਰਜ਼, ਪ੍ਰਿੰਸੀਪਲਜ਼ ਅਤੇ ਸੈਂਟਰ ਹੈੱਡ ਟੀਚਰਜ਼ ਦੀ ਡਿਊਟੀ ਲਗਾਈ ਗਈ ਹੈ। ਸਾਰੇ ਅਧਿਕਾਰੀ ਆਪਣੀ ਵਿਜ਼ਟ ਕੀਤੇ ਸਕੂਲਾਂ ਦੀ ਰਿਪੋਟਰ ਅਬਜ਼ਰਵੇਸ਼ਨ ਪ੍ਰੋਫਾਰਮੇ ਵਿੱਚ ਰੋਜਾਨਾ ਭਰਨਗੇ ਅਤੇ ਇਸ ਦੀ ਸੂਚਨਾ ਜ਼ਿਲ੍ਹਾ ਸਿੱਖਿਆ ਅਫ਼ਸਰ ਅਤੇ ਹੈੱਡ ਆਫੀਜ਼ ਨੂੰ ਵੀ ਭੇਜਣਗੇ।

ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀ ਡੀ ਜੀ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਨ੍ਹਾਂ ਸਮਰ ਕੈਪਾਂ ਨੂੰ ਮੁੱਖ ਦਫ਼ਤਰ ਦੇ ਅਧਿਕਾਰੀਆਂ ਵਲੋਂ ਵੀ ਵਿਜ਼ਟ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਨ੍ਹਾਂ ਸਮਰ ਕੈਂਪਾਂ ਵਿੱਚ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੂੰ ਵੀ ਸ਼ਾਮਿਲ ਕੀਤਾ ਜਾਵੇਗਾ ਤਾਂ ਕਿ ਉਨ੍ਹਾਂ ਦਾ ਵੀ ਮਾਨਸਿਕ ਵਿਕਾਸ ਹੋ ਸਕੇ। ਉਨ੍ਹਾਂ ਦੱਸਿਆਂ ਕਿ ਇਨ੍ਹਾਂ ਸਮਰ ਕੈਪਾਂ ਵਿੱਚ ਰੋਜਾਨਾ ਕਰਵਾਈਆਂ ਜਾ ਰਹੀਆਂ ਗਤੀਵਿਧੀਆਂ ਦੀਆਂ ਸਕੂਲ ਮੁੱਖੀ ਰਿਪੋਰਟ ਤਿਆਰ ਕਰਨਗੇ ਅਤੇ ਮੁੱਖ ਦਫ਼ਤਰ ਵਲੋਂ ਭੇਜੇ ਲਿੰਕ ਉੱਤੇ ਅੱਪ ਲੋਡ ਵੀ ਕਰਨਗੇ। ਉਨ੍ਹਾਂ ਸਕੂਲ ਮੁੱਖੀਆਂ ਨੂੰ ਹਦਾਇਤਾਂ ਜਾਰੀ ਕਰਦੇ ਹੋਏ ਕਿਹਾ ਕਿ ਇਨ੍ਹਾਂ ਸਮਰ ਕੈਂਪਾਂ ਵਿੱਚ ਸਾਰੇ ਬੱਚਿਆਂ ਅਤੇ ਅਧਿਆਪਕਾਂ ਦੀ ਭਾਗੀਦਾਰੀ ਜ਼ਰੂਰੀ ਹੈ। ਕੈਂਪ ਲਗਾਉਣ ਵਾਲੀ ਜਗਾਂ ਦੀ ਸਾਫ ਸੁਫਾਈ ਅਤੇ ਹੋਰ ਸਾਰੇ ਪ੍ਰਬੰਧ ਹੋਣੇ ਜ਼ਰੂਰੀ ਹਨ। ਇਹਨਾਂ ਸਮਰ ਕੈਂਪਾ ਲਈ ਵਿਭਾਗ ਵੱਲੋਂ ਵਿਦਿਆਰਥੀਆਂ ਲਈ ਸਮਾਨ ਤਿਆਰ ਕਰਨ ਲਈ ਫੰਡ ਵੀ ਜਾਰੀ ਕੀਤੇ ਜਾ ਰਹੇ ਹਨ। ਸਮੂਹ ਸਕੂਲ ਮੁੱਖੀਆਂ ਨੂੰ ਇਹਨਾਂ ਫੰਡਾਂ ਦੀ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਖਰਚ ਕਰਨ ਲਈ ਕਿਹਾ ਗਿਆ।

# ਹਰਵਿੰਦਰ ਭੰਡਾਲ ਦੀ ਪੁਸਤਕ 'ਪੰਜਾਬੀਆਂ ਦੀ ਮਰਨ-ਮਿੱਟੀ' 'ਤੇ ਵਿਚਾਰ-ਚਰਚਾ 30 ਜੁਲਾਈ ਨੂੰ

**ਜਲੰਧਰ–** ਦੇਸ਼ ਭਗਤ ਯਾਦਗਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਲਿਖਤੀ ਪ੍ਰੈਸ ਬਿਆਨ ਰਾਹੀਂ ਦੱਸਿਆ ਕਿ ਇਤਿਹਾਸ ਕਮੇਟੀ ਦੇ ਕਨਵੀਨਰ ਹਰਵਿੰਦਰ ਭੰਡਾਲ ਦੀ ਪੁਸਤਕ 'ਪੰਜਾਬੀਆਂ ਦੀ ਮਰਨ-ਮਿੱਟੀ' 'ਤੇ 30 ਜੁਲਾਈ 2023 ਦਿਨ ਐਤਵਾਰ ਸ਼ਾਮ ਠੀਕ 3:00 ਵਜੇ ਸਥਾਨਕ ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਵਿਖੇ ਵਿਚਾਰ-ਚਰਚਾ ਕੀਤੀ ਜਾਏਗੀ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਡਾ. ਸੇਵਾ ਸਿੰਘ, ਡਾ. ਪਰਮਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਣ ਵਾਲੀ ਵਿਚਾਰ-ਚਰਚਾ 'ਚ ਪ੍ਰੋ. ਸੁਖਜਿੰਦਰ ਸਿੰਘ ਪਰਚਾ ਪੜ੍ਹਨਗੇ। ਇਸ ਉਪਰੰਤ ਹੋਣ ਵਾਲੀ ਵਿਚਾਰ-ਚਰਚਾ 'ਚ ਪ੍ਰੋ. ਕੁਲਵੰਤ ਸਿੰਘ ਔਜਲਾ, ਪ੍ਰੋ. ਸੁਰਜੀਤ ਜੱਜ, ਸ਼ਬਦੀਸ਼, ਜਗਵਿੰਦਰ ਜੋਧਾ, ਪ੍ਰੋ. ਕੁਲਵੰਤ ਸਿੰਘ ਸੰਧੂ, ਤਸਕੀਨ, ਦੇਸ ਰਾਜ ਕਾਲੀ, ਮਨਦੀਪ ਸਨੇਹੀ, ਦੀਪ ਨਿਰਮੋਹੀ, ਹਰਮੀਤ ਵਿਦਿਆਰਥੀ, ਜਰਮਨਜੀਤ ਸਿੰਘ, ਡਾ. ਸੈਲੇਸ਼ ਅਤੇ ਹਰਮੇਸ਼ ਮਾਲੜੀ ਆਪਣੇ ਵਿਚਾਰ ਪੇਸ਼ ਕਰਨਗੇ।

ਉਨ੍ਹਾਂ ਦੱਸਿਆ ਕਿ ਵਿਚਾਰ-ਚਰਚਾ ਦਾ ਆਗਾਜ਼ ਸ਼ਹੀਦ ਉਧਮ ਸਿੰਘ ਅਤੇ ਕਾਲਿਆਂ ਵਾਲਾ ਖੂਹ ਦੇ ਸ਼ਹੀਦਾਂ ਤੋਂ ਇਲਾਵਾ ਜੁਲਾਈ ਮਹੀਨੇ ਦੇ ਸਮੂਹ ਸ਼ਹੀਦਾਂ ਅਤੇ ਆਜ਼ਾਦੀ ਸੰਗਰਾਮ ਦੀਆਂ ਮਹੱਤਵਪੂਰਨ ਘਟਨਾਵਾਂ ਨੂੰ ਸਿਜਦਾ ਕਰਨ ਨਾਲ ਹੋਏਗਾ।

# ਔਕਲੈਂਡ ਕੌਂਸਿਲ ਨੇ ਬੇਕਾਰ ਛੱਡੀਆਂ ਸੰਗਤਰੀ ਸੜਕੀ ਸੁਰੱਖਿਆ ਕੋਨਾਂ (ਸ਼ੰਕੂਆਂ) ਲਈ ਹੱਲ ਲੱਭਿਆ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਔਕਲੈਂਡ ਦੇ ਮੇਅਰ ਸ੍ਰੀ ਵੇਨ ਬ੍ਰਾਊਨ ਨੇ ਸੜਕਾਂ ਦੇ ਕਿਨਾਰੇ ਰੱਖ-ਰਖਾਵ (ਇਨਫ੍ਰਾਸਟਰਕਚਰ) ਦਾ ਕੰਮ ਕਰਨ ਵਾਲਿਆਂ ਵੱਲੋਂ ਬੇਕਾਰ ਛੱਡੀਆਂ ਸੰਤਰੀ ਰੰਗੀਆਂ ਕੋਨਾਂ (ਸ਼ੰਕੂਆਂ) ਦੀ ਜਾਂ ਖਰਾਬ ਹੋ ਚੁੱਕੀਆਂ ਕੋਨਾਂ ਦੀ ਪ੍ਰੇਸ਼ਾਨੀ ਦਾ ਹੱਲ ਕੱਢਦਿਆਂ ਸੁਝਾਅ ਦਿੱਤਾ ਹੈ ਕਿ ਲੋਕ ਇਸ ਸਬੰਧੀ ਔਕਲੈਂਡ ਟ੍ਰਾਂਸਪੋਰਟ ਨੂੰ ਰਿਪੋਰਟ ਕਰ ਸਕਦੇ ਹਨ। ਕਈ ਜਗ੍ਹਾ ਅਜਿਹੀਆਂ ਕੋਨਾਂ ਸੁਰੱਖਿਆ ਸਹੂਲਤਾਂ ਨੂੰ ਤੰਗ ਵੀ ਕਰਦੀਆਂ ਹਨ ਅਤੇ ਲੋਕਾਂ ਦੇ ਗੁੱਸੇ ਦਾ ਕਾਰਨ ਬਣਦੀਆਂ ਹਨ।

ਮੇਅਰ ਸ੍ਰੀ ਬ੍ਰਾਊਨ ਨੇ ਲੋਕਾਂ ਨੂੰ ਸੋਸ਼ਲ ਮੀਡੀਆ 'ਤੇ ਪੁੱਛਿਆ "ਕੀ ਤੁਸੀਂ ਇਨ੍ਹਾਂ ਬੇਕਾਰ ਕੋਨਾਂ ਨੂੰ ਆਕਲੈਂਡ ਵਿੱਚ ਖਿੱਲਰੇ ਦੇਖ ਕੇ ਦੁਖੀ ਮਹਿਸੂਸ ਕਰਦੇ ਹੋ?"

ਲਗਪਗ ਤਿੰਨ ਤਿਹਾਈ ਲੋਕਾਂ ਨੇ ਉਤਰ ਨਾਂਹ ਵਿਚ ਦਿੱਤਾ ਅਤੇ ਕਿਹਾ ਕਿ ਉਹ ਇਸਨੂੰ ਪਿਆਰ ਨਾਲ ਵੇਖਦੇ ਹਨ। ਇਕ ਤਿਹਾਈ ਤੋਂ ਥੋੜ੍ਹਾ ਵੱਧ ਨੇ ਕਿਹਾ ਕਿ ਹਾਂ ਉਹ ਬਿਮਾਰ ਮਹਿਸੂਸ ਕਰਦੇ ਹਨ ਅਤੇ 1.2% ਨੇ ਕਿਹਾ ਕਿ ਇਹ ਚੰਗਾ ਹੈ ਕਿ ਉਹ ਹੁਣ ਰਿਪੋਰਟ ਕਰ ਸਕਦੇ ਹਨ।

6 ਮਹੀਨਿਆ ਦੇ ਅਭਿਆਸ ਦੇ ਲਈ ਨਵੀਂ ਸਕੀਮ ਵਰਤੋਂ ਵਿਚ ਲਿਆਂਦੀ ਜਾ ਰਹੀ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਸੁਰੱਖਿਅਤ ਕੰਮ ਵਾਤਾਵਰਣ ਅਤੇ ਜਨਤਕ ਸੁਰੱਖਿਆ ਨੂੰ ਬਰਾਬਰ ਮਾਨਤਾ ਦਿੱਤੀ ਜਾਵੇਗੀ।

ਮੇਅਰ ਸਾਹਿਬ ਨੇ ਮਾਰਚ ਮਹੀਨੇ ਔਕਲੈਂਡ ਟ੍ਰਾਂਸਪੋਰਟ ਨੂੰ ਕਿਹਾ ਸੀ ਕਿ ਉਨ੍ਹਾਂ ਵੱਲੋਂ ਟ੍ਰੈਫਿਕ ਪ੍ਰਬੰਧਾਂ ਲਈ ਖਰਚਿਆ 145 ਮਿਲੀਅਨ ਡਾਲਰ ਨਿਆਂ ਪੂਰਣ ਨਹੀਂ ਹੈ, ਇਸਦੇ ਵਿਚ ਕੋਨਾਂ ਦਾ ਖਰਚਾ ਵੀ ਸ਼ਾਮਿਲ ਸੀ।

ਆਮ ਜਨਤਾ ਦੇ ਧਿਆਨ ਵਿਚ ਆਉਂਦਾ ਹੈ ਕਿ ਬਹੁਤ ਸਾਰੀਆਂ ਥਾਵਾਂ ਉਤੇ ਕੰਮ ਹੋਣ ਤੋਂ ਬਾਅਦ ਵੀ ਕੋਨਾਂ ਛੱਡੀਆਂ ਨਜ਼ਰ ਆਉਂਦੀਆਂ ਹਨ ਜਾਂ ਫਿਰ ਉਥੇ ਲੰਮਾ ਸਮਾਂ ਕੋਨਾਂ ਪਈਆਂ ਹੀ ਰਹਿੰਦੀਆਂ ਹਨ। ਟੁੱਟੀਆਂ ਜਾਂ ਖਰਾਬ ਹੋਈਆਂ ਕੋਨਾਂ ਕਈ ਵਾਰ ਲਾਗੇ ਕਿਤੇ ਛੱਡ ਦਿੱਤੀਆਂ ਜਾਂਦੀਆਂ ਹਨ। ਸੋ ਇਨ੍ਹਾਂ ਦੇ ਰੱਖ-ਰਖਾਵ ਲਈ ਆਈ ਸਕੀਮ ਦੇ ਨਾਲ ਕੁਝ ਤਾਂ ਫਰਕ ਪਏਗਾ।



# ਪੰਜਾਬ ਸਰਕਾਰ ਮੱਕੀ ਤੇ ਮੂੰਗੀ ਦੀ ਫਸਲ ਐਮਐਸਪੀ ਤੇ ਖਰੀਦਣ ਤੋਂ ਭੱਜੀ: ਅਸ਼ਵਨੀ ਸ਼ਰਮਾ

**ਚੰਡੀਗੜ੍ਹ–** ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਬੀਜੇਪੀ ਦੀ ਕੇਂਦਰ ਸਰਕਾਰ ਕਿਸਾਨ ਹਿਤੈਸ਼ੀ ਸਰਕਾਰ ਹੈ ਅਤੇ ਕਿਸਾਨਾਂ ਦੀਆਂ ਸਾਰੀਆਂ ਸਮੱਸਿਆਵਾਂ ਦੇ ਹੱਲ ਤੇ ਕਿਸਾਨੀ ਨੂੰ ਖੁਸ਼ਹਾਲ ਕਿੱਤਾ ਬਣਾਉਣ, ਕਿਸਾਨਾਂ ਨੂੰ ਆਤਮਨਿਰਭਰ ਬਣਾਉਣ ਅਤੇ ਕਰਜ਼ਾ ਮੁਕਤ ਕਰਨ ਲਈ ਲਗਾਤਾਰ ਤਤਪਰ ਹੈ। ਅਸ਼ਵਨੀ ਸ਼ਰਮਾ ਨੇ ਜਾਰੀ ਆਪਣੇ ਪ੍ਰੈਸ ਬਿਆਨ 'ਚ ਕਿਹਾ ਕਿ ਬੀਜੇਪੀ ਦੀ ਕੇਂਦਰ ਸਰਕਾਰ ਦੇ ਨੌਂ ਸਾਲਾਂ ਦੇ ਰਾਜ ਦੌਰਾਨ ਦੇਸ਼ ਵਿੱਚ ਲਗਾਤਾਰ ਫਸਲਾਂ ਦੇ ਘੱਟੋ ਘੱਟ ਸਮਰਥਨ ਮੁੱਲ ਅਤੇ ਗੰਨੇ ਦੇ ਭਾਅ ਵਿੱਚ ਵੀ ਲਗਾਤਾਰ ਵਾਧਾ ਕੀਤਾ ਜਾ ਰਿਹਾ ਹੈ। ਉਹਨਾਂ ਇਸਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਉਹਨਾਂ ਦੀ ਸਮੁੱਚੀ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਹਿਲਾਂ ਕਿਸੇ ਵੀ ਸਰਕਾਰ ਨੇ ਐਮਐਸਪੀ ਵਿੱਚ ਕਦੀ ਵੀ ਲਗਾਤਾਰ ਤੇ ਇਨਾਂ ਵਾਧਾ ਨਹੀਂ ਕੀਤਾ ਸੀ। ਉਹਨਾਂ ਕੇਂਦਰ ਸਰਕਾਰ ਵਲੋਂ ਯੂਰੀਆ ਸਬਸਿਡੀ ਸਕੀਮ ਨੂੰ ਜਾਰੀ ਰੱਖਣ ਦੇ ਐਲਾਨ ਦਾ ਵੀ ਸਵਾਗਤ ਕੀਤੀ ਉਹਨਾਂ ਕਿਹਾ ਕਿ ਇਸ ਪੈਕੇਜ ਵਿੱਚ, ਤਿੰਨ ਸਾਲਾਂ (2022-23 ਤੋਂ 2024-25) ਲਈ ਯੂਰੀਆ ਸਬਸਿਡੀ ਲਈ ਲਗਭਗ 3.70 ਲੱਖ ਕਰੋੜ ਰੁਪਏ ਅਲਾਟ ਕਰਨ ਦੀ ਵਚਨਬੱਧਤਾ ਕੀਤੀ ਗਈ ਹੈ। ਇਹ ਪੈਕੇਜ ਹਾਲ ਹੀ ਵਿੱਚ 2023-24 ਦੇ ਸਾਉਣੀ ਸੀਜ਼ਨ ਲਈ 38,000 ਕਰੋੜ ਰੁਪਏ ਦੀ ਹਾਲ ਹੀ ਵਿੱਚ ਮਨਜ਼ੂਰ ਕੀਤੀ ਪੌਸ਼ਟਿਕ ਆਧਾਰਿਤ ਸਬਸਿਡੀ (NBS) ਤੋਂ ਇਲਾਵਾ ਹੈ। ਇਹ ਯੋਜਨਾ ਪੂਰੀ ਤਰਾਂ ਭਾਰਤ ਸਰਕਾਰ ਵਲੋਂ ਬਜਟ ਸਹਾਇਤਾ ਨਾਲ ਪੂਰੀ ਤਰ੍ਹਾਂ ਫੰਡਿੰਡ ਕੀਤੀ ਜਾਂਦੀ ਹੈ। ਯੂਰੀਆ ਸਬਸਿਡੀ ਸਕੀਮ ਦੇ ਜਾਰੀ ਰਹਿਣ ਨਾਲ ਯੂਰੀਆ ਦਾ ਦੇਸੀ ਉਤਪਾਦਨ ਵੀ ਵੱਧ ਤੋਂ ਵੱਧ ਹੋਵੇਗਾ। ਅਸ਼ਵਨੀ ਸ਼ਰਮਾ ਨੇ ਕਿਹਾ ਕਿ 7 ਜੂਨ 2023 ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 'ਆਰਥਿਕ



ਮਾਮਲਿਆਂ ਬਾਰੇ ਕੈਬਨਿਟ ਕਮੇਟੀ (CCEA)' ਦੀ ਮੀਟਿੰਗ ਵਿੱਚ 2023-24 ਦੇ ਮੰਡੀਕਰਨ ਸੀਜ਼ਨ ਲਈ ਵੱਖ-ਵੱਖ ਸਾਉਣੀ ਦੀਆਂ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (ਐਮਐਸਪੀ) ਵਿੱਚ ਮਹੱਤਵਪੂਰਨ ਵਾਧੇ ਦਾ ਐਲਾਨ ਕਰਨ ਦਾ ਫੈਸਲਾ ਲਿਆ ਅਤੇ 28 ਜੂਨ ਨੂੰ ਮੋਦੀ ਮੰਤਰੀ ਮੰਡਲ ਨੇ ਗੰਨਾ ਕਿਸਾਨਾਂ ਲਈ ਵੱਡਾ ਐਲਾਨ ਕਰਦਿਆਂ ਗੰਨੇ ਦੇ ਉਚਿਤ ਮੁੱਲ ਅਤੇ ਲਾਭਕਾਰੀ ਮੁੱਲ ਵਿੱਚ 10 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਕੀਤਾ, ਜਿਸਦਾ ਅਸੀਂ ਸਵਾਗਤ ਕਰਦੇ ਹਾਂ। ਪੰਜਾਬ ਵਿੱਚ ਵਿਆਪਕ ਤੌਰ 'ਤੇ ਉਗਾਈ ਜਾਣ ਵਾਲੀ ਫ਼ਸਲ ਝੋਨੇ ਲਈ ਘੱਟੋ-ਘੱਟ ਸਮਰਥਨ ਮੁੱਲ 7% ਵਧਾ ਕੇ ਆਮ ਸ਼੍ਰੇਣੀ ਦੀ ਕਿਸਮ ਲਈ 'ਏ' ਸ਼੍ਰੇਣੀ ਦੀ ਕਿਸਮ ਲਈ 2,230 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਗਿਆ ਹੈ। ਐਮਐਸਪੀ ਵਿੱਚ ਸਭ ਤੋਂ ਵੱਧ ਵਾਧਾ ਮੂੰਗ ਵਿੱਚ 10.4% ਵਧ ਕੇ 8,558 ਰੁਪਏ ਪ੍ਰਤੀ ਕੁਇੰਟਲ ਦਰਜ ਕੀਤਾ ਗਿਆ। ਪਰ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਕਿਸਾਨਾਂ ਨਾਲ ਕੀਤੇ ਆਪਣੇ ਵਾਅਦੇ ਤੋਂ ਭੱਜ ਗਈ ਹੈ ਅਤੇ ਪੰਜਾਬ ਦੇ ਕਿਸਾਨਾਂ ਦੀ ਮੱਕੀ ਅਤੇ ਮੂੰਗ ਦੀ ਫਸਲ ਐਮਐਸਪੀ 'ਤੇ ਪੰਜਾਬ ਸਰਕਾਰ ਨਹੀਂ ਖਰੀਦ ਰਹੀ ਉਹਨਾਂ ਕਿਹਾ ਕਿ ਪੰਜਾਬ ਵਿੱਚ ਸਾਡੇ ਕਿਸਾਨ ਭਰਾ ਮੱਕੀ ਤੇ ਮੂੰਗੀ ਦੀਆਂ ਫਸਲਾਂ ਨੂੰ ਐਮਐਸਪੀ ਤੋਂ ਬਹੁਤ ਘੱਟ ਰੇਟ ਤੇ ਵੇਚਣ ਲਈ ਮਜਬੂਰ ਹਨੀ ਜਿਸ ਕਰਕੇ ਕਰਕੇ ਸਾਡੇ ਕਿਸਾਨ ਭਰਾ ਬਹੁਤ ਨਿਰਾਸ ਤੇ ਪਰੇਸ਼ਾਨ ਹਨੀ ਉਹਨਾਂ ਕਿਹਾ ਕਿ 2090 ਰੁਪਏ ਐਮਐਸਪੀ ਦੇ ਭਾਅ ਵਾਲੀ ਮੱਕੀ 900-1000 ਰੁਪਏ ਵਿੱਕ ਰਹੀ ਹੈ, ਜੋ ਕਿ ਬਹੁਤ ਮੰਦਭਾਗਾ ਹੈ।

ਅਸ਼ਵਨੀ ਸ਼ਰਮਾ ਨੇ ਕਿਹਾ ਕਿ ਘੱਟੋ-ਘੱਟ ਸਮਰਥਨ ਮੁੱਲ ਵਿੱਚ ਵਾਧੇ ਨਾਲ ਹੁਣ ਕਿਸਾਨਾਂ ਨੂੰ ਆਪਣੀ ਆਮਦਨ ਨੂੰ ਵੱਧ ਤੋਂ ਵੱਧ ਕਰਨ ਲਈ ਬੀਜੇ ਹੋਏ ਖੇਤਰ ਨੂੰ ਵਧਾਉਣ ਅਤੇ ਫਸਲਾਂ ਦੀ ਵਿਭਿੰਨਤਾ ਲਿਆਉਣ ਦੀ ਜਰੂਰਤ ਹੈ। ਉਹਨਾਂ ਕਿਹਾ ਕਿ ਇਹ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੇ ਪ੍ਰਧਾਨ ਮੰਤਰੀ ਦੇ ਸੁਪਨੇ ਨੂੰ ਪੂਰਾ ਕਰਨ ਵੱਲ ਇਹ ਇੱਕ ਮਹੱਤਵਪੂਰਨ ਕਦਮ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਇਹ ਕਿਸਾਨਾਂ ਨੂੰ ਸਮਰਥਨ ਦੇਣ ਅਤੇ ਉਨ੍ਹਾਂ ਦੀ ਖੁਸ਼ਹਾਲੀ ਨੂੰ ਯਕੀਨੀ ਬਣਾਉਣ ਲਈ ਭਾਜਪਾ ਦੀ ਕੇਂਦਰ ਸਰਕਾਰ ਦੀ ਵਚਨਬੱਧਤਾ ਦਾ ਪ੍ਰਤੀਬਿੰਬ ਹੈ।

# ਚੰਦਰ ਸ਼ੇਖਰ ਆਜ਼ਾਦ 'ਤੇ ਕਾਤਲਾਨਾ ਹਮਲਾ ਨਿੰਦਣਯੋਗ - ਸਮਤਾ ਸੈਨਿਕ ਦਲ

**ਜਲੰਧਰ–** ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.) ਪੰਜਾਬ ਇਕਾਈ ਦੇ ਸੂਬਾ ਪ੍ਰਧਾਨ ਜਸਵਿੰਦਰ ਵਰਿਆਣਾ ਨੇ ਪ੍ਰੈਸ ਬਿਆਨ ਰਾਹੀਂ ਐਡਵੋਕੇਟ ਚੰਦਰ ਸ਼ੇਖਰ ਆਜ਼ਾਦ 'ਤੇ ਹੋਏ ਕਾਤਲਾਨਾ ਹਮਲੇ ਦੀ ਨਿਖੇਧੀ ਕੀਤੀ ਹੈ। ਵਰਿਆਣਾ ਨੇ ਕਿਹਾ ਕਿ ਭਾਰਤ ਵਿਚ ਅਨੁਸੂਚਿਤ ਜਾਤੀਆਂ 'ਤੇ ਅਪਰਾਧ ਦਿਨੋਂ-ਦਿਨ ਵਧਦਾ ਜਾ ਰਿਹਾ ਹੈ ਪਰ ਸਰਕਾਰਾਂ ਅਪਰਾਧਿਕ ਘਟਨਾਵਾਂ ਨੂੰ ਠੱਲ੍ਹ ਪਾਉਣ ਵਿਚ ਅਸਫਲ ਸਾਬਤ ਹੋ ਰਹੀਆਂ ਹਨ। ਮੁੱਛਾਂ ਰੱਖਣ ਨਾਲ ਅਨੁਸੂਚਿਤ ਜਾਤੀ ਦੇ ਵਿਅਕਤੀ ਦਾ ਕਤਲੇਆਮ ਕੀਤਾ ਜਾਂਦਾ ਹੈ, ਅਨੁਸੂਚਿਤ ਜਾਤੀ ਦੇ ਲਾੜੇ ਨੂੰ ਆਪਣੇ ਵਿਆਹ ਵਾਲੇ ਦਿਨ ਘੋੜੇ 'ਤੇ ਚੜ੍ਹਨ ਨਹੀਂ ਦਿੱਤਾ ਜਾਂਦਾ ਹੈ।



20 ਜੁਲਾਈ 2022 ਨੂੰ ਰਾਜਸਥਾਨ ਦੇ ਜਲੌਰ ਜ਼ਿਲ੍ਹੇ ਦੇ ਪਿੰਡ ਸੁਰਾਣਾ ਦੇ ਇੱਕ ਨਿੱਜੀ ਸਕੂਲ ਦੇ 9 ਸਾਲਾ ਦਲਿਤ ਲੜਕੇ ਇੰਦਰਾ ਮੇਘਵਾਲ ਨੂੰ ਉਸ ਦੇ ਅਧਿਆਪਕ ਨੇ ਘੜੇ ਵਿੱਚੋਂ ਪਾਣੀ ਪੀਣ ਕਾਰਨ ਕੁੱਟਿਆ ਸੀ ਅਤੇ 13 ਅਗਸਤ, 2022 ਨੂੰ ਅਹਿਮਦਾਬਾਦ ਹਸਪਤਾਲ ਵਿੱਚ ਉਸ ਨੇ ਦਮ ਤੋੜ ਦਿੱਤਾ ਸੀ। ਵਰਿਆਣਾ ਨੇ ਕਿਹਾ ਕਿ ਅਜਿਹੇ ਅਪਰਾਧਾਂ ਵਿਰੁੱਧ ਆਵਾਜ਼ ਉਠਾਉਣ ਵਾਲਿਆਂ 'ਤੇ ਹਮਲੇ ਕੀਤੇ ਜਾਂਦੇ ਹਨ। ਇਸੇ ਤਰ੍ਹਾਂ ਹੀ ਭੀਮ ਆਰਮੀ ਦੇ ਸੰਸਥਾਪਕ ਐਡਵੋਕੇਟ ਚੰਦਰ ਸ਼ੇਖਰ ਆਜ਼ਾਦ 'ਤੇ ਹਮਲਾ ਹੋਇਆ। ਵਰਿਆਣਾ ਨੇ ਕਿਹਾ ਕਿ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.) ਚੰਦਰ ਸ਼ੇਖਰ ਆਜ਼ਾਦ 'ਤੇ ਹੋਏ ਇਸ ਹਮਲੇ ਦੀ ਸਖ਼ਤ ਨਿਖੇਧੀ ਕਰਦਾ ਹੈ ਅਤੇ ਅਪੀਲ ਕਰਦਾ ਹੈ ਕਿ ਦੋਸ਼ੀਆਂ 'ਤੇ ਕੇਸ ਦਰਜ ਕਰਕੇ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ।

# ਮੁੱਖ ਸਕੱਤਰ ਪੰਜਾਬ ਸ੍ਰੀ ਵਿਜੈ ਕੁਮਾਰ ਜੰਜੂਆ ਪਹੁੰਚੇ ਅਪਣੇ ਜੱਦੀ ਪਿੰਡ ਹੈਬਤ ਪਿੰਡੀ, ਲੋਕਾਂ ਦੀਆਂ ਸੁਣੀਆਂ ਸਮੱਸਿਆਵਾਂ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਅੱਜ ਮੁੱਖ ਸਕੱਤਰ ਪੰਜਾਬ ਸ੍ਰੀ ਵਿਜੈ ਕੁਮਾਰ ਜੰਜੂਆ ਅਪਣੇ ਜੱਦੀ ਪਿੰਡ ਹੈਬਤ ਪਿੰਡੀ, ਜਿਲ੍ਹਾ ਪਠਾਨਕੋਟ ਵਿਖੇ ਪਹੁੰਚੇ ਪਿੰਡ ਵਾਸੀਆਂ ਵੱਲੋਂ ਉਨ੍ਹਾਂ ਦਾ ਭਰਵਾ ਸਵਾਗਤ ਕੀਤਾ ਗਿਆ। ਉਨ੍ਹਾਂ ਵੱਲੋਂ ਪਿੰਡ ਹੈਬਤਪਿੰਡੀ ਵਿਖੇ ਇੱਕ ਸਮਾਰੋਹ ਦੌਰਾਨ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਪਿੰਡ ਹੈਬਤ ਪਿੰਡੀ ਦੇ ਵਿਕਾਸ ਕਾਰਜਾਂ ਤੇ ਵੀ ਚਰਚਾ ਕੀਤੀ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਸ. ਹਰਬੀਰ ਸਿੰਘ ਡਿਪਟੀ ਕਮਿਸਨਰ ਪਠਾਨਕੋਟ, ਪਰਮਜੀਤ ਸਿੰਘ ਵਧੀਕ ਡਿਪਟੀ ਕਮਿਸਨਰ ਵਿਕਾਸ, ਕਾਲਾ ਰਾਮ ਕਾਂਸਲ ਐਸ.ਡੀ.ਐਮ. ਪਠਾਨਕੋਟ, ਰਾਜੇਸ ਕੁਮਾਰ ਜਿਲ੍ਹਾ ਸਿੱਖਿਆ ਅਧਿਕਾਰੀ ਸੈਕੰਡਰੀ, ਕਮਲਦੀਪ ਕੌਰ ਜਿਲ੍ਹਾ ਸਿੱਖਿਆ ਅਧਿਕਾਰੀ ਪ੍ਰਾਇਮਰੀ, ਰਜਿੰਦਰ ਗੋਤਰਾ ਐਕਸੀਅਨ ਲੋਕ ਨਿਰਮਾਣ ਵਿਭਾਗ, ਡੀ.ਜੀ. ਸਿੰਘ ਡਿਪਟੀ ਡੀ.ਈ.ਓ, ਰਾਜੇਸਵਰ ਸਲਾਰੀਆਂ ਡਿਪਟੀ ਡੀ.ਈ.ਓ, ਮਹੇਸ ਕੁਮਾਰ ਐਕਸੀਅਨ ਵਾਟਰ ਸਪਲਾਈ ਸੈਨੀਟੇਸਨ, ਰਾਮ ਲੁਭਾਇਆ ਜਿਲ੍ਹਾ ਲੋਕ ਸੰਪਰਕ ਅਫਸਰ ਪਠਾਨਕੋਟ, ਲਛਮਣ ਸਿੰਘ ਤਹਿਸੀਲਦਾਰ ਪਠਾਨਕੋਟ ਤੇ ਹੋਰ ਵੱਖ ਵੱਖ ਵਿਭਾਗਾਂ ਦੇ ਜਿਲ੍ਹਾ ਅਧਿਕਾਰੀ ਹਾਜ਼ਰ ਸਨ।

ਜਿਕਰਯੋਗ ਹੈ ਕਿ ਮੁੱਖ ਸਕੱਤਰ ਪੰਜਾਬ ਸ੍ਰੀ ਵਿਜੈ ਕੁਮਾਰ ਜੰਜੂਆ ਪਹਿਲਾ ਡਿਪਟੀ ਕਮਿਸਨਰ ਦਫਤਰ ਪਠਾਨਕੋਟ ਵਿਖੇ ਪਹੁੰਚੇ ਅਤੇ ਫਿਰ ਪਿੰਡ ਹੈਬਤ ਪਿੰਡੀ ਲਈ ਰਵਾਨਾ ਹੋਏ। ਸਮਾਰੋਹ ਵਿੱਚ ਪਹੁੰਚਣ ਤੋਂ ਪਹਿਲਾ ਉਨ੍ਹਾਂ ਸਕੂਲ ਵਿੱਚ ਸਥਾਪਿਤ ਸ਼ਹੀਦ ਚਮਨ ਲਾਲ ਫਾਇਰਮੈਨ ਦੇ ਬੁੱਤ ਤੇ



ਸਰਧਾ ਦੇ ਫੁੱਲ ਭੇਟ ਕੀਤੇ। ਪਿੰਡ ਵਾਸੀਆ ਵੱਲੋਂ ਫੁੱਲਾਂ ਦੇ ਹਾਰਾਂ ਨਾਲ ਮੁੱਖ ਸਕੱਤਰ ਪੰਜਾਬ ਦਾ ਸਵਾਗਤ ਕੀਤਾ।

ਇਸ ਮੋਕੇ ਤੇ ਸ. ਹਰਬੀਰ ਸਿੰਘ ਡਿਪਟੀ ਕਮਿਸਨਰ ਪਠਾਨਕੋਟ ਨੇ ਮੁੱਖ ਸਕੱਤਰ ਪੰਜਾਬ ਸ੍ਰੀ ਵਿਜੈ ਕੁਮਾਰ ਜੰਜੂਆ ਦਾ ਪਿੰਡ ਹੈਬਤਪਿੰਡੀ ਪਹੁੰਚਣ ਤੇ ਸਵਾਗਤ ਕੀਤਾ ਅਤੇ ਪਿੰਡ ਦੀਆਂ ਸਮੱਸਿਆਵਾਂ ਤੋਂ ਜਾਣੂ ਕਰਵਾਇਆ।

ਸੰਬੋਧਤ ਕਰਦਿਆਂ ਸ੍ਰੀ ਵਿਜੈ ਕੁਮਾਰ ਜੰਜੂਆ ਮੁੱਖ ਸਕੱਤਰ ਪੰਜਾਬ ਨੇ ਕਿਹਾ ਕਿ ਉਨ੍ਹਾਂ ਲਈ ਬਹੁਤ ਖੁਸ਼ੀ ਦਾ ਦਿਨ ਹੈ ਕਿ ਉਨ੍ਹਾਂ ਨੂੰ ਇੱਕ ਵਾਰ ਫਿਰ ਤੋਂ ਹੈਬਤਪਿੰਡੀ ਪਿੰਡ ਵਿਖੇ ਆਉਣ ਦਾ ਮੋਕਾ ਪ੍ਰਾਪਤ ਹੋਇਆ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਲਗਾਤਰ ਵਿਕਾਸ ਕਾਰਜ ਕਰਦੀ ਆ ਰਹੀ ਹੈ, ਚਾਹੇ ਗੱਲ ਬੇਰੋਜਗਾਰ ਨੋਜਵਾਨਾਂ ਨੂੰ ਨੋਕਰੀਆਂ ਦੇਣ ਦੀ ਕਰੀਏ ਜਾਂ ਕੱਚੇ ਅਧਿਆਪਕਾਂ ਨੂੰ ਪੱਕਿਆ ਕਰਨ ਦੀ, ਤਾਂ ਨੋਜਵਾਨਾਂ ਵਿੱਚ ਵੀ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦਾ ਮੁੱਖ ਉਦੇਸ ਪੰਜਾਬ ਅੰਦਰ ਸਿਹਤ ਅਤੇ ਸਿੱਖਿਆ ਨਾਲ ਸਬੰਧਤ ਸੇਵਾਵਾਂ ਨੂੰ ਬਿਹਤਰ ਬਣਾਉਣਾ। ਉਨ੍ਹਾਂ ਕਿਹਾ ਕਿ ਪਿੰਡਾਂ ਅੰਦਰ ਆਮ ਆਦਮੀ ਕਲੀਨਿਕਾਂ ਨੂੰ ਖੋਲਿਆ ਗਿਆ ਜਿੱਥੇ ਲੋਕਾਂ ਨੂੰ ਫ੍ਰੀ ਵਿੱਚ ਸਿਹਤ ਸੇਵਾਵਾਂ ਪ੍ਰਾਪਤ ਹੋ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪਿੰਡ ਦੇ ਲੋਕਾਂ ਦੀ ਮੰਗ ਹੈ ਕਿ ਹੈਬਤਪਿੰਡੀ ਵਿਖੇ ਵੀ ਆਮ ਆਦਮੀ ਕਲੀਨਿਕ ਖੋਲਿਆ ਜਾਣਾ ਚਾਹੀਦਾ ਹੈ ਤਾਂ ਜਲਦੀ ਹੀ ਪਿੰਡ ਵਿੱਚ ਆਮ ਆਦਮੀ ਕਲੀਨਿਕ ਖੋਲਿਆ ਜਾਵੇਗਾ। ਉਨ੍ਹਾ ਕਿਹਾ ਕਿ ਪਿੰਡ ਅੰਦਰ ਡੀਪ ਬੋਰ ਹੋਣ ਦੇ ਬਾਵਜੂਦ ਪਾਣੀ ਦੀ ਕਮੀ ਹੈ, ਪਿੰਡ ਤੋਂ ਸਹਿਰ ਤੱਕ ਬੱਸਾਂ ਦਾ ਨਾ ਹੋਣ ਕਾਰਨ ਲੋਕਾਂ ਨੂੰ ਪ੍ਰੇਸਾਨੀ ਆ ਰਹੀ ਹੈ, ਪਿੰਡ ਵਿੱਚ ਮਿੰਨੀ ਮੈਰਿਜ ਪੈਲਸ ਦੀ ਲੋੜ ਹੈ, ਉਨ੍ਹਾਂ ਪ੍ਰਸਾਸਨਿਕ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਪਿੰਡ ਦੀਆਂ ਸਮੱਸਿਆਵਾਂ ਤੇ ਗੋਰ ਕਰਕੇ ਜਲਦੀ ਇਨ੍ਹਾਂ ਸਮੱਸਿਆਵਾਂ ਦਾ ਨਿਪਟਾਰਾ ਕੀਤਾ ਜਾਣਾ ਚਾਹੀਦਾ ਹੈ।

ਸਮਾਰੋਹ ਤੋਂ ਬਾਅਦ ਮੁੱਖ ਸਕੱਤਰ ਪੰਜਾਬ ਸ੍ਰੀ ਵਿਜੈ ਕੁਮਾਰ ਜੰਜੂਆ ਅਪਣੇ ਜੱਦੀ ਘਰ ਵਿਖੇ ਪਹੁੰਚੇ ਅਤੇ ਅਪਣੇ ਪਰਿਵਾਰਿਕ ਮੈਂਬਰਾਂ ਨੂੰ ਵੀ ਮਿਲੇ।

# ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਹੀਰਾ ਮਸਜਿਦ ਵਿਖੇ ਪਹੁੰਚ ਮੁਸਲਮਾਨ ਭਾਈਚਾਰੇ ਦੇ ਲੋਕਾਂ ਨੂੰ ਦਿੱਤੀਆਂ ਸ਼ੁਭਕਾਮਨਾਵਾਂ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਅੱਜ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ



ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਡਲਹੋਜੀ ਰੋਡ ਤੇ ਸਥਿਤ ਹੀਰਾ ਮਸਜਿਦ ਵਿਖੇ ਈਦ-ਉਲ-ਜੁਹਾ ਦੇ ਮੋਕੇ ਹਾਜਰ ਹੋ ਕੇ ਮੁਸਲਮਾਨ ਭਾਈਚਾਰੇ ਦੇ ਲੋਕਾਂ ਨੂੰ ਸੁਭਕਾਮਨਾਵਾਂ ਦਿੱਤੀਆਂ। ਇਸ ਮੋਕੇ ਤੇ ਸੰਬੋਧਤ ਕਰਦਿਆਂ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਤਿਉਹਾਰ ਸਾਡੀ ਆਪਸੀ ਭਾਈਚਾਰਿਕਤਾ ਨੂੰ ਬਣਾਈ ਰੱਖਦੇ ਹਨ ਇਸ ਲਈ ਸਾਨੂੰ ਸਾਰਿਆਂ ਨੂੰ ਈਦ ਦਾ ਤਿਉਹਾਰ ਵੀ ਰਲ ਮਿਲ ਕੇ ਮਨਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅੱਜ ਦੇ ਪਵਿੱਤਰ ਦਿਹਾੜੇ ਤੇ ਉਹ ਸਾਰੇ ਮੁਸਲਮਾਨ ਭਾਈਚਾਰੇ ਅਤੇ ਹੋਰ ਪੰਜਾਬੀਆਂ ਨੂੰ ਈਦ ਦੀਆਂ ਮੁਬਾਰਕਬਾਦ ਦਿੰਦੇ ਹਨ। ਉਨ੍ਹਾਂ ਕਿਹਾ ਕਿ ਉਸ ਪ੍ਰਮਾਤਮਾ ਦੇ ਘਰ ਵਿੱਚ ਇੱਕ ਭਾਈਚਾਰਕ, ਸਾਂਝੀਵਾਲਤਾ ਦਾ ਸੰਦੇਸ ਦਿੱਤਾ ਜਾਂਦਾ ਹੈ ਧਰਮ ਹਮੇਸਾ ਜੋੜਦਾ ਹੈ ਤੋੜਦਾ ਨਹੀਂ ਹੈ। ਇਸ ਮੋਕੇ ਤੇ ਆਮ ਆਦਮੀ ਪਾਰਟੀ ਦੇ ਹੋਰ ਕਾਰਜਕਰਤਾ ਵੀ ਹਾਜ਼ਰ ਸਨ।

# ਸਾਡੇ ਧਾਰਮਿਕ ਤਿਓਹਾਰ ਸਾਨੂੰ ਆਪਸ ਵਿੱਚ ਪਿਆਰ ਤੇ ਸ਼ਾਂਤੀ ਨਾਲ ਰਹਿਣਾ ਸਿਖਾਉਂਦੀ ਸਨ - ਡਾ ਮੁਹੰਮਦ ਜਮੀਲ ਬਾਲੀ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਈਦ-ਉਲ-ਅਜ਼ਹਾ ਦੀ ਨਮਾਜ਼ ਹੁਸ਼ਿਆਰਪੁਰ ਵਿਖੇ ਜਲੰਧਰ ਰੋਡ ਤੇ ਸਥਿਤ ਈਦਗਾਹ ਵਿੱਚ ਅਦਾ ਕੀਤੀ ਗਈ। ਇਸ ਦੌਰਾਨ ਇੰਤਜ਼ਾਮੀਆ ਜਾਮਾ ਮਸਜਿਦ ਈਦਗਾਹ ਕਮੇਟੀ ਦੇ ਪ੍ਰਧਾਨ ਖੁਰਸ਼ੀਦ ਅਹਿਮਦ ਨੇ ਕਿਹਾ ਕਿ ਈਦ-ਉਲ-ਅਜ਼ਹਾ ਦਾ ਤਿਉਹਾਰ ਆਪਸੀ ਭਾਈਚਾਰੇ ਦਾ ਪ੍ਰਤੀਕ ਹੈ। ਇੰਤਜ਼ਾਮੀਆ ਜਾਮਾ ਮਸਜਿਦ ਈਦਗਾਹ ਕਮੇਟੀ ਦੇ ਸਕੱਤਰ ਡਾ. ਮੁਹੰਮਦ ਜਮੀਲ ਬਾਲੀ ਨੇ ਸਾਰਿਆਂ ਨੂੰ ਈਦ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਸਾਡੇ ਧਾਰਮਿਕ ਤਿਉਹਾਰ ਸਾਨੂੰ ਆਪਸ ਵਿੱਚ ਪਿਆਰ ਅਤੇ ਸ਼ਾਂਤੀ ਨਾਲ ਰਹਿਣਾ ਸਿਖਾਉਂਦੇ ਹਨ। ਉਨ੍ਹਾਂ ਨੇ ਕਿਹਾ ਕਿ ਹਿੰਸਾ ਤੋਂ ਦੂਰ ਸਾਨੂੰ ਸਮਾਜ ਅਤੇ ਦੇਸ਼ ਭਲਾਈ ਦੇ ਕੰਮਾਂ ਵਿੱਚ ਆਪਣੀ ਊਰਜਾ ਨੂੰ ਲਗਾਉਣਾ ਚਾਹੀਦਾ ਹੈ। ਇਸ ਵਿੱਚ ਸਾਰੀ ਮਾਨਵ ਜਾਤੀ ਦੀ ਭਲਾਈ ਹੈ। ਇਸ ਮੌਕੇ ਤੇ ਹਾਜੀ ਗੁਲਾਮ ਹੁਸੈਨ, ਸਾਬਿਰ ਆਲਮ, ਡਾ.ਮੁਹੰਮਦ ਆਸ਼ਿਫ਼ ਮੁਹੰਮਦ ਸਲੀਮ, ਮੁਹੰਮਦ ਅਸਲਮ,



ਖਲੀਲ ਅਹਿਮਦ, ਅਯੂਬ ਖਾਨ, ਰਿਆਜ਼ ਅੰਸਾਰੀ, ਰੋਸ਼ਨ ਮੁਹੰਮਦ, ਮੁਹੰਮਦ ਵਕੀਲ (ਸੁਰਮੂ) ਪਹਿਲਵਾਨ, ਮੇਜਰ ਮੁਹੰਮਦ, ਪ੍ਰਿੰਸ ਖਾਨ, ਫਤਿਹ ਮੁਹੰਮਦ ਆਦਿ ਮੌਜੂਦ ਸਨ।

# ਸਰਕਾਰੀ ਸਕੂਲਾਂ ਵਿੱਚ ਛੁੱਟੀਆਂ ਖ਼ਤਮ ਹੁੰਦੇ ਸਾਰ ਹੀ ਸਕੂਲਾਂ ਵਿੱਚ ਲੱਗੀਆਂ ਰੌਣਕਾਂ, ਸ਼ੁਰੂ ਹੋਏ ਸਮਰ ਕੈਂਪ

**ਪਠਾਨਕੋਟ, ਜੁਲਾਈ (ਰਾਜਿੰਦਰ ਸਿੰਘ ਰਾਜਨ)** ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ, ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਅਤੇ ਡਾਇਰੈਕਟਰ ਐਸ ਸੀ ਈ ਆਰ ਟੀ, ਪੰਜਾਬ ਦੇ ਆਦੇਸ਼ਾ ਅਨੁਸਾਰ ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ,ਪੰਜਾਬ ਵਲੋਂ ਜੂਨ ਦੀਆਂ ਛੁੱਟੀਆਂ ਖ਼ਤਮ ਹੁੰਦੇ ਸਾਰ ਹੀ ਵਿਦਿਆਰਥੀਆਂ ਦੀ ਪੜਾਈ ਨੂੰ ਰੋਚਕ ਬਣਾਉਂਣ ਲਈ ਅਤੇ ਵਿਦਿਆਰਥੀਆਂ ਨੂੰ ਦੋਬਾਰਾ ਸਕੂਲ ਨਾਲ ਜੋੜਣ ਲਈ ਜ਼ਿਲ੍ਹੇ ਦੇ ਸਮੂਹ ਪ੍ਰਾਇਮਰੀ ਸਕੂਲਾਂ ਵਿੱਚ ਪ੍ਰੀ-ਪ੍ਰਾਇਮਰੀ ਤੋਂ ਪੰਜਵੀਂ ਜਮਾਤ ਤੱਕ ਪੜ੍ਹਦੇ ਸਾਰੇ ਬੱਚਿਆਂ ਦੇ ਸਮਰ ਕੈਂਪ ਅੱਜ ਸ਼ੁਰੂ ਕਰ ਦਿੱਤੇ ਗਏ ਹਨ। ਇਸ ਸਬੰਧੀ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀਮਤੀ ਕਮਲਦੀਪ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆਂ ਕਿ ਬੱਚਿਆਂ ਦੇ ਸਰਵ ਪੱਖੀ ਵਿਕਾਸ ਦੇ ਤਹਿਤ ਸਰਕਾਰ ਵਲੋਂ ਇਨ੍ਹਾਂ ਸਮਰ ਕੈਂਪਾ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਹ ਕੈਂਪ 3 ਜੁਲਾਈ ਤੋਂ ਸ਼ੁਰੂ ਹੋ ਕੇ 15 ਜੁਲਾਈ ਮਾਪੇ-ਅਧਿਆਪਕ ਮਿਲਣੀ ਵਾਲੇ ਦਿਨ ਸਮਾਪਿਤ ਹੋਣਗੇ। ਇਸ ਮਿਲਣੀ ਵਾਲੇ ਦਿਨ ਬੱਚਿਆਂ ਵਲੋਂ ਇਨ੍ਹਾਂ ਸਮਰ ਕੈਪਾਂ ਵਿੱਚ ਹੱਥੀ ਤਿਆਰ ਕੀਤੇ ਸਮਾਨ ਦੀ ਪ੍ਰਦਰਸ਼ਨੀ ਲਗਾਈ ਜਾਵੇਗੀ। ਸਕੂਲ ਸਿੱਖਿਆ ਵਿਭਾਗ ਰਾਂਹੀ ਇਨ੍ਹਾਂ ਕੈਪਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਹਦਾਇਤਾਂ ਸੰਬੰਧੀ ਪੱਤਰ ਹਰ ਸਕੂਲ ਮੁਖੀ ਨੂੰ ਪਹੁੰਚਾ ਦਿੱਤਾ ਗਿਆ ਹੈ। ਸਮਰ ਕੈਂਪਾਂ ਦੀ ਰੋਜਾਨਾਂ ਮੁਨੀਟਰਿੰਗ ਕਰਨ ਸੰਬੰਧੀ ਵਿਭਾਗ ਵਲੋਂ ਵੱਖ ਵੱਖ ਟੀਮਾਂ ਦਾ ਗਠਨ ਕੀਤਾ ਗਿਆ ਹੈ।



ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀ ਡੀ ਜੀ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਮਰ ਕੈਂਪਾਂ ਦਾ ਸਮਾਂ ਸਵੇਰੇ 8 ਵਜੇ ਤੋਂ 11.30 ਵਜੇ ਤੱਕ ਹੈ ਅਤੇ ਇਨ੍ਹਾਂ ਕੈਪਾਂ ਵਿੱਚ ਭਾਗ ਲੈਣ ਵਾਲੇ ਸਾਰੇ ਬੱਚਿਆਂ ਨੂੰ ਮਿਡ-ਡੇ-ਮੀਲ ਖਵਾਉਣ ਤੋਂ ਬਾਅਦ ਛੁੱਟੀ ਕੀਤੀ ਜਾ ਰਹੀ ਹੈ ਜਿਸ ਸਬੰਧੀ ਸਕੂਲਾਂ ਨਾਲ ਟਾਈਮ ਟੇਬਲ ਬਣਾ ਕੇ ਸ਼ੇਅਰ ਕਰ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਸਮਰ ਕੈਪਾਂ ਵਿੱਚ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੂੰ ਵੀ ਸ਼ਾਮਿਲ ਕੀਤਾ ਜਾ ਰਿਹਾ ਹੈ ਤਾਂ ਕਿ ਉਨ੍ਹਾਂ ਦਾ ਵੀ ਮਾਨਸਿਕ ਵਿਕਾਸ ਹੋ ਸਕੇ। ਉਨ੍ਹਾਂ ਦੱਸਿਆਂ ਕਿ ਇਨ੍ਹਾਂ ਸਮਰ ਕੈਪਾਂ ਵਿੱਚ ਰੋਜਾਨਾ ਕਰਵਾਈਆਂ ਜਾ ਰਹੀਆਂ ਗਤੀਵਿਧੀਆਂ ਦੀਆਂ ਸਕੂਲ ਮੁੱਖੀ ਰਿਪੋਰਟ ਤਿਆਰ ਕਰ ਰਹੇ ਹਨ ਅਤੇ ਮੁੱਖ ਦਫ਼ਤਰ ਵਲੋਂ ਭੇਜੇ ਲਿੰਕ ਉੱਤੇ ਅੱਪ ਲੋਡ ਵੀ ਕਰ ਰਹੇ ਹਨ। ਉਨ੍ਹਾਂ ਸਕੂਲ ਮੁੱਖੀਆਂ ਨੂੰ ਹਦਾਇਤਾਂ ਜਾਰੀ ਕਰਦੇ ਹੋਏ ਕਿਹਾ ਕਿ ਇਨ੍ਹਾਂ ਸਮਰ ਕੈਪਾਂ ਵਿੱਚ ਸਾਰੇ ਬੱਚਿਆਂ ਅਤੇ ਅਧਿਆਪਕਾਂ ਦੀ ਭਾਗੀਦਾਰੀ ਜ਼ਰੂਰੀ ਹੈ। ਕੈਂਪ ਲਗਾਉਣ ਵਾਲੀ ਜਗਾਂ ਦੀ ਸਾਫ ਸਫਾਈ ਅਤੇ ਹੋਰ ਸਾਰੇ ਪ੍ਰਬੰਧ ਹੋਣੇ ਜ਼ਰੂਰੀ ਹਨ। ਇਹਨਾਂ ਸਮਰ ਕੈਂਪਾ ਲਈ ਵਿਭਾਗ ਵੱਲੋਂ ਵਿਦਿਆਰਥੀਆਂ ਲਈ ਸਮਾਨ ਤਿਆਰ ਕਰਨ ਲਈ ਫੰਡ ਵੀ ਜਾਰੀ ਕੀਤੇ ਜਾ ਰਹੇ ਹਨ। ਸਮੂਹ ਸਕੂਲ ਮੁੱਖੀਆਂ ਨੂੰ ਇਹਨਾਂ ਫੰਡਾਂ ਦੀ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਖਰਚ ਕਰਨ ਲਈ ਕਿਹਾ ਗਿਆ।

# ਸਰਕਾਰੀ ਪ੍ਰਾਇਮਰੀ ਸਕੂਲਾਂ 'ਚ 15 ਜੁਲਾਈ ਤੱਕ ਲਾਏ ਜਾਣਗੇ ਸਿਰਜਣਾਤਮਕ 'ਸਮਰ ਕੈਂਪ'

**ਸੰਗਰੂਰ, (ਦਲਜੀਤ ਕੌਰ)-** ਗਰਮੀਆਂ ਦੀਆਂ ਛੁੱਟੀਆਂ ਤੋਂ ਬਾਅਦ ਖੁੱਲ੍ਹੇ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਪੰਜਾਬ ਸਰਕਾਰ ਵੱਲੋਂ ਨਿਵੇਕਲਾ ਉਪਰਾਲਾ ਸ਼ੁਰੂ ਕੀਤਾ ਗਿਆ ਹੈ ਜਿਸ ਤਹਿਤ 15 ਜੁਲਾਈ ਤੱਕ ਬੱਚਿਆਂ ਵਿੱਚ ਸਿਰਜਣਾਤਮਕ ਅਤੇ ਕਲਾਤਮਿਕ ਗੁਣ ਪੈਦਾ ਕਰਨ ਲਈ 'ਸਮਰ ਕੈਂਪ' ਲਾਏ ਜਾ ਰਹੇ ਹਨ। ਜ਼ਿਲ੍ਹਾ ਸੰਗਰੂਰ 'ਚ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਦੀ ਯੋਗ ਅਗਵਾਈ 'ਚ ਸਿੱਖਿਆ ਵਿਭਾਗ ਵੱਲੋਂ ਵੀ ਇਸ ਦੇ ਮੱਦੇਨਜ਼ਰ ਪੁਖ਼ਤਾ ਇੰਤਜ਼ਾਮ ਕੀਤੇ ਗਏ ਹਨ ਜਿਸਨੂੰ ਲੈ ਕੇ ਅਧਿਆਪਕਾਂ ਅਤੇ ਬੱਚਿਆਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ।



ਸੰਗਰੂਰ ਬਲਾਕ ਦੇ ਸਕੂਲਾਂ ਵਿੱਚ ਚੱਲ ਰਹੇ ਸਮਰ ਕੈਂਪਾਂ ਦਾ ਦੌਰਾ ਕਰਨ ਪੁੱਜੇ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੰ.) ਸ਼ਿਵ ਰਾਜ ਕਪੂਰ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਇਨ੍ਹਾਂ ਸਮਰ ਕੈਂਪਾਂ ਨੂੰ ਲੈ ਕੇ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਕਲਾਤਮਕ ਤੇ ਸਿਰਜਣਾਤਮਕ ਗਤੀਵਿਧੀਆਂ ਯਕੀਨੀ ਬਣਾਉਣ ਲਈ ਜਿੱਥੇ ਸਕੂਲਾਂ ਦੀ ਚੈਕਿੰਗ ਲਈ ਅਧਿਕਾਰੀਆਂ ਦੀ ਡਿਊਟੀ ਲਗਾਈ ਗਈ ਹੈ ਉੱਥੇ ਅਧਿਆਪਕਾਂ ਨੂੰ ਵੀ ਹਦਾਇਤਾਂ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ ਬੱਚਿਆਂ ਲਈ ਵਿਭਾਗ ਵੱਲੋਂ ਰਚਨਾਤਮਕ ਕਾਰਜ ਲਈ ਸਾਰੇ ਸਕੂਲਾਂ ਨੂੰ ਸਮੱਗਰੀ ਦਿੱਤੀ ਗਈ ਹੈ। ਉਹਨਾਂ ਦੱਸਿਆ ਕਿ ਇਹ ਪੰਜਾਬ ਸਰਕਾਰ ਦਾ ਇਕ ਵਧਿਆ ਉਪਰਾਲਾ ਹੈ ਇਸ ਨਾਲ ਜਿੱਥੇ ਬੱਚਿਆਂ ਵਿੱਚ ਹੱਥੀ ਕੁਝ ਸਿੱਖਣ ਦੀ ਪ੍ਰੇਰਨਾ ਪੈਦਾ ਹੋਵੇਗੀ ਉਥੇ ਉਹਨਾਂ ਵਿੱਚ ਪੜ੍ਹਨ ਪ੍ਰਤੀ ਵੀ ਰੁਚੀ ਵਿਕਸਿਤ ਹੋਵੇਗੀ।

ਉਨ੍ਹਾਂ ਕਿਹਾ ਕਿ ਅੱਜ ਜਿਸ ਤਰ੍ਹਾਂ ਪੰਜਾਬ ਸਰਕਾਰ ਸਰਕਾਰੀ ਸਕੂਲਾਂ ਵਿੱਚ ਢਾਂਚਾਗਤ ਸਹੂਲਤਾਂ ਮੁਹੱਈਆ ਕਰਵਾ ਰਹੀ ਹੈ ਅਤੇ ਬੱਚਿਆਂ ਨੂੰ ਆਧੁਨਿਕ ਢੰਗਾਂ ਨਾਲ ਸਿੱਖਿਆ ਨਾਲ ਜੋੜ ਰਹੀ ਹੈ ਉਸ ਤੋਂ ਲੱਗਦਾ ਹੈ ਕਿ ਉਹ ਦਿਨ ਦੂਰ ਨਹੀਂ ਜਦੋਂ ਸੂਬੇ ਦੇ ਸਰਕਾਰੀ ਸਕੂਲ ਮੋਹਰੀ ਬਣ ਕੇ ਉੱਭਰਨਗੇ। ਇਸ ਮੌਕੇ ਉਹਨਾਂ ਦੱਸਿਆ ਕਿ ਵਿਨੋਦ ਕੁਮਾਰ ਹਾਂਡਾ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੰਗਰੂਰ, ਗੁਰਮੀਤ ਸਿੰਘ ਈਸਾਪੁਰ, ਸੱਤਪਾਲ ਸਿੰਘ, ਹਰਤੇਜ ਸਿੰਘ, ਅਭਿਨਵ ਜੈਦਕਾ ਸਮੇਤ ਸਾਰੇ ਬੀ ਪੀ ਈ ਓਜ਼ ਅਤੇ ਸੀ ਐਚ ਟੀ ਰੋਜ਼ਾਨਾ ਨਿਰਖਣ ਕਰਕੇ ਇਸ ਮੁਹਿੰਮ ਨੂੰ ਸਫਲ ਬਣਾਉਣ ਲਈ ਡਿਊਟੀਆਂ ਲਗਾਈਆਂ ਗਈਆਂ ਹਨ।

# ਮਜਦੂਰਾਂ ਨੂੰ ਕੇਂਦਰ ਸਰਕਾਰ 100 ਦਿਨ ਰੁਜ਼ਗਾਰ ਦੇ ਨਾਲ ਨਾਲ 200 ਦਿਨ ਰੁਜ਼ਗਾਰ ਦੀ ਗਰੰਟੀ ਪੰਜਾਬ ਸਰਕਾਰ ਦੇਵੇ

**ਸੜੋਆ (ਸਤਨਾਮ ਸਿੰਘ ਸਹੂੰਗੜਾ)-** ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਵਲੋਂ ਅੱਜ ਪਿੰਡ ਪੈਲ਼ੀ ਵਿਖੇ ਮਜਦੂਰਾਂ ਤੇ ਔਰਤਾਂ ਦਾ ਭਰਵਾਂ ਇਕੱਠ ਕਰਕੇ ਸੰਘਰਸ਼ ਕਰਨ ਦਾ ਕੀਤਾ ਐਲਾਨ ਮਜ਼ਦੂਰਾਂ ਦੀ ਦਿਹਾੜੀ, ਮਗਨਰੇਗਾ ਸਮੇਤ ਲਗਾਤਾਰ ਰੁਜ਼ਗਾਰ ਅਤੇ ਲਾਲ ਲਕੀਰ ਵਿੱਚ ਰਹਿੰਦੇ ਲੋਕਾਂ ਨੂੰ ਮਾਲਕੀ ਹੱਕ ਦੇਣ ਦੇ ਸਵਾਲ ਨੂੰ ਲੈ ਕੇ ਪਿੰਡ ਪੱਧਰੀ ਘੋ਼ਲ ਚਲਾਉਣ ਲਈ ਮਜਦੂਰਾਂ ਨੂੰ ਲਾਮਬੰਦ ਕੀਤਾ ਜਾ ਰਹੀ ਹੈ।

ਯੂਨੀਅਨ ਦੇ ਤਹਿਸੀਲ ਪ੍ਰਧਾਨ ਅਸ਼ੋਕ ਕਲਾਰ ਅਤੇ ਸਕੱਤਰ ਬਗੀਚਾ



ਸਿੰਘ ਸਹੂੰਗੜਾ ਨੇ ਦੱਸਿਆ ਕਿ ਦਿੱਲੀ ਮਾਡਲ ਲਾਗੂ ਕਰਨ ਦੀਆਂ ਟਾਹਰਾਂ ਮਾਰਨ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਵੀ ਮਜ਼ਦੂਰ ਵਿਰੋਧੀ ਸਾਬਤ ਹੋਈ। ਉਨ੍ਹਾਂ ਕਿਹਾ ਕਿ ਗਾਰੰਟੀ ਦੇ ਬਾਵਜੂਦ ਮਹਿਜ਼ ਮਗਨਰੇਗਾ ਤਹਿਤ 100 ਦਿਨ ਮਿਲਣ ਵਾਲਾ ਰੁਜ਼ਗਾਰ ਵੀ 20 ਦਿਨ ਮਿਲ ਰਿਹਾ ਹੈ ਕਈ ਪਿੰਡਾਂ ਵਿੱਚ ਲੋਕ ਕੰਮ ਨੂੰ ਤਰਸ ਰਹੇ ਹਨ , ਸੂਬਾ ਸਰਕਾਰ ਨੂੰ ਆਪਣੀ ਤਰਫੋਂ 200 ਦਿਨ ਦਾ ਰੁਜ਼ਗਾਰ ਮੁਹੱਈਆਂ ਕਰਵਾਉਣ ਦੀ ਗਾਰੰਟੀ ਦੇਣੀ ਚਾਹੀਦੀ ਹੈ। ਕੰਮ ਉੱਪਰ ਹਾਜ਼ਰ ਹੋਣ ਤੇ ਦਿਹਾੜੀ ਦੀ ਹੋ ਰਹੀ ਕਟੌਤੀ ਬੰਦ ਕੀਤੀ ਜਾਵੇ, ਦਿੱਲੀ ਮਾਡਲ ਤਹਿਤ ਆਲ ਇੰਡੀਆ ਲੇਬਰ ਕਾਨਫਰੰਸ 1956 ਤਹਿਤ ਹਰ ਖੇਤਰ ਵਿੱਚ ਮਜ਼ਦੂਰਾਂ ਦੀ ਦਿਹਾੜੀ 1000 ਰੂਪਏ ਕਰਨ ਦੀ ਗਾਰੰਟੀ ਕੀਤੀ ਜਾਵੇ ਅਤੇ ਲਾਲ ਲਕੀਰ ਵਿੱਚ ਰਹਿੰਦੇ ਲੋਕਾਂ ਨੂੰ ਮਾਲਕੀ ਦੇ ਹੱਕ ਦਿੱਤੇ ਜਾਣ।

ਉਨ੍ਹਾਂ ਕਿਹਾ ਕਿ ਇਹਨਾਂ ਬੁਨਿਆਦੀ ਮੁੱਦਿਆਂ ਉੱਪਰ ਮਜ਼ਦੂਰਾਂ ਨੂੰ ਲਾਮਬੰਦ ਹੋਣ ਦੀ ਅਪੀਲ ਕੀਤੀ। ਜ਼ਿਲ੍ਹੇ ਭਰ ਦੇ 100 ਤੋਂ ਵੱਧ ਪਿੰਡਾਂ ਵਿੱਚ ਮੀਟਿੰਗਾ ਕਰਕੇ ਮਜ਼ਦੂਰ ਨਵਾਂਸ਼ਹਿਰ ਵਿਖੇ 21 ਜੁਲਾਈ ਨੂੰ ਭਾਰੀ ਇਕੱਠ ਕਰਕੇ ਡੀ ਸੀ ਦਫ਼ਤਰ ਧਰਨਾ ਦਿੱਤਾ ਜਾਵੇਗਾ। ਮਨਰੇਗਾ ਸਮੇਤ ਬਾਕੀ ਖੇਤਰ ਦੇ ਮਜਦੂਰਾਂ ਨੂੰ ਅਪੀਲ ਹੈ 21 ਜੁਲਾਈ ਨੂੰ ਨਵਾਂਸ਼ਹਿਰ ਵਿਖੇ ਪਰਿਵਾਰਾਂ ਸਮੇਤ ਪਹੁੰਚੋ। ਇਸ ਮੌਕੇ ਪਿੰਡ ਦੀ ਕਮੇਟੀ ਦੀ ਚੋਣ ਕੀਤੀ ਗਈ, ਗੁਰਦਿਆਲ ਸਿੰਘ ਪ੍ਰਧਾਨ , ਨਿਰਮਲ ਸਿੰਘ ਸਕੱਤਰ , ਦਰਬਾਰਾ ਸਿੰਘ ਖਜਾਨਚੀ , ਦਿਲਬਾਗ ਸਿੰਘ ਸਕੱਤਰ ਸਹਾਇਕ, ਹਰਭਜ ਸਿੰਘ, ਬਿਸ਼ਨ ਦਾਸ, ਪ੍ਰੇਮ ਸਿੰਘ , ਅਸ਼ੋਕ ਕੁਮਾਰ, ਬਿਮਲਾ ਰਾਣੀ, ਅੰਜੂ ਰਾਣੀ, ਪਰਮਜੀਤ ਕੌਰ, ਕਿਰਨਾਂ ਰਾਣੀ, ਅਮਨਪ੍ਰੀਤ ਕੌਰ, ਕਮਲੇਸ਼ ਰਾਣੀ, ਸੰਤੋਖ ਰਾਣੀ, ਸੁਖਵਿੰਦਰ ਕੌਰ, ਕਾਬਲ ਕੌਰ, ਹਰਬੰਸ ਸਿੰਘ ਸੋਢੀ, ਰਣਵੀਰ ਕੌਰ, ਜਗਿੰਦਰ ਰਾਮ, ਹੁਸਨ ਚੰਦ, ਪਿਆਰੀ ਆਦਿ ਮੈਂਬਰ ਚੁਣੇ ਗਏ ਬਾਕੀ ਪਿੰਡ ਵਾਸੀ ਹਾਜ਼ਰ ਸਨ।



## ਬਹੁਜਨ ਸਮਾਜ ਲਹਿਰ ਦਾ ਨਿਸ਼ਾਨਾ

ਸਾਹਿਬ ਕਾਸ਼ੀ ਰਾਮ

"ਜਿਹੜੀ ਗੱਲ ਗੁਰੂ ਸਾਹਿਬ ਨੇ ਕਹੀ ਹੈ, ਅਸੀਂ ਉਸ ਨੂੰ ਸਾਰੇ ਦੇਸ ਅੰਦਰ ਫੈਲਾਉਣਾ ਚਾਹੁੰਦੇ ਹਾਂ। ਸਾਰੇ ਗੁਰੂ ਸਾਹਿਬਾਨ ਨੇ ਜਾਤਪਾਤ, ਊਚਨੀਚ, ਭੇਦਭਾਵ ਉਤੇ ਕਾਇਮ ਸਮਾਜਿਕ ਵਿਵਸਥਾ ਨੂੰ ਬਦਲਣ ਦੀ ਕੋਸ਼ਿਸ਼ ਕੀਤੀ। ਅਸੀਂ ਉਸ ਕੋਸ਼ਿਸ਼ ਨੂੰ ਜਾਰੀ ਰਖਾਂਗੇ। ਅਸੀਂ ਸਾਰੇ ਹਿੰਦੋਸਤਾਨ ਨੂੰ ਬੇਗਮਪੁਰਾ ਬਨਾਉਣਾ ਚਾਹੁੰਦੇ ਹਾਂ। ਇਸ ਤੋਂ ਵੀ ਵਧ ਕੇ ਅਸੀਂ ਸਾਰੀ ਦੁਨੀਆ ਨੂੰ ਬੇਗਮਪੁਰੇ ਵਿਚ ਬਦਲਣਾ ਚਾਹੁੰਦੇ ਹਾਂ। ਆਰਥਿਕ ਪਾੜੇ ਨੂੰ ਖਤਮ ਕਰਨਾ ਬਹੁਜਨ ਸਮਾਜ ਪਾਰਟੀ ਦਾ ਮੁਖ ਲਕਸ਼ ਹੈ। ਅਸੀਂ ਸਮਾਜਿਕ ਪਰਿਵਰਤਨ ਤੇ ਆਰਥਿਕ ਮੁਕਤੀ ਦਾ ਨਾਹਰਾ ਲਾ ਰਹੇ ਹਾਂ। ਜਿਸ ਦਾ ਭਾਵ ਸਮਾਜਿਕ ਤੌਰ ਉਤੇ ਬਰਾਬਰੀ ਅਤੇ ਆਰਥਿਕ ਤੌਰ ਉਤੇ ਦਬਾਏ ਹੋਏ ਲੋਕਾਂ ਦੀ ਮੁਕਤੀ ਹੋਵੇਗਾ।"

*ਸਾਹਿਬ ਕਾਸ਼ੀ ਰਾਮ ਜੀ ਨਾਲ ਕੀਤੀ ਇਕ ਗਲਬਾਤ ਵਿਚੋਂ*

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਪਾਕਿ ਸੁਪਰੀਮ ਕੋਰਟ ਭਗਤ ਸਿੰਘ ਦੇ ਕੇਸ ਦੀ ਤੁਰੰਤ ਕਰੇ ਸੁਣਵਾਈ : ਕੁਰੈਸ਼ੀ



**ਇਸਲਾਮਾਬਾਦ-** ਸਾਂਡਰਸ ਹੱਤਿਆ ਮਾਮਲੇ ਵਿਚ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਸੀ। ਸਾਲ 2013 ਵਿਚ ਮਸ਼ਹੂਰ ਵਕੀਲ ਬੈਰਿਸਟਰ ਡਾਕਟਰ ਸੈਯਦ ਫਾਰੂਕ ਹਸਨ ਦੀ ਅਪੀਲ 'ਤੇ ਲਾਹੌਰ ਹਾਈ ਕੋਰਟ ਵਿਚ ਇਹ ਕੇਸ ਮੁੜ ਖੋਲ੍ਹ ਦਿੱਤਾ ਗਿਆ। ਮਾਮਲੇ ਵਿਚ ਪਟੀਸ਼ਨਕਰਤਾ ਪ੍ਰਧਾਨ ਇਮਤਿਆਜ਼ ਰਸ਼ੀਦ ਕੁਰੈਸ਼ੀ ਸਨ। ਇਸ ਕੇਸ ਵਿਚ ਆਜ਼ਾਦੀ ਦੇ ਨਾਇਕ ਸ਼ਹੀਦ ਭਗਤ ਸਿੰਘ 'ਤੇ ਚੱਲੇ ਮੁਕੱਦਮੇ ਦੇ ਸਬੰਧ ਵਿਚ ਕੁਝ ਮਹੱਤਵਪੂਰਨ ਬਿੰਦੂ ਉਠਾਏ ਗਏ। 2013 ਵਿਚ ਮਾਮਲਿਆਂ ਦੀ ਸੁਣਵਾਈ ਕਰਦਿਆਂ ਜਸਟਿਸ ਸ਼ੁਜਾਤ ਅਲੀ ਖਾਨ ਦੀ ਅਦਾਲਤ ਨੇ ਇਸ ਮਾਮਲੇ ਦੀ ਸੰਵੇਦਨਸ਼ੀਲਤਾ ਨੂੰ ਧਿਆਨ ਵਿਚ ਰੱਖਦੇ ਹੋਏ ਇਸ ਮਾਮਲੇ ਦੀ ਸੁਣਵਾਈ ਲਈ ਫੁੱਲ ਬੈਂਚ ਬਣਾਉਣ ਲਈ ਇਸ ਨੂੰ ਮੁੱਖ ਜੱਜ ਲਾਹੌਰ ਹਾਈ ਕੋਰਟ ਕੋਲ ਭੇਜ ਦਿੱਤਾ ਸੀ।

ਭਗਤ ਸਿੰਘ ਮੈਮੋਰੀਅਲ ਫਾਉਂਡੇਸ਼ਨ ਦੇ ਪ੍ਰਧਾਨ ਇਮਤਿਆਜ਼ ਰਸ਼ੀਦ ਕੁਰੈਸ਼ੀ ਨੇ ਪਾਕਿਸਤਾਨ ਦੀ ਸੁਪਰੀਮ ਕੋਰਟ ਤੋਂ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਨਿਆਂਇਕ ਹੱਤਿਆ ਦੇ ਕੇਸ ਵਿਚ ਜਲਦ ਸੁਣਵਾਈ ਲਈ ਆਪਣੀ ਦਖਲ ਅੰਦਾਜ਼ੀ ਦੇਣ ਦੀ ਅਪੀਲ ਕੀਤੀ ਹੈ। ਉਹਨਾਂ ਨੇ ਸੁਪਰੀਮ ਕੋਰਟ ਨੂੰ ਅਪੀਲ ਕੀਤੀ ਕਿ ਲਾਹੌਰ ਹਾਈ ਕੋਰਟ ਨੂੰ ਮਾਮਲੇ ਦੀ ਰੋਜ਼ਾਨਾ ਸੁਣਵਾਈ ਸ਼ੁਰੂ ਕਰਨ ਦਾ ਨਿਰਦੇਸ਼ ਜਾਰੀ ਕੀਤਾ ਜਾਵੇ ਤਾਂ ਜੋ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਨਿਆਂਇਕ ਹੱਤਿਆ ਦਾ ਖੁਲਾਸਾ ਦੁਨੀਆ ਸਾਹਮਣੇ ਕੀਤਾ ਜਾ ਸਕੇ। ਸਾਲਾਂ ਤੋਂ ਮਾਮਲਿਆਂ ਦੀ ਸੁਣਵਾਈ ਨਾ ਹੋਣ ਨਾਲ ਕੁਰੈਸ਼ੀ ਕਾਫੀ ਨਿਰਾਸ਼ ਹਨ। ਕਿਉਂਕਿ ਸੁਣਵਾਈ ਦੌਰਾਨ ਉਹਨਾਂ ਦੇ ਚਾਰ ਵਕੀਲਾਂ ਦੀ ਮੌਤ ਹੋ ਚੁੱਕੀ ਹੈ। ਕੁਰੈਸ਼ੀ ਨੇ ਲਾਹੌਰ ਤੋਂ ਇਕ ਸਮਾਚਾਰ ਏਜੰਸੀ ਨਾਲ ਗੱਲ ਕਰਦਿਆਂ ਕਿਹਾ ਕਿ ਸੁਪਰੀਮ ਕੋਰਟ ਨੂੰ ਤੁਰੰਤ ਇਸ ਸਭ ਤੋਂ ਮਹੱਤਵਪੂਰਨ ਮਾਮਲੇ ਦੀ ਸੁਣਵਾਈ ਸ਼ੁਰੂ ਕਰਨੀ ਚਾਹੀਦੀ ਹੈ। ਇਹ ਨਿਆਂਇਕ ਹੱਤਿਆ ਦਾ ਸਪੱਸ਼ਟ ਮਾਮਲਾ ਹੈ। ਐਫ.ਆਈ.ਆਰ. ਵਿਚ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦਾ ਨਾਮ ਸ਼ਾਮਲ ਨਹੀਂ ਸੀ। ਇੰਨਾ ਹੀ ਨਹੀਂ 'ਬਲੈਕ ਵਾਰੰਟ' ਵੀ ਲਾਹੌਰ ਹਾਈ ਕੋਰਟ ਦੇ ਰਜਿਸਟਾਰ ਨੇ ਜਾਰੀ ਕੀਤਾ ਸੀ।

ਕੁਰੈਸ਼ੀ ਨੇ ਕਿਹਾ ਕਿ ਇਸ ਮਾਮਲੇ 'ਚ ਵਕੀਲ ਅਬਦੁੱਲ ਰਸ਼ੀਦ ਸੁਪਰੀਮ ਕੋਰਟ ਵਿਚ ਪੇਸ਼ ਹੋਏ ਸਨ। ਉਹਨਾਂ ਨੇ ਆਪਣੀ ਬਹਿਸ ਦੌਰਾਨ ਡਬਲ ਬੈਂਚ ਦੇ ਗਠਨ 'ਤੇ ਇਤਰਾਜ਼ ਜਤਾਇਆ ਅਤੇ ਕੋਰਟ ਨੂੰ ਦੱਸਿਆ ਕਿ ਭਗਤ ਸਿੰਘ ਦਾ ਟ੍ਰਾਇਲ ਤਿੰਨ ਜੱਜਾਂ ਦੀ ਬੈਂਚ ਨੇ ਕੀਤਾ ਸੀ, ਇਸ ਲਈ ਇਸ ਕੇਸ ਵਿਚ ਦੁਬਾਰਾ ਸੁਣਵਾਈ ਕਾਨੂੰਨ ਮੁਤਾਬਕ ਪੰਜ ਜੱਜਾਂ ਦੀ ਬੈਂਚ ਨੂੰ ਕਰਨੀ ਚਾਹੀਦੀ ਹੈ। ਡਬਲ ਬੈਂਚ ਨੇ ਉਹਨਾਂ ਦੀ ਅਪੀਲ ਨੂੰ ਸਵੀਕਾਰ ਕਰ ਲਿਆ ਅਤੇ ਇਸ ਮਾਮਲੇ ਨੂੰ ਮੁੜ ਮੁੱਖ ਜੱਜ ਲਾਹੌਰ ਹਾਈ ਕੋਰਟ ਕੋਲ ਭੇਜ ਦਿੱਤਾ। ਇਸ ਮਗਰੋਂ ਮਾਮਲਾ ਹਾਲੇ ਸੂਚੀਬੱਧ ਹੋਣਾ ਬਾਕੀ ਹੈ ਅਤੇ 10 ਸਾਲ ਤੱਕ ਇਸ ਮਾਮਲੇ ਦੀ ਸੁਣਵਾਈ ਲਈ ਹਾਲੇ ਤੱਕ ਕੋਈ ਬੈਂਚ ਗਠਿਤ ਨਹੀਂ ਕੀਤੀ ਗਈ ਹੈ।

## ਪਤੀ ਨੂੰ ਬਚਾਉਣ ਲਈ ਚੀਤੇ ਨਾਲ ਭਿੜ ਗਈ ਪਤਨੀ

**ਸੁੰਦਰਬਨ-** ਪੱਛਮੀ ਬੰਗਾਲ ਦੇ ਸੁੰਦਰਬਨ ਇਲਾਕੇ 'ਚ ਚੀਤੇ ਅਕਸਰ ਪਿੰਡ ਵਾਲਿਆਂ 'ਤੇ ਹਮਲਾ ਕਰਦੇ ਰਹਿੰਦੇ ਹਨ। ਚੀਤਿਆਂ ਦੇ ਹਮਲੇ ਵਿਚ ਕਈਆਂ ਦੀ ਜਾਨ ਵੀ ਜਾ ਚੁੱਕੀ ਹੈ। ਕਈਆਂ ਨੇ ਆਪਣੇ ਪਰਿਵਾਰ ਦਾ ਮੁਖੀ ਗੁਆ ਦਿੱਤਾ ਹੈ, ਕਈ ਮਾਵਾਂ ਨੇ ਪੁੱਤ ਗੁਆ ਦਿੱਤੇ, ਪਰ ਸੁੰਦਰਬਨ ਦੇ ਸਤਿਆਦਾਸਪੁਰ ਦੀ 45 ਸਾਲਾ ਨਮਿਤਾ ਨੇ ਆਪਣੇ ਪਤੀ ਨੂੰ ਬਚਾਉਣ ਲਈ ਚੀਤੇ ਦੀ ਗਰਦਨ 'ਤੇ ਛਾਲ ਮਾਰ ਦਿੱਤੀ ਅਤੇ ਚੀਤੇ ਨੂੰ ਡੰਡੇ ਨਾਲ ਇੰਨਾ ਕੁੱਟਿਆ ਕਿ ਉਹ ਉਸ ਦੇ ਪਤੀ ਨੂੰ ਛੱਡ ਕੇ ਭੱਜਣ ਲਈ ਮਜਬੂਰ ਹੋ ਗਿਆ।



ਨਮਿਤਾ ਨੇ ਦੇਖਿਆ ਕਿ ਸੁੰਦਰਬਨ ਦਾ ਰਾਇਲ ਬੰਗਾਲ ਟਾਈਗਰ ਉਸ ਦੇ ਪਤੀ ਨੂੰ ਉਸ ਦੀਆਂ ਅੱਖਾਂ ਸਾਹਮਣੇ ਖਿੱਚ ਰਿਹਾ ਸੀ। ਨਮਿਤਾ ਨੇ ਪਲ ਭਰ ਲਈ ਵੀ ਨਹੀਂ ਸੋਚਿਆ। ਉਹ ਆਪਣੇ ਹੱਥ ਵਿਚ ਸੋਟੀ ਲੈ ਕੇ ਸ਼ੇਰ ਨਾਲ ਭਿੜ ਗਈ। ਆਮ ਤੌਰ 'ਤੇ ਕੇਕੜਿਆਂ ਦੀ ਭਾਲ ਵਿਚ ਜਾਣ ਵਾਲੇ ਲੋਕ ਚੀਤਿਆਂ ਦੀ ਗੁਫਾ ਵਿਚ ਜਾਂਦੇ ਹਨ, ਉਨ੍ਹਾਂ ਦੇ ਹੱਥ ਵਿਚ ਇੱਕ ਹਥਿਆਰ ਹੁੰਦਾ ਹੈ। ਨਮਿਤਾ ਨੇ ਉਸ ਸੋਟੀ ਨਾਲ ਚੀਤੇ 'ਤੇ ਛਾਲ ਮਾਰ ਦਿੱਤੀ। ਇੱਕ ਪਾਸੇ ਇੱਕ 170-180 ਕਿਲੋ ਦਾ ਚੀਤਾ ਸੀ ਅਤੇ ਦੂਜੇ ਪਾਸੇ ਇੱਕ ਪਤਲੀ, ਝੁਕੀ ਹੋਈ ਅਤੇ ਫਟੀ ਸਾੜ੍ਹੀ ਪਹਿਨੀ ਔਰਤ ਸੀ। ਉਸ ਨੇ ਜਿਵੇਂ 'ਦੇਵੀ ਦੁਰਗਾ' ਦਾ ਰੂਪ ਧਾਰ ਲਿਆ। ਚੀਤਾ ਉਸ ਦੇ ਪਤੀ ਨੂੰ ਪੰਜਾ ਮਾਰ ਰਿਹਾ ਸੀ। ਉਸ ਨੂੰ ਦੂਰ ਖਿੱਚਣ ਦੀ ਕੋਸ਼ਿਸ਼ ਕਰ ਰਿਹਾ ਸੀ ਅਤੇ ਨਮਿਤਾ ਸੋਟੀ ਨਾਲ ਉਸ ਦਾ ਸਾਹਮਣਾ ਕਰਦੀ ਸੰਘਰਸ਼ ਕਰ ਰਹੀ ਸੀ, ਬਿਨ੍ਹਾਂ ਆਪਣੀ ਜਾਨ ਦੀ ਪਰਵਾਹ ਕੀਤੇ ਉਹ ਸੋਟੀ ਮਾਰਦੀ ਰਹੀ। ਨਮਿਤਾ ਦੀ ਸੋਟੀ ਚੀਤੇ ਦੀ ਪਿੱਠ ਦੀਆਂ ਪਸਲੀਆਂ 'ਤੇ ਵੱਜੀ ਅਤੇ ਇਥੇ ਉਸ ਦੀ ਜਿੱਤ ਹੋਈ ਅਤੇ ਚੀਤਾ ਜ਼ਖ਼ਮੀ ਹੋ ਗਿਆ ਤੇ ਉਸ ਦੇ ਪਤੀ ਨੂੰ ਛੱਡ ਕੇ ਜੰਗਲ ਵੱਲ ਚਲਾ ਗਿਆ। ਇਸ ਤਰ੍ਹਾਂ ਨਮਿਤਾ ਨੇ ਟਾਈਗਰ ਦੇ ਮੂੰਹੋਂ ਆਪਣੇ ਮਛੁਆਰੇ ਪਤੀ ਨੂੰ ਬਾਹਰ ਕੱਢਿਆ। ਪਾਥਰਪ੍ਰਤਿਮਾ ਦੇ ਜੀ-ਪਲਾਟ ਗ੍ਰਾਮ ਪੰਚਾਇਤ ਦੇ ਸਤਿਆਦਾਸਪੁਰ ਨਿਵਾਸੀ ਦਿਲੂ ਮੌਲਿਕ ਦੀ ਪਤਨੀ ਨਮਿਤਾ ਸੱਚਮੁੱਚ ਅਸਲੀ ਹੀਰੋਇਨ ਬਣ ਗਈ।

# ਡਾਇਨਾਸੌਰ ਦੇ ਸਮੇਂ ਮੌਜੂਦ ਸੀ ਮਨੁੱਖੀ ਪੂਰਵਜ : ਖੁਲਾਸਾ

**ਹੈਦਰਾਬਾਦ-** ਕਿਹਾ ਜਾਂਦਾ ਹੈ ਕਿ ਮਨੁੱਖਾਂ ਦੇ ਥਣਧਾਰੀ ਪੂਰਵਜ ਡਾਇਨਾਸੌਰਾਂ ਦੇ ਵਿਨਾਸ਼ਕਾਰੀ ਅੰਤ ਤੋਂ ਬਾਅਦ ਹੀ ਵਧੇ-ਫੁੱਲੇ ਸਨ। ਯਾਨੀ ਅਜੇ ਤੱਕ ਅਜਿਹਾ ਕੋਈ ਸਬੂਤ ਨਹੀਂ ਮਿਲਿਆ ਹੈ ਜਿਸ ਤੋਂ ਇਹ ਪਤਾ ਲੱਗ ਸਕੇ ਕਿ ਡਾਇਨਾਸੌਰ ਅਤੇ ਮਨੁੱਖ ਦੇ ਪੂਰਵਜ ਇਕੱਠੇ ਰਹਿੰਦੇ ਸਨ। ਪਰ ਨਵੇਂ ਅਧਿਐਨ ਵਿੱਚ ਇਹ ਸਿੱਟਾ ਕੱਢਿਆ ਗਿਆ ਹੈ ਕਿ ਮਨੁੱਖਾਂ ਦੇ ਪੂਰਵਜ ਗ੍ਰਹਿ ਨਾਲ ਟਕਰਾਉਣ ਤੋਂ ਬਾਅਦ ਵੀ ਆਪਣੇ ਆਪ ਨੂੰ ਬਚਾਉਣ ਵਿੱਚ ਕਾਮਯਾਬ ਰਹੇ ਸਨ, ਜਿਸ ਕਾਰਨ ਧਰਤੀ ਤੋਂ ਡਾਇਨਾਸੌਰ ਤਬਾਹ ਹੋ ਗਏ ਸਨ। ਇਸ ਨਵੀਂ ਖੋਜ ਨੇ ਵਿਗਿਆਨਕ ਭਾਈਚਾਰੇ ਨੂੰ ਪੂਰੀ ਤਰ੍ਹਾਂ ਹੈਰਾਨ ਕਰ ਦਿੱਤਾ ਹੈ।



ਖੋਜਕਾਰਾਂ ਨੇ ਇਹ ਨਤੀਜੇ ਫਾਸਿਲ ਰਿਕਾਰਡ ਦੇ ਵਿਸ਼ਲੇਸ਼ਣ ਦੇ ਆਧਾਰ 'ਤੇ ਲਏ ਹਨ। ਉਨ੍ਹਾਂ ਨੇ ਪਲੇਸੈਂਟਲ ਥਣਧਾਰੀ ਜੀਵਾਂ ਬਾਰੇ ਅਜਿਹੇ ਸਬੂਤ ਪ੍ਰਾਪਤ ਕੀਤੇ ਹਨ, ਜੋ ਸੁਝਾਅ ਦਿੰਦੇ ਹਨ ਕਿ ਉਨ੍ਹਾਂ ਦਾ ਵਾਧਾ ਕ੍ਰੀਟੇਸ਼ੀਅਸ ਕਾਲ ਵਿੱਚ ਹੋਇਆ ਸੀ। ਪਲੇਸੈਂਟਲ ਥਣਧਾਰੀ ਜਾਨਵਰਾਂ ਦਾ ਸਮੂਹ ਹੈ ਜਿਸ ਵਿੱਚ ਮਨੁੱਖ, ਕੁੱਤੇ ਅਤੇ ਚਮਗਿੱਦੜ ਵੀ ਸ਼ਾਮਲ ਹਨ।

ਇਹ ਨਤੀਜੇ ਦਰਸਾਉਂਦੇ ਹਨ ਕਿ ਥਣਧਾਰੀ ਜੀਵ ਕੁਝ ਸਮੇਂ ਲਈ ਡਾਇਨੋਸੌਰਸ ਦੇ ਨਾਲ ਧਰਤੀ 'ਤੇ ਰਹਿੰਦੇ ਸਨ। ਜਿਸ ਤੋਂ ਬਾਅਦ ਮਹਾਨ ਵਿਨਾਸ਼ਕਾਰੀ ਘਟਨਾ ਵਾਪਰੀ ਅਤੇ ਫਿਰ ਡਾਇਨਾਸੌਰਾਂ ਸਮੇਤ ਧਰਤੀ ਦੀਆਂ ਤਿੰਨ-ਚੌਥਾਈ ਪ੍ਰਜਾਤੀਆਂ ਨਸ਼ਟ ਅਤੇ ਅਲੋਪ ਹੋ ਗਈਆਂ। ਹੁਣ ਤੱਕ ਇਹ ਵਿਵਾਦ ਦਾ ਵਿਸ਼ਾ ਸੀ ਕੀ ਪਲੇਸੈਂਟਲ ਥਣਧਾਰੀ ਜੀਵ ਡਾਇਨੋਸੌਰਸ ਦੇ ਸਮੇਂ ਦੌਰਾਨ ਹੋਂਦ ਵਿੱਚ ਆਏ ਸਨ ਜਾਂ ਉਹ ਡਾਇਨੋਸੌਰਸ ਦੇ ਵਿਨਾਸ਼ ਤੋਂ ਬਾਅਦ ਹੋਂਦ ਵਿੱਚ ਆਏ ਸਨ।

ਪਲੇਸੈਂਟਲ ਥਣਧਾਰੀ ਜੀਵਾਂ ਦੇ ਜੀਵਾਸ਼ ਹੁਣ ਤੱਕ ਉਹਨਾਂ ਹੀ ਚੱਟਾਨਾਂ ਦੇ ਜੀਵਾਸ਼ਮ ਵਿੱਚ ਪਾਏ ਗਏ ਹਨ, ਜੋ ਕਿ 66 ਮਿਲੀਅਨ ਸਾਲ ਤੋਂ ਘੱਟ ਪੁਰਾਣੇ ਹਨ ਅਤੇ ਜਦੋਂ ਮਹਾਨ ਮੰਦੀ ਹੋਈ ਸੀ ਅਤੇ ਡਾਇਨਾਸੌਰਸ ਦਾ ਅੰਤ ਹੋ ਗਿਆ ਸੀ। ਪਰ ਅਜਿਹੇ ਸਬੂਤ ਹਨ ਜੋ ਇਹ ਦਰਸਾਉਂਦੇ ਹਨ ਕਿ ਪਲੇਸੈਂਟਲ ਥਣਧਾਰੀ ਜੀਵ ਡਾਇਨੋਸੌਰਸ ਦੇ ਅੰਤ ਤੋਂ ਪਹਿਲਾਂ ਮੌਜੂਦ ਸਨ।

ਇਸ ਅਧਿਐਨ ਦੇ ਨਤੀਜਿਆਂ ਤੋਂ ਸਪੱਸ਼ਟ ਹੈ ਕਿ ਇਹ ਮਾਮਲਾ ਕੁਝ ਗੁੰਝਲਦਾਰ ਹੈ। ਬ੍ਰਿਸਟਲ ਯੂਨੀਵਰਸਿਟੀ ਅਤੇ ਫ੍ਰਾਈਬਰਗ ਯੂਨੀਵਰਸਿਟੀ ਦੇ ਜੀਵ ਵਿਗਿਆਨੀਆਂ ਦੀ ਟੀਮ ਨੇ ਕਰੰਟ ਬਾਇਓਲੋਜੀ ਵਿੱਚ ਪ੍ਰਕਾਸ਼ਿਤ ਖੋਜ ਵਿੱਚ ਇਹ ਦਿਲਚਸਪ ਖੋਜ ਕੀਤੀ ਹੈ।

ਖੋਜਕਾਰਾਂ ਨੇ ਇਹ ਪੁਸ਼ਟੀ ਕਰਨ ਲਈ ਫਾਸਿਲ ਰਿਕਾਰਡ ਦੇ ਅੰਕੜੇ ਦਾ ਵਿਸ਼ਲੇਸ਼ਣ ਕੀਤਾ ਕਿ ਪਲੇਸੈਂਟਲ ਥਣਧਾਰੀ ਜੀਵਾਂ ਦਾ ਵਾਧਾ ਡਾਇਨਾਸੌਰਾਂ ਦੇ ਵਿਨਾਸ਼ ਤੋਂ ਪਹਿਲਾਂ ਹੋਇਆ ਸੀ। ਹੈਰਾਨੀ ਦੀ ਗੱਲ ਇਹ ਹੈ ਕਿ ਨਤੀਜਿਆਂ ਵਿੱਚ ਪਾਇਆ ਗਿਆ ਕਿ ਪਲੇਸੈਂਟਲ ਥਣਧਾਰੀ ਜੀਵ, ਜੋ ਕਿ ਮਨੁੱਖਾਂ ਦੇ ਪੂਰਵਜ ਹਨ, ਡਾਇਨਾਸੌਰਾਂ ਦੇ ਨਾਲ ਰਹਿੰਦੇ ਸਨ। ਪਰ ਇਹ ਵੀ ਪਾਇਆ ਗਿਆ ਕਿ ਇਨ੍ਹਾਂ ਦਾ ਵਧਣਾ-ਫੁੱਲਣਾ ਡਾਇਨਾਸੌਰਾਂ ਤੋਂ ਬਾਅਦ ਹੀ ਸ਼ੁਰੂ ਹੋਇਆ ਸੀ।

ਇਸ ਸਿੱਟੇ 'ਤੇ ਪਹੁੰਚਣ ਲਈ ਪਲੇਸੈਂਟਲ ਥਣਧਾਰੀ ਜੀਵਾਂ ਦੇ ਫਾਸਿਲ ਰਿਕਾਰਡ ਦੀ ਖੋਜ ਅਤੇ ਵਿਸ਼ਲੇਸ਼ਣ ਕੀਤਾ ਗਿਆ ਸੀ। ਇਹ ਅੰਕੜੇ 66 ਮਿਲੀਅਨ ਸਾਲ ਪਹਿਲਾਂ ਦੇ ਹਨ, ਜਦੋਂ ਡਾਇਨੋਸੌਰਸ ਤਬਾਹ ਹੋਏ ਸਨ। ਖੋਜਕਾਰਾਂ ਨੇ ਬਹੁਤ ਸਾਰੇ ਜਾਨਵਰਾਂ ਦੇ ਸਮੂਹਾਂ ਦੇ ਉਭਾਰ ਅਤੇ ਵਿਨਾਸ਼ ਦੇ ਪੈਟਰਨ ਨੂੰ ਦੇਖਿਆ, ਜਿਸ ਦੇ ਆਧਾਰ 'ਤੇ ਉਹ ਅਜਿਹੇ ਸਪੱਸ਼ਟ ਸਿੱਟੇ ਕੱਢਣ ਦੇ ਯੋਗ ਸਨ।

# ਅੰਡੇਮਾਨ ਸ਼ਿਫਟ ਹੋਣਗੇ ਖਤਰਨਾਕ ਅਪਰਾਧੀ

**ਨਵੀਂ ਦਿੱਲੀ-** ਉੱਤਰੀ ਭਾਰਤ ਦੀਆਂ ਜੇਲ੍ਹਾਂ ਵਿੱਚ ਬੰਦ ਖ਼ਤਰਨਾਕ ਅਪਰਾਧੀ ਜੇਲ੍ਹ ਵਿੱਚੋਂ ਹੀ ਆਪਣੇ ਗੈਂਗ ਚਲਾ ਰਹੇ ਹਨ। ਹਥਿਆਰਾਂ ਦੀ ਤਸਕਰੀ ਹੋਵੇ, ਸੁਪਾਰੀ ਦਾ ਕਤਲ ਹੋਵੇ ਜਾਂ ਨਸ਼ਿਆਂ ਦਾ ਕਾਲਾ ਵਪਾਰ ਹੋਵੇ, ਜੇਲ੍ਹਾਂ ਵਿੱਚ ਬੰਦ ਸ਼ਰਾਰਤੀ ਅਪਰਾਧੀ ਆਪਣੇ ਗੁੰਡਿਆਂ ਰਾਹੀਂ ਦੇਸ਼ ਭਰ ਵਿੱਚ ਆਪਣਾ ਜਾਲ ਵਿਛਾ ਰਹੇ ਹਨ। ਇਸ ਤੋਂ ਪਹਿਲਾਂ ਵੀ ਕਈ ਅਜਿਹੇ ਮਾਮਲੇ ਸਾਹਮਣੇ ਆ ਚੁੱਕੇ ਹਨ ਜਦੋਂ ਇਨ੍ਹਾਂ ਦਾ ਪਾਕਿਸਤਾਨ ਤੋਂ ਦੁਬਈ ਤੱਕ ਕੁਨੈਕਸ਼ਨ ਪਾਇਆ ਗਿਆ ਹੈ। ਇਨ੍ਹਾਂ ਅਪਰਾਧੀਆਂ ਦੇ ਅੱਤਵਾਦੀਆਂ ਨਾਲ ਸਬੰਧ ਵੀ ਸਾਹਮਣੇ ਆ ਰਹੇ ਹਨ।ਰਾਸ਼ਟਰੀ ਜਾਂਚ ਏਜੰਸੀ ਨੇ ਅਪਰਾਧੀਆਂ-ਗੈਂਗਸਟਰਾਂ ਅਤੇ ਅੱਤਵਾਦੀਆਂ ਦੇ ਇਸ ਗਠਜੋੜ ਨਾਲ ਨਜਿੱਠਣ ਲਈ ਪੂਰੀ ਤਿਆਰੀ ਕਰ ਲਈ ਹੈ। ਐਨਆਈਏ ਨੇ ਉੱਤਰੀ ਭਾਰਤ ਦੀਆਂ ਜੇਲ੍ਹਾਂ ਤੋਂ ਖ਼ੌਫ਼ਨਾਕ ਗੈਂਗਸਟਰਾਂ ਨੂੰ ਅੰਡੇਮਾਨ ਅਤੇ ਨਿਕੋਬਾਰ ਦੀਪ ਸਮੂਹ ਵਿੱਚ ਤਬਦੀਲ ਕਰਨ ਸਬੰਧੀ ਗ੍ਰਹਿ ਮੰਤਰਾਲੇ ਨੂੰ ਪੱਤਰ ਲਿਖਿਆ ਹੈ।

ਸੂਤਰਾਂ ਅਨੁਸਾਰ ਪੱਤਰ ਵਿੱਚ ਦਿੱਲੀ ਦੀ ਤਿਹਾੜ ਜੇਲ੍ਹ ਵਿੱਚੋਂ 10-12 ਬਦਨਾਮ ਅਪਰਾਧੀਆਂ ਦੇ ਤਬਾਦਲੇ ਦਾ ਜ਼ਿਕਰ ਹੈ, ਜਿਨ੍ਹਾਂ ਨੇ ਹਾਲ ਹੀ ਵਿੱਚ ਆਪਣੇ ਅਹਾਤੇ ਦੇ ਅੰਦਰ ਇੱਕ ਅਪਰਾਧੀ ਦੀ ਬੇਰਹਿਮੀ ਨਾਲ ਹੱਤਿਆ ਕਰਨ ਲਈ ਸੁਰਖੀਆਂ ਹਾਸਿਲ ਕੀਤੀਆਂ ਸਨ। ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਹੱਤਿਆ ਦੇ ਦੋਸ਼ੀ ਲਾਰੈਂਸ ਬਿਸ਼ਨੋਈ ਦਾ ਨਾਂ ਵੀ ਇਸ ਸੂਚੀ ਵਿੱਚ ਸ਼ਾਮਲ ਹੈ। ਜਾਂਚ ਏਜੰਸੀ ਨੇ ਕਿਹਾ ਕਿ ਉੱਤਰੀ ਭਾਰਤੀ ਜੇਲ੍ਹਾਂ ਦੇ ਅੰਦਰੋਂ ਗੈਂਗ ਚਲਾਏ ਜਾ ਰਹੇ ਹਨ।

ਇਸ ਮੁੱਦੇ 'ਤੇ ਗ੍ਰਹਿ ਮੰਤਰਾਲੇ ਨੂੰ ਐਨਆਈਏ ਦਾ ਇਹ ਦੂਜਾ ਪੱਤਰ ਹੈ। ਜਾਂਚ ਏਜੰਸੀ ਨੇ ਕੁਝ ਮਹੀਨੇ ਪਹਿਲਾਂ ਮੰਤਰਾਲੇ ਨੂੰ ਪੱਤਰ ਲਿਖ ਕੇ ਬੇਨਤੀ ਕੀਤੀ ਸੀ ਕਿ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਦੇ ਦੋਸ਼ੀ ਲਾਰੈਂਸ ਬਿਸ਼ਨੋਈ ਸਮੇਤ 25 ਬਦਨਾਮ ਅਪਰਾਧੀਆਂ ਨੂੰ ਦੱਖਣੀ ਭਾਰਤ ਦੀਆਂ ਜੇਲ੍ਹਾਂ ਵਿੱਚ ਤਬਦੀਲ ਕੀਤਾ ਜਾਵੇ।

ਆਮ ਤੌਰ 'ਤੇ ਜਦੋਂ ਕੈਦੀਆਂ ਨੂੰ ਇੱਕ ਰਾਜ ਤੋਂ ਦੂਜੇ ਰਾਜ ਵਿੱਚ ਤਬਦੀਲ ਕੀਤਾ ਜਾਂਦਾ ਹੈ ਤਾਂ ਦੋਵਾਂ ਸਰਕਾਰਾਂ ਵਿਚਕਾਰ ਇੱਕ ਲੰਮੀ ਪ੍ਰਕਿਰਿਆ ਚਲਦੀ ਹੈ। ਦੋਵਾਂ ਰਾਜਾਂ ਦੀ ਸਹਿਮਤੀ ਨਾਲ ਹੀ ਅਪਰਾਧੀਆਂ ਨੂੰ ਤਬਦੀਲ ਕੀਤਾ ਜਾਂਦਾ ਹੈ। ਅੰਡੇਮਾਨ ਅਤੇ ਨਿਕੋਬਾਰ ਦੀਪ ਸਮੂਹ ਕੇਂਦਰੀ ਪ੍ਰਸ਼ਾਸਿਤ ਇਲਾਕਾ ਹੈ, ਇਸ ਲਈ ਦੂਜੇ ਰਾਜਾਂ ਵਿੱਚ ਲੋੜੀਂਦੀ ਇਜਾਜ਼ਤ ਦੀ ਲੋੜ ਨਹੀਂ ਪਵੇਗੀ।

ਦਿੱਲੀ ਦੀ ਤਿਹਾੜ ਜੇਲ੍ਹ ਵਿੱਚ ਬੰਦ ਗੈਂਗਸਟਰ ਟਿੱਲੂ ਤਾਜਪੁਰੀਆ ਦੇ ਕਤਲ ਤੋਂ ਬਾਅਦ ਜੇਲ੍ਹ ਪ੍ਰਸ਼ਾਸਨ ਨੇ ਸੀ. ਮੰਤਰਾਲੇ ਨੂੰ ਪੱਤਰ ਲਿਖ ਕੇ ਬੇਨਤੀ ਕੀਤੀ ਹੈ ਕਿ ਖਤਰਨਾਕ ਗੈਂਗਸਟਰਾਂ ਨੂੰ ਦੂਜੇ ਰਾਜਾਂ ਦੀਆਂ ਜੇਲ੍ਹਾਂ ਵਿੱਚ ਤਬਦੀਲ ਕੀਤਾ ਜਾਵੇ। ਤੇਜਪੁਰੀਆ ਦੀ ਤਿਹਾੜ ਜੇਲ੍ਹ ਵਿੱਚ ਹੱਤਿਆ ਕਰ ਦਿੱਤੀ ਗਈ ਹੈ। ਜੇਲ੍ਹ ਰਿਕਾਰਡ ਤੋਂ ਪਤਾ ਲੱਗਦਾ ਹੈ ਕਿ ਗੈਂਗਸਟਰ ਟਿੱਲੂ ਤਾਜਪੁਰੀਆ ਦੇ ਕਤਲ ਤੋਂ ਪਹਿਲਾਂ, ਤਿਹਾੜ ਵਿੱਚ ਵੱਖ-ਵੱਖ ਗੈਂਗਾਂ ਨਾਲ ਕੰਮ ਕਰ ਰਹੇ ਘੱਟੋ-ਘੱਟ ਤਿੰਨ ਹੋਰ ਕੈਦੀਆਂ ਦਾ 2020 ਤੋਂ ਉਨ੍ਹਾਂ ਦੇ ਵਿਰੋਧੀਆਂ ਦੁਆਰਾ ਕਤਲ ਕੀਤਾ ਗਿਆ ਸੀ। 30 ਨਵੰਬਰ, 2020 ਨੂੰ, ਨੀਰਜ ਬਵਾਨਾ ਗੈਂਗ ਦੇ ਇੱਕ ਸਾਥੀ ਦੀ ਕਥਿਤ ਤੌਰ 'ਤੇ ਚਾਰ ਵਿਅਕਤੀਆਂ ਨੇ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਸੀ। ਵਿਰੋਧੀ ਗਿਰੋਹ ਦੇ ਸਾਥੀ। ਦੋ ਸਾਲ ਬਾਅਦ, 22 ਅਗਸਤ ਨੂੰ, ਇਰਫਾਨ ਛੈਨੂ ਗੈਂਗ ਦੇ ਇੱਕ ਮੈਂਬਰ ਨੂੰ ਉਸਦੇ ਵਿਰੋਧੀਆਂ ਨੇ ਕਥਿਤ ਤੌਰ 'ਤੇ ਕੁੱਟ-ਕੁੱਟ ਕੇ ਮਾਰ ਦਿੱਤਾ ਸੀ। ਇਸ ਸਾਲ 14 ਅਪ੍ਰੈਲ ਨੂੰ ਗੈਂਗਸਟਰ ਪ੍ਰਿੰਸ ਤਿਵਾਤੀਆ ਨੂੰ ਉਸ ਦੇ ਦੋਸਤ ਤੋਂ ਦੁਸ਼ਮਣ ਬਣੇ ਅਤਾਉਰ ਰਹਿਮਾਨ ਉਰਫ ਅਟਵਾ ਅਤੇ ਵਿਨੈ ਸ਼ਰਮਾ ਨੇ ਲੜਾਈ ਤੋਂ ਬਾਅਦ ਮਾਰ ਦਿੱਤਾ ਸੀ। ਕਥਿਤ ਕਾਤਲ ਰੋਹਿਤ ਚੌਧਰੀ ਗੈਂਗ ਦੇ ਮੈਂਬਰ ਸਨ।ਤਿਹਾੜ ਜੇਲ੍ਹ ਪ੍ਰਸ਼ਾਸਨ ਦਾ ਤਰਕ ਹੈ ਕਿ ਇਸ ਅਧੀਨ 16 ਜੇਲ੍ਹਾਂ ਹਨ, ਜਿਨ੍ਹਾਂ ਦੀ ਸਮਰੱਥਾ ਸਿਰਫ 10,000 ਹੈ, ਜਦੋਂ ਕਿ ਉਥੇ 20,000 ਤੋਂ ਵੱਧ ਅਪਰਾਧੀ ਬੰਦ ਹਨ। ਜੇਲ੍ਹ ਅਧਿਕਾਰੀਆਂ ਨੇ ਕਿਹਾ ਕਿ ਇਨ੍ਹਾਂ ਵਿੱਚੋਂ ਕੁਝ ਬਦਨਾਮ ਹਨ, ਜਿਸ ਨਾਲ ਅਮਨ-ਕਾਨੂੰਨ ਦੀਆਂ ਚਿੰਤਾਵਾਂ ਪੈਦਾ ਹੋ ਰਹੀਆਂ ਹਨ।

ਸੀਨੀਅਰ ਪੁਲੀਸ ਅਧਿਕਾਰੀਆਂ ਅਨੁਸਾਰ ਨੀਰਜ ਬਵਾਨਾ, ਮਨਜੀਤ ਮਾਹਲ, ਕਾਲਾ ਜਥੇੜੀ ਅਤੇ ਨੀਤੂ ਦਬੋਦੀਆ ਤੋਂ ਲੈ ਕੇ ਇਰਫਾਨ ਚੇਨੂ ਅਤੇ ਹਾਸ਼ਿਮ ਬਾਬਾ ਤੱਕ, ਕਈ ਬਦਮਾਸ਼ ਅਪਰਾਧੀ ਤਿਹਾੜ ਵਿੱਚ ਬੰਦ ਹਨ। ਉਸ ਦੇ ਗਰੋਹ ਦੇ ਕਈ ਮੈਂਬਰ ਵੀ ਉਸ ਨਾਲ ਬੰਦ ਹਨ। ਸੀਨੀਅਰ ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਦਿੱਲੀ ਦੀਆਂ ਤਿੰਨ ਜੇਲ੍ਹਾਂ ਤਿਹਾੜ, ਮੰਡੋਲੀ ਅਤੇ ਰੋਹਿਣੀ ਵਿੱਚ ਵੱਖ-ਵੱਖ ਗੈਂਗ ਦੇ ਕਰੀਬ 160 ਮੈਂਬਰ ਹਨ, ਜਿਸ ਕਾਰਨ ਜੇਲ੍ਹ ਨੂੰ ਸੁਰੱਖਿਆ ਦੇ ਲਿਹਾਜ਼ ਨਾਲ ਅਸਥਿਰ ਥਾਂ ਬਣਾ ਦਿੱਤਾ ਗਿਆ ਹੈ। ਪਲਾਸਟਿਕ ਵਾਲੇ 2,000 ਐਗਜ਼ੌਸਟ ਪੱਖੇ ਅਤੇ ਹਨੇਰੇ ਥਾਵਾਂ 'ਤੇ ਲਾਈਟਾਂ ਲਗਾਈਆਂ ਗਈਆਂ। ਤਾਜਪੁਰੀਆ ਨੂੰ ਕਥਿਤ ਤੌਰ 'ਤੇ ਗੋਗੀ ਗੈਂਗ ਦੇ ਚਾਰ ਮੈਂਬਰਾਂ ਨੇ 'ਸਵੈ-ਬਣੇ ਹਥਿਆਰਾਂ' ਨਾਲ ਮਾਰਿਆ ਸੀ। ਤਾਜਪੁਰੀਆ ਨੂੰ 92 ਵਾਰ ਚਾਕੂ ਮਾਰਿਆ ਗਿਆ।ਪੁਲਿਸ ਅਨੁਸਾਰ ਜੇਲ੍ਹ ਦੀ ਪਹਿਲੀ ਮੰਜ਼ਿਲ 'ਤੇ ਬੰਦ ਚਾਰ ਹਮਲਾਵਰਾਂ ਨੇ ਲੋਹੇ ਦੀ ਗਰਿੱਲ ਕੱਟ ਕੇ ਹੇਠਾਂ ਉਤਰਨ ਲਈ ਬੈਡਸ਼ੀਟ ਦੀ ਵਰਤੋਂ ਕੀਤੀ। ਕਤਲ ਦੀ ਸੀਸੀਟੀਵੀ ਫੁਟੇਜ ਵੀ ਸਾਹਮਣੇ ਆਈ ਹੈ। ਇਸ ਤੋਂ ਪਹਿਲਾਂ ਇੱਕ ਹੋਰ ਗੈਂਗਸਟਰ ਪ੍ਰਿੰਸ ਤਿਵਾਤੀਆ ਦਾ ਵੀ ਤਿਹਾੜ ਜੇਲ੍ਹ ਵਿੱਚ ਕਤਲ ਕਰ ਦਿੱਤਾ ਗਿਆ ਸੀ।



ਮਹੱਤਵਪੂਰਨ ਗੱਲ ਇਹ ਹੈ ਕਿ ਰਾਸ਼ਟਰੀ ਜਾਂਚ ਏਜੰਸੀ (ਐਨਆਈਏ) ਨੇ ਉੱਤਰੀ ਖੇਤਰ ਵਿੱਚ ਸੰਗਠਿਤ ਅਪਰਾਧਿਕ ਗਰੋਹਾਂ ਅਤੇ ਵਿਦੇਸ਼ਾਂ ਵਿੱਚ ਸਰਗਰਮ ਅੱਤਵਾਦੀ ਸਮੂਹਾਂ ਵਿਚਕਾਰ ਗਠਜੋੜ ਨੂੰ ਖਤਮ ਕਰਨ ਲਈ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਦੇ ਪੁਲਿਸ ਬਲਾਂ ਨੂੰ ਆਦੇਸ਼ ਜਾਰੀ ਕੀਤੇ ਹਨ। ਇਕੱਠੇ ਕੰਮ ਕਰਨ ਲੱਗੇ।

ਸ਼ੁੱਕਰਵਾਰ ਨੂੰ ਐਨਆਈਏ ਦੇ ਡਾਇਰੈਕਟਰ ਜਨਰਲ ਦਿਨਕਰ ਗੁਪਤਾ ਦੀ ਪ੍ਰਧਾਨਗੀ ਹੇਠ ਪੰਚਕੂਲਾ ਵਿੱਚ ਇੱਕ ਉੱਚ ਪੱਧਰੀ ਅੰਤਰ-ਰਾਜੀ ਤਾਲਮੇਲ ਮੀਟਿੰਗ ਹੋਈ। ਐਨਆਈਏ ਤਿੰਨਾਂ ਪੁਲਿਸ ਬਲਾਂ ਦੇ ਨੁਮਾਇੰਦਿਆਂ ਦੇ ਨਾਲ ਯੂਟੀ ਚੰਡੀਗੜ੍ਹ ਸਮੇਤ ਦੇਸ਼ ਦੇ ਉੱਤਰੀ ਹਿੱਸੇ ਵਿੱਚ ਕੰਮ ਕਰ ਰਹੇ ਵੱਖ-ਵੱਖ ਅਪਰਾਧਿਕ ਸਿੰਡੀਕੇਟਾਂ ਦੇ ਨੈਟਵਰਕ ਦੀ ਸੂਚੀ ਬਣਾਏਗੀ। ਐਨਆਈਏ ਨੇ ਪਿਛਲੇ ਦਿਨੀਂ ਪੰਜਾਬ ਅਤੇ ਹਰਿਆਣਾ ਦੇ ਮੋਸਟ ਵਾਂਟੇਡ ਗੈਂਗਸਟਰਾਂ ਦੀ ਸੂਚੀ ਜਾਰੀ ਕੀਤੀ ਸੀ।ਇਹ ਦੋਵੇਂ ਮਾਮਲੇ ਵੀ ਚਰਚਾ ਵਿੱਚ ਹਨ।

# ਅਮਰੀਕਾ ‘ਚ ਪ੍ਰਾਇਮਰੀ ਪੱਧਰ ‘ਤੇ ਜਲਦ ਪੜ੍ਹਾਈ ਜਾਵੇਗੀ ‘ਹਿੰਦੀ’

**ਵਾਸ਼ਿੰਗਟਨ–** ਹੁਣ ਅਮਰੀਕਾ ਦੇ ਸਕੂਲਾਂ ਵਿੱਚ ਵੀ ਰਹਿੰਦੀ ਭਾਸ਼ਾ ਪੜ੍ਹਾਈ ਜਾਵੇਗੀ। ਅਮਰੀਕਾ ਦੇ ਸਕੂਲਾਂ



ਵਿੱਚ ਪ੍ਰਾਇਮਰੀ ਪੱਧਰ ‘ਤੇ ਹਿੰਦੀ ਭਾਸ਼ਾ ਦੀ ਪੜ੍ਹਾਈ ਲਈ ਰਾਹ ਖੁੱਲ੍ਹ ਗਿਆ ਹੈ। ਸੱਤਾਧਾਰੀ ਡੈਮੋਕ੍ਰੇਟਿਕ ਪਾਰਟੀ ਸੰਗਠਨ ਏਸ਼ੀਆ ਸੋਸਾਇਟੀ (ਏ.ਐੱਸ.) ਅਤੇ ਇੰਡੀਅਨ ਅਮਰੀਕਨ ਇਮਪੈਕਟ (ਆਈ.ਏ.ਆਈ.) ਨਾਲ ਜੁੜੇ 100 ਤੋਂ ਜ਼ਿਆਦਾ ਜਨ ਪ੍ਰਤੀਨਿਧੀਆਂ ਨੇ ਰਾਸ਼ਟਰਪਤੀ ਜੋਅ ਬਾਈਡੇਨ ਨੂੰ ਇਸ ਸੰਬੰਧ ‘ਚ ਪ੍ਰਸਤਾਵ ਸੌਂਪਿਆ ਹੈ। ਇਸ ਵਿੱਚ 816 ਕਰੋੜ ਰੁਪਏ ਦੇ ਫੰਡ ਨਾਲ 1 ਹਜ਼ਾਰ ਸਕੂਲਾਂ ਵਿੱਚ ਹਿੰਦੀ ਦੀ ਪੜ੍ਹਾਈ ਸ਼ੁਰੂ ਹੋਵੇਗੀ। ਸੰਭਾਵਨਾ ਹੈ ਕਿ ਭਾਰਤ ਪ੍ਰਤੀ ਬਾਈਡੇਨ ਦੇ ਸਕਾਰਾਤਮਕ ਰਵੱਈਏ ਅਤੇ ਅਗਲੇ ਸਾਲ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਦੇ ਮੱਦੇਨਜ਼ਰ ਇਸ ਪ੍ਰਸਤਾਵ ਨੂੰ ਮਨਜ਼ੂਰੀ ਦਿੱਤੀ ਜਾਵੇਗੀ। ਹਿੰਦੀ ਭਾਸ਼ਾ ਦੀ ਪੜ੍ਹਾਈ ਅਗਲੇ ਸਾਲ ਸਤੰਬਰ ਤੋਂ ਸ਼ੁਰੂ ਹੋ ਸਕਦੀ ਹੈ। ਏ.ਐੱਸ. ਅਤੇ ਆਈ.ਏ.ਆਈ. ਨੇ ਹਿੰਦੀ ਭਾਸ਼ਾ ਦੀ ਪੜ੍ਹਾਈ ਸ਼ੁਰੂ ਕਰਨ ‘ਤੇ ਅਧਿਆਪਕਾਂ ਦੀ ਵਿਵਸਥਾ ਅਤੇ ਕੋਰਸ ਸ਼ੁਰੂ ਕਰਨ ‘ਚ ਮਦਦ ਦਾ ਭਰੋਸਾ ਦਿੱਤਾ ਹੈ।

**ਦੂਜੀ ਭਾਸ਼ਾ ਵਜੋਂ ਚੁਣਨ ਦਾ ਵਿਕਲਪ**

ਪ੍ਰਾਇਮਰੀ ਜਮਾਤਾਂ ਤੋਂ ਸ਼ੁਰੂ ਹੋਣ ਵਾਲੀ ਹਿੰਦੀ ਦੀ ਪੜ੍ਹਾਈ ਵਿੱਚ ਅੰਗਰੇਜ਼ੀ ਤੋਂ ਬਾਅਦ ਹਿੰਦੀ ਨੂੰ ਦੂਜੀ ਭਾਸ਼ਾ ਵਜੋਂ ਚੁਣਨ ਦਾ ਵਿਕਲਪ ਹੋਵੇਗਾ। ਅਮਰੀਕਾ ਵਿੱਚ ਰਹਿਣ ਵਾਲੇ ਭਾਰਤੀ ਮੂਲ ਦੇ ਲਗਭਗ 45 ਲੱਖ ਲੋਕਾਂ ਵਿੱਚੋਂ 9 ਲੱਖ ਤੋਂ ਵੱਧ ਲੋਕਾਂ ਦੁਆਰਾ ਹਿੰਦੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਰਤੀ ਭਾਸ਼ਾ ਹੈ। ਇਸ ਸਮੇਂ ਅਮਰੀਕਾ ਵਿਚ ਹਾਈ ਸਕੂਲ ਪੱਧਰ ‘ਤੇ ਹਿੰਦੀ ਦੇ ਕੋਰਸ ਚਲਾਏ ਜਾ ਰਹੇ ਹਨ। ਇਸ ਵਿੱਚ ਹਿੰਦੀ ਦਾ ਸਿਰਫ਼ ਮੁੱਢਲਾ ਅਧਿਐਨ ਹੀ ਪੜ੍ਹਾਇਆ ਜਾਂਦਾ ਹੈ। ਇੰਡੀਆ ਇਮਪੈਕਟ ਦੇ ਪ੍ਰਧਾਨ ਨੀਲ ਮਖੀਜਾ ਦਾ ਕਹਿਣਾ ਹੈ ਕਿ ਜਦੋਂ ਬੱਚਿਆਂ ਨੂੰ ਸ਼ੁਰੂਆਤੀ ਜਮਾਤਾਂ ਤੋਂ ਹਿੰਦੀ ਨਹੀਂ ਸਿਖਾਈ ਜਾਂਦੀ ਅਤੇ ਜਦੋਂ ਅਚਾਨਕ ਹਾਈ ਸਕੂਲ ਪੱਧਰ ‘ਤੇ ਹਿੰਦੀ ਭਾਸ਼ਾ ਦਾ ਵਿਕਲਪ ਆਉਂਦਾ ਹੈ ਤਾਂ ਬੱਚੇ ਇਸ ਭਾਸ਼ਾ ਨੂੰ ਬਿਲਕੁਲ ਨਹੀਂ ਸਮਝਦੇ। ਹੁਣ ਬੱਚੇ ਪ੍ਰਾਇਮਰੀ ਜਮਾਤਾਂ ਤੋਂ ਹਿੰਦੀ ਸ਼ੁਰੂ ਕਰਨ ਦਾ ਲਾਭ ਲੈ ਸਕਣਗੇ।

**4 ਰਾਜਾਂ ਵਿੱਚ ਹਿੰਦੀ ਪੜ੍ਹਾਉਣ ਵਾਲੇ ਸਕੂਲ**

ਅਮਰੀਕਾ ਵਿੱਚ ਭਾਰਤੀ ਬਹੁਲਤਾ ਵਾਲੇ ਰਾਜਾਂ ਨਿਊਜਰਸੀ, ਟੈਕਸਾਸ, ਨਿਊਯਾਰਕ ਅਤੇ ਕੈਲੀਫੋਰਨੀਆ ਵਿੱਚ ਹਿੰਦੀ ਪੜ੍ਹਾਉਣ ਵਾਲੇ ਤਕਰੀਬਨ 10 ਸਕੂਲ ਹਨ। ਨਿਊਜਰਸੀ ਵਿੱਚ ਅਜਿਹਾ ਹੀ ਇੱਕ ਸਕੂਲ ਚਲਾਉਣ ਵਾਲੇ ਬਿਸ਼ਨ ਅਗਰਵਾਲ ਦਾ ਕਹਿਣਾ ਹੈ ਕਿ ਸ਼ਨੀਵਾਰ ਨੂੰ 5 ਤੋਂ 16 ਸਾਲ ਦੇ ਬੱਚਿਆਂ ਨੂੰ ਹਿੰਦੀ ਸਿਖਾਈ ਜਾਂਦੀ ਹੈ। ਕੋਰਸ ਦੇ ਤਿੰਨ ਪੜਾਅ ਤੈਅ ਕੀਤੇ ਗਏ ਹਨ – ਸ਼ੁਰੂਆਤੀ, ਸੈਕੰਡਰੀ ਅਤੇ ਉੱਚ ਪੱਧਰ। ਵੀਹ ਸਾਲ ਪਹਿਲਾਂ ਤੱਕ ਅਮਰੀਕਾ ਵਿੱਚ ਹਿੰਦੀ ਪੜ੍ਹਾਉਣ ਵਾਲਾ ਕੋਈ ਸਕੂਲ ਨਹੀਂ ਸੀ। ਹਿੰਦੀ ਸਕੂਲਾਂ ਵਿੱਚ ਬੱਚਿਆਂ ਦੇ ਦਾਖਲੇ ਵਿੱਚ ਵੀ ਵਾਧਾ ਹੋਇਆ ਹੈ।

**ਫ਼ੈਸਲੇ ਦਾ ਕਾਰਨ: ਭਾਰਤ ਤੀਜੀ ਸਭ ਤੋਂ ਵੱਡੀ ਆਰਥਿਕ ਸ਼ਕਤੀ ਹੋਵੇਗਾ**

ਅਮਰੀਕਾ ਦੇ ਜ਼ਿਆਦਾਤਰ ਸਕੂਲਾਂ ਵਿੱਚ ਇਸ ਸਮੇਂ ਸਪੈਨਿਸ਼ ਨੂੰ ਦੂਜੀ ਭਾਸ਼ਾ ਵਜੋਂ ਪੜ੍ਹਾਇਆ ਜਾਂਦਾ ਹੈ। ਉੱਤਰੀ ਕੈਰੋਲੀਨਾ ਦੇ ਵ੍ਰਿਪ ਜੇ ਚੌਧਰੀ ਦਾ ਕਹਿਣਾ ਹੈ ਕਿ ਅਤੀਤ ਵਿੱਚ ਅਮਰੀਕਾ ਨੂੰ ਸਪੈਨਿਸ਼ ਬੋਲਣ ਵਾਲੇ ਦੇਸ਼ਾਂ ਵਿੱਚ ਆਰਥਿਕ ਹਿੱਤਾਂ ਲਈ ਸਪੈਨਿਸ਼ ਨੂੰ ਸਮਝਣ ਵਾਲੀ ਪੀੜ੍ਹੀ ਪੈਦਾ ਕਰਨੀ ਪਈ। ਪਰ ਹੁਣ ਚੀਜ਼ਾਂ ਬਦਲ ਰਹੀਆਂ ਹਨ। ਇਸ ਦਹਾਕੇ ਦੇ ਅੰਤ ਤੱਕ ਭਾਰਤ ਤੀਜੀ ਆਰਥਿਕ ਸ਼ਕਤੀ ਬਣ ਜਾਵੇਗਾ। ਅਜਿਹੇ ‘ਚ ਅਮਰੀਕਾ ਦਾ ਟੀਚਾ ਹੋਣਾ ਚਾਹੀਦਾ ਹੈ ਕਿ ਅਜਿਹੀ ਪੀੜ੍ਹੀ ਹਿੰਦੀ ਪੜ੍ਹ ਕੇ ਸਕੂਲਾਂ ‘ਚੋਂ ਨਿਕਲੇ, ਜਿਸ ਨੂੰ ਭਾਰਤ ਦੀ ਚੰਗੀ ਸਮਝ ਹੋਵੇ। ਸਪੈਨਿਸ਼ ਬੋਲਣ ਵਾਲੇ ਦੇਸ਼ ਹੁਣ ਆਰਥਿਕ ਤੌਰ ‘ਤੇ ਸਫਲ ਨਹੀਂ ਰਹੇ ਹਨ। ਹਿੰਦੀ ਭਾਸ਼ਾ ਜਾਣਨ ਵਾਲੇ ਅਮਰੀਕੀ ਨੌਜਵਾਨਾਂ ਲਈ ਆਉਣ ਵਾਲੇ ਸਾਲਾਂ ਵਿੱਚ ਭਾਰਤ ਦੇ ਨਿਰਮਾਣ, ਖੇਤੀਬਾੜੀ ਅਤੇ ਆਈਟੀ ਖੇਤਰ ਵਿੱਚ ਸੰਭਾਵਨਾਵਾਂ ਵਧਣਗੀਆਂ।

# ਆਸਕਰ ਜੇਤੂ ਐਲਨ ਆਰਕਿਨ ਦਾ ਹੋਇਆ ਦਿਹਾਂਤ

**ਲਾਸ ਏਂਜਲਸ–** ਮਸ਼ਹੂਰ ਅਦਾਕਾਰ ਐਲਨ ਆਰਕਿਨ ਬਾਰੇ ਦੁਖਦਾਇਕ ਖ਼ਬਰ ਸਾਹਮਣੇ ਆਈ ਹੈ। ਐਲਨ ਆਰਕਿਨ (89) ਦਾ ਦਿਹਾਂਤ ਹੋ ਗਿਆ ਹੈ। ਉਨ੍ਹਾਂ ਦੇ ਪੁੱਤਰਾਂ ਐਡਮ, ਮੈਥਿਊ ਤੇ ਐਂਥਨੀ ਨੇ ਆਪਣੇ ਪਿਤਾ ਦੇ ਦਿਹਾਂਤ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਇਕ ਸਾਂਝੇ ਬਿਆਨ ਵਿੱਚ ਕਿਹਾ, “ਸਾਡੇ ਪਿਤਾ ਇਕ ਕਲਾਕਾਰ ਅਤੇ ਇਕ ਵਿਅਕਤੀ ਦੇ ਰੂਪ ਵਿੱਚ ਇਕ ਵਿਲੱਖਣ ਪ੍ਰਤਿਭਾਵਾਨ ਇਨਸਾਨ ਸਨ।” ਆਪਣੇ ਮਜ਼ਾਕੀਆ ਅੰਦਾਜ਼ ਲਈ ਮਸ਼ਹੂਰ ਅਤੇ ਬਹੁਪੱਖੀ ਪ੍ਰਤਿਭਾ ਲਈ ਜਾਣੇ ਜਾਂਦੇ ਆਰਕਿਨ ਨੂੰ 2007 ਵਿੱਚ “ਲਿਟਲ ਮਿਸ ਸਨਸ਼ਾਈਨ” ਲਈ ਆਸਕਰ ਪੁਰਸਕਾਰ ਮਿਲਿਆ ਸੀ।



ਐਲਨ ਆਰਕਿਨ ਦੇ ਕਰੀਅਰ ਦੀ ਗੱਲ ਕਰੀਏ ਤਾਂ ਉਹ ਕਈ ਫ਼ਿਲਮਾਂ ‘ਚ ਕੰਮ ਕਰ ਚੁੱਕੇ ਹਨ। ਉਨ੍ਹਾਂ ਨੂੰ 4 ਵਾਰ ਅਕੈਡਮੀ ਐਵਾਰਡ ਲਈ ਨਾਮਜ਼ਦ ਕੀਤਾ ਗਿਆ ਸੀ ਅਤੇ ਕਾਰਲ ਰੇਨਰ ਦੀ ਐਂਟਰ ਲਾਫਿੰਗ ਵਿੱਚ ਉਨ੍ਹਾਂ ਆਪਣੀ ਪਹਿਲੀ ਮੁੱਖ ਭੂਮਿਕਾ ਲਈ 1963 ‘ਚ ਬ੍ਰੌਡਵੇ ਦਾ ਚੋਟੀ ਦਾ ਸਨਮਾਨ ਟੋਨੀ ਐਵਾਰਡ ਜਿੱਤਿਆ ਸੀ। ਉਨ੍ਹਾਂ 1966 ਦੀ ਕੋਲਡ ਵਾਰ ਕਾਮੇਡੀ ਦਿ ਰਸ਼ੀਅਨਜ਼ ਆਰ ਕਮਿੰਗ ਵਿੱਚ ਇਕ ਸੋਵੀਅਤ ਮਲਾਹ ਦੀ ਭੂਮਿਕਾ ਲਈ ਸਰਵੋਤਮ ਅਭਿਨੇਤਾ ਐਵਾਰਡ ਵੀ ਜਿੱਤਿਆ। ਉਨ੍ਹਾਂ ਦੀ ਮੌਤ ਦੀ ਖ਼ਬਰ ਤੋਂ ਬਾਅਦ ਹਾਲੀਵੁੱਡ ਜਗਤ ‘ਚ ਸੋਗ ਦੀ ਲਹਿਰ ਹੈ। ਉਨ੍ਹਾਂ ਦੀ ਮੌਤ ‘ਤੇ ਕਈ ਹਾਲੀਵੁੱਡ ਹਸਤੀਆਂ ਨੇ ਸੋਗ ਜਤਾਇਆ ਹੈ।

# ਪੰਜਾਬੀ ਮੁੰਡਾ ਵਿਦੇਸ਼ 'ਚ ਲੱਖਾਂ ਦੀ ਨੌਕਰੀ ਛੱਡ ਵੇਚ ਰਿਹੈ ਗੋਲਗੱਪੇ!

**ਕੁਰਾਲੀ–** ਪੰਜਾਬ ਦੇ ਬੇਰੋਜ਼ਗਾਰ ਨੌਜਵਾਨ ਵਿਦੇਸ਼ਾਂ ਵੱਲ ਭੱਜ ਰਹੇ ਹਨ। ਅਜਿਹਾ ਹੀ ਕੁਰਾਲੀ ਦਾ ਇਕ ਨੌਜਵਾਨ ਪੈਸੇ ਕਮਾਉਣ ਲਈ ਦੁਬਈ ਗਿਆ ਸੀ ਪਰ ਹੁਣ ਵਿਦੇਸ਼ 'ਚ ਲੱਖਾਂ ਦੀ ਨੌਕਰੀ ਛੱਡ ਕੇ ਇਸ ਸੋਹਣੇ-ਸੁਨੱਖੇ ਨੌਜਵਾਨ ਨੇ ਗੋਲਗੱਪਿਆਂ ਦੀ ਰੇਹੜੀ ਲਾ ਲਈ ਹੈ। ਨੌਜਵਾਨ ਦਾ ਕਹਿਣਾ ਹੈ ਕਿ ਜਿਹੜੇ ਮੁੰਡੇ ਵਿਦੇਸ਼ਾਂ ਨੂੰ ਜਾਂਦੇ ਹਨ, ਜੇਕਰ ਉਹ ਇੱਥੇ ਰਹਿ ਕੇ ਹੀ ਮਿਹਨਤ ਕਰਨ ਤਾਂ ਵਧੀਆ ਰੋਜ਼ੀ-ਰੋਟੀ ਇੱਥੇ ਵੀ ਕਮਾਈ ਜਾ ਸਕਦੀ ਹੈ ਅਤੇ ਆਪਣੇ ਮੁਲਕ ਨਾਲ ਦੀ ਕੋਈ ਰੀਸ ਨਹੀਂ ਹੈ।



ਨੌਜਵਾਨ ਨੇ ਦੱਸਿਆ ਕਿ ਉਸ ਨੇ ਦੁਬਈ 'ਚ 5 ਸਾਲ ਇਕ ਟਰੱਕ ਡਰਾਈਵਰ ਵਜੋਂ ਕੰਮ ਕੀਤਾ ਅਤੇ ਸਵਾ ਲੱਖ ਦੇ ਕਰੀਬ ਉਸ ਦੀ ਤਨਖ਼ਾਹ ਸੀ ਪਰ ਉਸ ਨੂੰ ਸਬਰ ਨਹੀਂ ਸੀ ਕਿਉਂਕਿ ਉਹ ਘਰਦਿਆਂ ਤੋਂ ਦੂਰ ਸੀ। ਇਸ ਲਈ ਉਹ ਲੱਖਾਂ ਦੀ ਨੌਕਰੀ ਛੱਡ ਕੇ ਪੰਜਾਬ ਵਾਪਸ ਪਰਤ ਆਇਆ। ਹੁਣ ਉਸ ਨੇ ਕੁਰਾਲੀ ਸਬਜ਼ੀ ਮੰਡੀ ਨੇੜੇ ਗੋਲਗੱਪਿਆਂ ਦੀ ਰੇਹੜੀ ਲਾ ਲਈ ਹੈ ਅਤੇ 10 ਰੁਪਏ ਦੇ ਚਟਪਟੇ ਗੋਲਗੱਪੇ ਵੇਚ ਰਿਹਾ ਹੈ, ਜਿਸ ਨੂੰ ਲੋਕ ਸੁਆਦ ਨਾਲ ਖਾ ਰਹੇ ਹਨ।







# ਕੀਵੀ ਫਲ ਅਤੇ ਫੁੱਲਾਂ ਦੀ ਖੇਤੀ ਦੇ ਮਾਹਿਰ ਫਾਰਮਰ ਸ. ਅਵਤਾਰ ਸਿੰਘ ਹਾਂਸ ਨਹੀਂ ਰਹੇ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਵਸਦੇ ਭਾਰਤੀਆਂ ਖਾਸ ਕਰ ਪੰਜਾਬੀ ਭਾਈਚਾਰੇ ਲਈ ਬਹੁਤ ਹੀ ਸ਼ੋਕਮਈ ਸਮਾਚਾਰ ਹੈ ਕਿ ਸ. ਅਵਤਾਰ ਸਿੰਘ ਹਾਂਸ (56) ਜੋ ਕਿ ਨਿਊਜ਼ੀਲੈਂਡ ਦੀ ਰਾਜਨੀਤੀ ਦੇ ਵਿਚ ਸਰਗਰਮ ਵੀ ਰਹਿੰਦੇ ਸਨ ਅਤੇ ਇਸਦੇ ਨਾਲ-ਨਾਲ ਕੀਵੀ ਅਤੇ ਫੁੱਲਾਂ ਦੀ ਖੇਤੀ ਦੇ ਮਾਹਿਰ ਕਿਸਾਨ ਵੀ ਸਨ, ਅੱਜ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ। ਉਹ ਕੁਝ ਸਮੇਂ ਤੋਂ ਅਚਾਨਿਕ ਕਿਸੇ ਬਿਮਾਰੀ ਦੇ ਵਿਚ ਘਿਰ ਗਏ ਸਨ। ਟੈਕਸੀ ਕਾਰੋਬਾਰ ਦੇ ਨਾਲ-ਨਾਲ ਉਨ੍ਹਾਂ ਆਪਣੀ ਇੰਡੀਆ ਦੀ ਖੇਤੀਬਾੜੀ ਪੜ੍ਹਾਈ (2.Sc. Agirculture-ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ) ਦਾ ਫਾਇਦਾ ਚੁੱਕਦਿਆਂ ਇਥੇ ਫੁੱਲਾਂ ਦੀ ਸਫਲ ਖੇਤੀ ਕੀਤੀ ਅਤੇ ਆਪਣਾ ਕੀਵੀ ਫਾਰਮ ਲੈ ਕੇ ਸਫਲ ਕਿਸਾਨੀ ਜੀਵਨ ਜੀਵਿਆ। ਉਹ 1999 ਤੋਂ ਇਥੇ ਰਹਿ ਰਹੇ ਸਨ। ਉਹ ਮੈਨੁਕਾਓ ਈਸਟ ਚੋਣ ਹਲਕੇ ਤੋਂ ਨੈਸ਼ਨਲ ਪਾਰਟੀ ਦੇ 11 ਸਾਲ ਚੇਅਰ ਵੀ ਰਹੇ। ਉਨ੍ਹਾਂ ਨਗਰ ਕੌਂਸਿਲ ਦੀ ਚੋਣ ਵੀ ਲੜੀ ਸੀ।

ਅੱਜ ਉਨ੍ਹਾਂ ਆਪਣੇ ਆਖਰੀ ਸਾਹ ਮਿਡਲ ਮੋਰ ਹਸਪਤਾਲ ਵਿਖੇ ਲਏ। ਉਹ



ਆਪਣੇ ਪਿੱਛੇ ਆਪਣੀ ਪਤਨੀ ਸ੍ਰੀ ਨਵਜੀਤ ਕੌਰ, ਇਕ ਪੁੱਤਰ ਸ. ਕਰਨ ਸਿਘ ਹਾਂਸ ਅਤੇ ਇਕ ਬੇਟੀ ਛੱਡ ਗਏ ਹਨ। ਅੰਤਿਮ ਸੰਸਕਾਰ ਬਾਰੇ ਸੂਚਨਾ ਪਰਿਵਾਰ ਵੱਲੋਂ ਬਾਅਦ ਵਿਚ ਦਿੱਤੀ ਜਾਵੇਗੀ। ਉਨ੍ਹਾਂ ਦੇ ਤੁਰ ਜਾਣ ਉਤੇ ਸਮੁੱਚੇ ਪੰਜਾਬੀ ਭਾਈਚਾਰੇ ਦੇ ਵਿਚ ਸੋਗ ਦੀ ਲਹਿਰ ਹੈ।

**ਸ. ਕੰਵਲਜੀਤ ਸਿੰਘ ਬਖਸ਼ੀ ਵੱਲੋਂ ਗਹਿਰਾ ਸੋਗ ਪ੍ਰਗਟ**

ਸ. ਕੰਵਲਜੀਤ ਸਿੰਘ ਬਖਸ਼ੀ ਸਾਬਕਾ ਸੰਸਦ ਮੈਂਬਰ ਹੋਰਾਂ ਸ. ਅਵਤਾਰ ਸਿੰਘ ਹਾਂਸ ਹੋਰਾਂ ਦੇ ਅਚਨਚੇਤ ਤੁਰ ਜਾਣ ਉਤੇ ਗਹਿਰਾ ਸੋਗ ਪ੍ਰਗਟ ਕਰਦਿਆ ਕਿਹਾ ਹੈ ਕਿ ਉਹ ਨੈਸ਼ਨਲ ਪਾਰਟੀ ਦੇ ਇਕ ਇਮਾਨਦਾਰ ਅਤੇ ਨਿਸ਼ਕਾਮ ਸੇਵਕ ਸਨ। ਉਨ੍ਹਾਂ ਨੈਸ਼ਨਲ ਪਾਰਟੀ ਦੇ ਲਈ ਮੈਨੁਕਾਓ ਈਸਟ ਚੋਣ ਹਲਕੇ ਦੀ ਚੇਅਰ ਕਰਦਿਆਂ ਬਹੁਤ ਸਾਰੇ ਇਕੱਠ ਕੀਤੇ, ਮੀਟਿੰਗਾਂ ਦੇ ਵਿਚ ਸ਼ਾਮਿਲ ਹੁੰਦੇ ਰਹੇ, ਹਰ ਚੋਣ ਦੇ ਵਿਚ ਵੱਡਾ ਸਾਥ ਦਿੱਤਾ। ਸ. ਅਵਤਾਰ ਸਿੰਘ ਹਾਂਸ ਦੇ ਤੁਰ ਜਾਣ ਉਤੇ ਪਾਰਟੀ ਦੇ ਵਿਚ ਇਕ ਵਧੀਆ ਨੇਤਾ ਅਤੇ ਉਨ੍ਹਾਂ ਦੇ ਲਈ ਵੱਡਾ ਨਿੱਜੀ ਖਲਾਅ ਪੈਦਾ ਹੋਇਆ ਹੈ। ਉਹ ਇਸ ਦੁੱਖ ਦੀ ਘੜੀ ਪਰਿਵਾਰ ਦੇ ਨਾਲ ਡੂੰਘੀ ਹਮਦਰਦੀ ਪ੍ਰਗਟ ਕਰਦੇ ਹਨ।

# 2021 ਰੈਜੀਡੈਂਟ ਵੀਜ਼ੇ ਰਾਹੀਂ 201,321ਤੋਂ ਵੱਧ ਲੋਕ ਹੋ ਚੁੱਕੇ ਹਨ ਪੱਕੇ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਇਮੀਗ੍ਰੇਸ਼ਨ ਵਾਲਿਆਂ ਨੇ '2021 ਰੈਜ਼ੀਡੈਂਟ ਵੀਜ਼ਾ' ਅਰਜ਼ੀਆਂ ਦੇ ਵੱਡੇ ਪਹਾੜ ਨੂੰ ਇਕ-ਇਕ ਕਰਕੇ ਹੇਠਾਂ ਖਿਸਕਾ, ਆਪਣੇ ਕੰਪਿਊਟਰਾਂ ਦੇ ਵਿਚ ਠੀਕੇ-ਠੀਕੇ ਲਾ ਕੇ ਬੰਦ ਕਰ ਲਿਆ ਹੈ। ਜਿਵੇਂ ਕਹਿੰਦੇ ਨੇ ਹਾਥੀ ਨਿਕਲ ਗਿਆ ਅਤੇ ਪੂਛ ਹੀ ਨਿਕਲਣੀ ਬਾਕੀ ਹੈ। 01 ਜੁਲਾਈ 2023 ਤੱਕ ਪ੍ਰਾਪਤ ਹੋਏ ਅੰਕੜੇ ਦਸਦੇ ਹਨ ਕਿ ਇਸ ਵੀਜ਼ਾ ਸ਼੍ਰੇਣੀ ਤਹਿਤ ਕੁੱਲ 106,552 ਅਰਜ਼ੀਆਂ (ਅੱਪਡੇਟਿਡ) ਪ੍ਰਾਪਤ ਹੋਈਆਂ ਹਨ। ਇਨ੍ਹਾਂ ਅਰਜ਼ੀਆਂ ਦੇ ਵਿਚ ਪੱਕੇ ਹੋਣ ਵਾਲਿਆਂ ਦੀ ਅੱਪਡੇਟ ਗਿਣਤੀ 217,768 ਬਣਦੀ ਹੈ।




ਉਪਰੋਕਤ ਅਰਜ਼ੀਆਂ ਦੇ ਵਿਚੋਂ ਇਮੀਗ੍ਰੇਸ਼ਨ ਵਿਭਾਗ ਵਾਲਿਆਂ ਨੇ ਬਹੁਤਾ ਕੰਮ ਖਿਚਦਿਆਂ 99,795 ਅਰਜ਼ੀਆਂ ਦਾ ਨਿਬੇੜਾ ਕਰ ਦਿੱਤਾ ਹੈ ਅਤੇ 201,321 ਲੋਕਾਂ ਨੂੰ ਰੈਜ਼ੀਡੈਂਟ ਵੀਜ਼ਾ ਦੇ ਕੇ ਉਨ੍ਹਾਂ ਦਾ ਚਾਅ ਪੂਰਾ ਕਰ ਦਿੱਤਾ ਹੈ। ਇਸ ਦੌਰਾਨ 441 ਅਰਜ਼ੀਆਂ ਅਯੋਗ ਵੀ ਪਾਈਆਂ ਗਈਆਂ ਹਨ।

ਕਿੰਨੇ ਕੁ ਰਹਿ ਗਏ? ਲਗਪਗ 16,006 ਲੋਕਾਂ ਦੀ ਕਿਸਮਤ ਦਾ ਫੈਸਲਾ 6,316 ਬਚੀਆਂ ਅਰਜ਼ੀਆਂ ਦੇ ਵਿਚ ਲਪੇਟਿਆ ਪਿਆ ਹੈ, ਇਨ੍ਹਾਂ ਨੂੰ 'ਅਪਰੂਵਲ' ਵਾਲੀ ਈਮੇਲ ਆਉਣ ਦੀ ਹਮੇਸ਼ਾਂ ਬਿੜਕ ਬਣੀ ਰਹਿੰਦੀ ਹੈ, ਲਗਦਾ ਹੈ ਇਹ ਸਾਰਾ ਕਾਰਜ ਜੂਨ ਮਹੀਨੇ ਤੱਕ ਹੋ ਜਾਵੇਗਾ। ਪਹਿਲੇ ਗੇੜ ਦੀਆਂ ਅਰਜ਼ੀਆਂ 1 ਦਸੰਬਰ 2021 ਨੂੰ ਸ਼ੁਰੂ ਹੋਈਆਂ ਸਨ ਅਤੇ ਦੂਜੇ ਗੇੜ ਦੀਆਂ 1 ਮਾਰਚ 2022 ਨੂੰ ਸ਼ੁਰੂ ਹੋਈਆਂ ਸਨ ਤੇ 31 ਜੁਲਾਈ 2022 ਨੂੰ ਬੰਦ ਕਰ ਦਿੱਤੀਆਂ ਗਈਆਂ ਸਨ। ਪ੍ਰਤੀ ਅਰਜ਼ੀ ਫੀਸ 2160 ਡਾਲਰ ਰੱਖੀ ਗਈ ਸੀ।

**ਭਾਰਤੀਆਂ ਦੀ ਸੰਖਿਆ:** ਇਸ ਵੀਜ਼ਾ ਸ਼੍ਰੇਣੀ ਅਧੀਨ 55,500 ਅਰਜ਼ੀਆਂ ਭਾਰਤੀਆਂ ਦੀਆਂ ਹਨ। ਆਸ ਹੈ ਕਿ 55,000 ਦੇ ਕਰੀਬ ਪੱਕੇ ਹੋ ਜਾਣਗੇ।

# ਮਾਲਵਾ ਕਲੱਬ ਤੋਂ ਅਮਨਜੋਤ ਸਿੰਘ ਨੇ ਇਕ ਦਿਨਾਂ ਅੰਤਰ-ਰਾਸ਼ਟਰੀ ਵਾਲੀਵਾਲ ਸ਼ੂਟਿੰਗ (ਮੀਡੀਅਮ) ਮੈਚ ਕਰਵਾਏ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਦੇ ਵਿਚ ਵਾਲੀਵਾਲ ਸ਼ੂਟਿੰਗ ਮੀਡੀਅਮ ਨੂੰ ਸ਼ਿਖਰ ਉਤੇ ਲਿਜਾਉਣ ਦੇ ਉਦੇਸ਼ ਨਾਲ ਮਾਲਵਾ ਸਪੋਰਟਸ ਐਂਡ ਕਲਚਰਲ ਕਲੱਬ ਦੇ ਸਰਗਰਮ ਖਿਡਾਰੀ ਸ. ਅਮਨਜੋਤ ਸਿੰਘ ਨੇ ਇਸ ਸਾਲ ਦੂਸਰੇ ਟੂਰਨਾਮੈਂਟ ਦਾ ਆਯੋਜਿਨ ਕਰਕੇ ਜਿੱਥੇ ਇਥੇ ਵਸਦੇ ਨਵੇਂ ਖਿਡਾਰੀਆਂ ਨੂੰ ਇਸ



ਖੇਡ ਨਾਲ ਜੋੜਿਆ ਉਥੇ ਗੁਆਂਢੀ ਮੁਲਕ ਆਸਟਰੇਲੀਆ ਤੋਂ ਟੀਮ ਨੂੰ ਇਥੇ ਬੁਲਾ ਕੇ ਮੁਕਬਾਲੇਬਾਜ਼ੀ ਦਾ ਜ਼ਜਬਾ ਵੀ ਸਾਰੇ ਖਿਡਾਰੀਆਂ ਦੇ ਵਿਚ ਭਰ ਦਿੱਤਾ। ਇਸ ਟੂਰਨਾਮੈਂਟ ਦੇ ਵਿਚ ਮੁੱਖ ਸਹਿਯੋਗ ਮਾਲਵਾ ਕਲੱਬ ਦਾ ਰਿਹਾ। ਇਹ ਇਕ ਦਿਨਾ ਮੈਚ ਬਰੂਸ ਪੁਲਮਨ ਪਾਰਕ ਟਾਕਾਨੀਨੀ ਵਿਖੇ ਬੀਤੇ ਐਤਵਾਰ ਕਰਵਾਏ ਗਏ। ਕੁੱਲ 8 ਟੀਮਾਂ ਨੇ ਭਾਗ ਲਿਆ। ਵਾਲੀਵਾਲ ਸ਼ੂਟਿੰਗ ਮੀਡੀਅਮ ਦਾ ਅੰਤਿਮ ਮੁਕਾਬਲਾ ਆਸਟਰੇਲੀਆ ਤੋਂ ਆਈ ਟੀਮ (ਬੀ.ਬੀ.ਡੀ.ਸੀ ਕਲੱਬ) ਨੇ ਆਪਣੇ ਨਾਂਅ ਕੀਤਾ ਤੇ ਪਹਿਲਾ ਨਕਦ ਇਨਾਮ ਅਤੇ ਟ੍ਰਾਫੀ ਹਾਸਿਲ ਕੀਤੀ। ਇਸ ਮੁਕਾਬਲੇ ਦੇ ਵਿਚ ਮਾਲਵਾ ਕਲੱਬ ਕਲੱਬ ਦੀ ਟੀਮ-ਏ ਉਪ ਜੇਤੂ ਰਹੀ ਅਤੇ ਨਕਦ ਇਨਾਮ ਅਤੇ ਟ੍ਰਾਫੀ ਹਾਸਿਲ ਕੀਤੀ। ਤੀਸਰੇ ਨੰਬਰ ਉਤੇ ਵੀ ਮਾਲਵਾ ਕਲੱਬ ਦੀ ਬੀ-ਟੀਮ ਆਪਣੀ ਥਾਂ ਬਨਾਉਣ ਦੇ ਵਿਚ ਕਾਮਯਾਬ ਰਹੀ ਅਤੇ ਵਧੀਆ ਪ੍ਰਦਰਸ਼ਨ ਕਰ ਗਈ।

ਬੈਸਟ ਰਹੇ ਖਿਡਾਰੀ: ਬੈਸਟ ਨੈਟਮੈਨ ਮਨਪ੍ਰੀਤ ਔਲਖ (ਮਾਲਵਾ ਕਲੱਬ) ਰਿਹਾ, ਬੈਸਟ ਅਟੈਕਰ ਜਿੰਦਰ ਢਿੱਲੋਂ ਆਸਟਰੇਲੀਆ ਅਤੇ ਬੈਸਟ ਡਿਫੈਂਸਰ ਰਮਨ ਧਾਲੀਵਾਲ ਆਸਟਰੇਲੀਆ ਰਿਹਾ। ਇਨ੍ਹਾਂ ਨੂੰ ਵੀ ਵਿਸ਼ੇਸ਼ ਟ੍ਰਾਫੀ ਦੇ ਕੇ ਸਨਮਾਨਿਤ ਕੀਤਾ ਗਿਆ।

**ਮਾਲਵਾ ਕਲੱਬ ਵੱਲੋਂ ਵਧਾਈ:** ਮਾਲਵਾ ਸਪੋਰਟਸ ਐਂਡ ਕਲਚਰਲ ਕਲੱਬ ਦੇ ਸਮੂਹ ਮੈਂਬਰਾਂ ਵੱਲੋਂ ਸ਼ਾਨਦਾਰ ਟੂਰਨਾਮੈਂਟ ਕਰਵਾਉਣ ਦੇ ਲਈ ਸ. ਅਮਨਜੋਤ ਸਿੰਘ, ਮਾਲਵਾ ਕੱਲਬ ਦੀ ਟੀਮ-ਏ ਦੇ ਕੈਪਟਨ ਮਨਦੀਪ ਗਿੱਲ ਰੌਲੀ, ਮਾਲਵਾ ਕਲੱਬ ਬੀ ਟੀਮ ਦੇ ਕੈਪਟਨ ਅਮਨ ਬਰਾੜ ਅਤੇ ਮਾਲਵਾ ਕਲੱਬ ਦੀ ਟੀਮ-ਸੀ ਦੇ ਕੈਪਟਨ ਰਾਜ ਗਿੱਲ ਅਤੇ ਸਾਰੇ ਖਿਡਾਰੀਆਂ ਨੂੰ ਵਧਾਈ ਦਿੱਤੀ ਹੈ।

# ਕਾਮਿਆਂ ਦੇ ਸ਼ੋਸ਼ਣ ਮਾਮਲੇ 'ਚ ਇਮੀਗ੍ਰੇਸ਼ਨ ਨਿਊਜ਼ੀਲੈਂਡ ਕੰਪਨੀਆਂ ਦੀ ਮਾਨਤਾ ਰੱਦ ਕਰਨ ਲੱਗੀ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਇਮੀਗ੍ਰੇਸ਼ਨ ਨੇ ਕਾਮਿਆਂ ਨੂੰ ਇਥੇ ਸੱਦਣ ਦੇ ਲਈ ਮਾਨਤਾ ਪ੍ਰਾਪਤ ਰੁਜ਼ਗਾਰ ਦਾਤਾਵਾਂ ਵਾਸਤੇ ਰਾਹ ਤਾਂ ਸੌਖਾ ਕਰ ਦਿੱਤਾ ਸੀ, ਪਰ ਉਨ੍ਹਾਂ ਨੂੰ ਸ਼ਾਇਦ ਪਤਾ ਨਹੀਂ ਸੀ ਕਿ ਇਹ ਉਨ੍ਹਾਂ ਨੂੰ ਔਖੀ ਜਾਂਚ-ਪੜ੍ਹਤਾਲ ਦੇ ਵਿਚ ਵੀ ਧਕੇਲ ਦੇਵੇਗਾ।

ਵਰਕ ਪਰਮਿਟ ਹਾਸਿਲ ਕਰਨ ਦੇ ਸਮੁੱਚੇ ਵਰਤਾਰੇ ਦੇ ਵਿਚ ਆਫਸ਼ੋਰ (ਮੂਲ ਵਤਨ) ਵਿਖੇ ਕਾਮਿਆਂ ਦੇ ਲਈ ਐਨੇ ਵੱਡੇ ਪੱਧਰ ਉਤੇ ਏਜੰਟਾਂ ਦੇ ਨਾਲ ਸੌਦੇਬਾਜ਼ੀ ਹੋ ਗਈ ਹੈ ਕਿ ਹੁਣ ਇਮੀਗ੍ਰੇਸ਼ਨ ਨਿਊਜ਼ੀਲੈਂਡ ਸੈਂਕੜੇ ਕੰਪਨੀਆਂ ਦੀਆਂ ਫਾਈਲਾਂ ਖੋਲ੍ਹ ਕੇ ਜਾਂਚ-ਪੜਤਾਲ ਦੇ ਵਿਚ ਨਵੇਂ ਕਿੱਤੇ ਲੱਗ ਗਿਆ ਹੈ। ਜਾਂਚ ਦੇ ਚੱਕਰ ਵਿਚ ਦੋਸ਼ੀ ਪਾਏ ਜਾਣ ਵਾਲੀਆਂ ਕੰਪਨੀਆਂ ਦੀ ਮਾਨਤਾ ਰੱਦ ਕਰਨੀ ਸ਼ੁਰੂ ਕਰ ਦਿੱਤੀ ਗਈ ਹੈ, ਇਸੇ ਲਾਈਨ ਦੇ ਵਿਚ ਹੋਰ ਵੀ ਕਈ ਹਨ। ਜਿਸ ਕੰਪਨੀ ਦੀ ਮਾਨਤਾ ਰੱਦ ਹੋਈ ਹੈ, ਉਸਨੇ ਕਾਮਿਆਂ ਨੂੰ ਇਥੇ ਪੁੱਜਣ ਉਤੇ ਕੰਮ ਦੇਣ ਤੋਂ ਨਾਂਹ ਕਰ ਦਿੱਤੀ ਹੈ




ਅਤੇ ਮਾਮਲਾ ਕਾਮਿਆਂ ਦੇ ਸ਼ੋਸ਼ਣ ਦਾ ਬਣ ਗਿਆ ਹੈ। ਅਜਿਹੇ ਸੈਂਕੜੇ ਕਾਮੇ ਇਮੀਗ੍ਰੇਸ਼ਨ ਦੇ ਧਿਆਨ ਵਿਚ ਆ ਰਹੇ ਹਨ। ਇਹ ਕਾਮੇ ਭਾਰਤ, ਨੇਪਾਲ, ਸ੍ਰੀ ਲੰਕਾ ਅਤੇ ਸਾਊਥ ਅਮਰੀਕਾ ਨਾਲ ਸਬੰਧਿਤ ਜਿਆਦਾ ਦੱਸੇ ਜਾਂਦੇ ਹਨ। ਇਮੀਗ੍ਰੇਸ਼ਨ ਮੈਨੇਜਰ ਕੋਲ ਰਿਪੋਰਟਾਂ ਆਈਆਂ ਹਨ ਕਿ ਇਥੇ ਆਉਣ ਵਾਲੇ ਕਾਮਿਆਂ ਨੇ 14 ਤੋਂ 30 ਹਜ਼ਾਰ ਡਾਲਰ ਤੱਕ ਵੀਜਾ ਲੈਣ ਲਈ ਖਰਚੇ ਏਜੰਟਾਂ ਆਦਿ ਰਾਹੀਂ ਖਰਚੇ ਹਨ ਪਰ ਇਥੇ ਉਨ੍ਹਾਂ ਨੂੰ ਕੰਮ ਦੀ ਆਰੰਭਤਾ ਵੀ ਨਹੀਂ ਕਰਨ ਦਿੱਤੀ ਗਈ। ਇਸ ਵੇਲੇ ਤੱਕ 53 ਕੰਪਨੀਆਂ ਦੀ ਜਾਂਚ ਪੜ੍ਹਤਾਲ ਹੋ ਚੁੱਕੀ ਹੈ ਅਤੇ 16 ਹੋਰ ਚੈਕ ਕੀਤੀਆਂ ਜਾ ਰਹੀਆਂ ਹਨ ਜਿਨ੍ਹਾਂ ਦੀ ਮਾਨਤਾ ਰੱਦ ਹੋ ਸਕਦੀ ਹੈ। ਇਸ ਵੇਲੇ ਕੁੱਲ 23,744 ਮਾਨਤਾ ਪ੍ਰਪਾਤ ਰੁਜ਼ਗਾਰ ਦਾਤਾ ਹਨ। ਜਿਸ ਹਿਸਾਬ ਦੇ ਨਾਲ ਮਾਮਲੇ ਵਧ ਰਹੇ ਹਨ ਲਗਦਾ ਹੈ ਕਿ ਇਮੀਗ੍ਰੇਸ਼ਨ ਇਸ ਸੌਖੇ ਰਾਹ ਨੂੰ ਜਲਦੀ ਹੀ ਔਖੇ ਰਾਹ ਦੇ ਵਿਚ ਤਬਦੀਲ ਕਰ ਸਕਦੀ ਹੈ।

# ਦੁਕਾਨਦਾਰ/ ਫੜੀ ਵਾਲੇ ਸਮਾਨ ਆਪਣੇ ਅਧਿਕਾਰ ਖੇਤਰ 'ਚ ਲਗਾਉਣ

**ਪਠਾਨਕੋਟ, ਜੁਲਾਈ (ਰਾਜਿੰਦਰ ਸਿੰਘ ਰਾਜਨ)** ਡਿਪਟੀ ਕਮਿਸਨਰ ਪਠਾਨਕੋਟ ਸ. ਹਰਬੀਰ ਸਿੰਘ ਨੇ ਹੁਕਮ ਜਾਰੀ ਕਰਦਿਆਂ ਕਿਹਾ ਕਿ ਅਕਸਰ



ਹੀ ਦੇਖਣ ਵਿੱਚ ਆਇਆ ਹੈ ਕਿ ਪਠਾਨਕੋਟ ਸ਼ਹਿਰ ਵਿੱਚ ਦੁਕਾਨਦਾਰਾਂ ਅਤੇ ਫੜੀਆਂ ਵਾਲਿਆ ਵੱਲੋਂ ਸਮਾਨ ਨੂੰ ਅੱਗੇ ਸੜਕ ਤੱਕ ਵਧਾ ਕੇ ਲਗਾਇਆ ਜਾਂਦਾ ਹੈ। ਜਿਸ ਨਾਲ ਟ੍ਰੈਫਿਕ ਜਾਮ ਤਾਂ ਲੱਗਦਾ ਹੀ ਹੈ ਉਥੇ ਹੀ ਐਮਰਜੈਂਸੀ ਹਾਲਾਤਾਂ ਵਿੱਚ ਵੀ ਭਾਰੀ ਪ੍ਰੇਸਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਉਨ੍ਹਾਂ ਕਿਹਾ ਕਿ ਭੀੜ ਭੜੱਕੇ ਕਾਰਨ ਐਮਬੂਲੈਂਸ ਅਤੇ ਫਾਇਰ ਟੈਂਡਰ ਦਾ ਵੀ ਲੰਘਣਾ ਮੁਸ਼ਕਿਲ ਹੋ ਜਾਂਦਾ ਹੈ। ਇਸ ਲਈ ਲੋਕ ਹਿੱਤ ਨੂੰ ਮੁੱਖ ਰੱਖਦੇ ਹੋਏ ਜੁਆਇੰਟ ਕਮਿਸ਼ਨਰ, ਨਗਰ ਨਿਗਮ, ਪਠਾਨਕੋਟ ਅਤੇ ਡੀ.ਐਸ.ਪੀ (ਸਿਟੀ), ਪਠਾਨਕੋਟ ਦੀ ਜੁਆਇੰਟ ਟੀਮ ਸਪੈਸ਼ਲ ਡਰਾਇਵ ਚਲਾਉਣ ਹਿੱਤ ਬਣਾਈ ਜਾਂਦੀ ਹੈ।

ਉਨ੍ਹਾਂ ਕਿਹਾ ਕਿ ਨਗਰ ਨਿਗਮ, ਪਠਾਨਕੋਟ ਦੀ ਸਬੰਧਤ ਸਾਖਾ ਯਕੀਨੀ ਬਣਾਵੇਗੀ ਕਿ ਭਵਿੱਖ ਵਿੱਚ ਕੋਈ ਵੀ ਦੁਕਾਨਦਾਰ/ਫੜੀ ਵਾਲਾ ਰੋਡ ਤੇ ਆਪਣਾ ਸਮਾਨ ਲਗਾਉਂਦਾ ਹੈ ਤਾਂ ਉਸ ਵਿਰੁੱਧ ਸਖਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ। ਇਸ ਲਈ ਕੋਈ ਵੀ ਦੁਕਾਨਦਾਰ ਜਾਂ ਫੜੀ ਵਾਲਾ ਉਹ ਆਪਣਾ ਸਮਾਨ ਆਪਣੇ ਅਧਿਕਾਰ ਖੇਤਰ ਤੋਂ ਬਾਹਰ ਨਹੀਂ ਲਗਾਉਣਗੇ।

# ਭੀਮ ਆਰਮੀ ਦੇ ਚੀਫ਼ ਚੰਦਰਸ਼ੇਖਰ ਆਜ਼ਾਦ 'ਤੇ ਹਮਲੇ ਦੀ ਕਾਂਗਰਸੀ ਆਗੂ ਸੋਮ ਦੱਤ ਸੋਮੀ ਨੇ ਕੀਤੀ ਕਰੜੀ ਕੀਤੀ

**ਜਲੰਧਰ, ਫਿਲੌਰ, ਅੱਪਰਾ (ਜੱਸੀ)–** ਯੂ. ਪੀ ਦੇ ਸਹਾਰਨ-ਪੁਰ ਵਿਖੇ ਭੀਮ ਆਰਮੀ ਦੇ ਮੁਖੀ ਚੰਦਰਸ਼ੇਖਰ ਆਜ਼ਾਦ 'ਤੇ ਅਣਪਛਾਤੇ ਕਾਰ ਸਵਾਰ ਹਮਲਾਵਰਾਂ ਵਲੋਂ ਕੀਤੇ ਗਏ ਹਮਲੇ ਦੀ ਉਘੇ ਕਾਂਗਰਸੀ ਆਗੂ ਸੋਮ ਦੱਤ ਸੋਮੀ ਕੋ ਚੇਅਰਮੈਨ ਐਸ ਸੀ ਡਿਪਾਰਟਮੈਂਟ ਜਲੰਧਰ ਨੇ ਕਰੜੇ ਸ਼ਬਦਾਂ 'ਚ ਨਿੰਦਾ ਕੀਤੀ ਹੈ । ਉਨਾਂ ਕਿਹਾ ਕਿ ਸਮਾਜ ਦੀ ਆਵਾਜ਼ ਨੂੰ ਬੁਲੰਦ ਕਰਨ ਵਾਲੇ ਹੀਰੋ ਕੁਝ ਸਮਾਜ ਦੇ ਦੋਖੀ ਲੋਕਾਂ ਨੂੰ ਬਰਦਾਸ਼ਤ ਨਹੀਂ ਹੋ ਰਹੇ । ਉਨਾਂ ਕਿਹਾ ਕਿ ਇਹ ਹੀਰੋ ਸਮਾਜ ਦੇ ਹੀਰੇ ਹਨ



ਤੇ ਸਮਾਜ ਇਨਾਂ ਦੇ ਨਾਲ ਹਮੇਸ਼ਾ ਹੀ ਚੱਟਾਨ ਦੇ ਵਾਂਗ ਖੜਾ ਹੈ । ਉਨਾਂ ਅੱਗੇ ਕਿਹਾ ਕਿ ਸਮਾਜ ਦੀ ਆਵਾਜ਼ ਨੂੰ ਬੁਲੰਦ ਕਰਨ ਵਾਲੇ ਅਜਿਹੇ ਆਗੂਆਂ ਨੂੰ ਅਜਿਹੀਆਂ ਕੋਝੀਆਂ ਹਰਕਤਾਂ ਵੀ ਰੋਕ ਨਹੀਂ ਸਕਦੀਆਂ ਤੇ ਸਮਾਜ ਸੁਧਾਰਕ ਅਜਿਹੇ ਆਗੂ ਹੋਰ ਨਵੇਂ ਜੋਸ਼ ਨਾਲ ਸਮਾਜ ਲਈ ਕੰਮ ਕਰਦੇ ਰਹਿਣਗੇ । ਉਨਾਂ ਸਰਕਾਰ ਤੇ ਪ੍ਰਸ਼ਾਸ਼ਨ ਤੋਂ ਮੰਗ ਕੀਤੀ ਕਿ ਉਕਤ ਹਮਲਾਵਰਾਂ ਨੂੰ ਗ੍ਰਿਫਤਾਰ ਕਰਕੇ ਜਲਦ ਤੋਂ ਜਲਦ ਕਾਨੂੰਨੀ ਕਾਰਵਾਈ ਅਮਲ 'ਚ ਲਿਆਂਦੀ ਜਾਵੇ।

# ਵਿਜੀਲੈਂਸ ਵੱਲੋਂ 12,500 ਰੁਪਏ ਰਿਸ਼ਵਤ ਲੈਣ ਦੇ ਦੋਸ਼ ਹੇਠ ਸਬ ਫਾਇਰ ਅਫ਼ਸਰ ਕਾਬੂ

**ਚੰਡੀਗੜ੍ਹ,(ਦਲਜੀਤ ਕੌਰ)** ਪੰਜਾਬ ਵਿਜੀਲੈਂਸ ਬਿਊਰੋ ਨੇ ਅੱਜ ਮਾਲੇਰਕੋਟਲਾ ਵਿਖੇ ਤਾਇਨਾਤ ਸਬ ਫਾਇਰ ਅਫ਼ਸਰ ਰਾਣਾ ਨਰਿੰਦਰ ਸਿੰਘ ਨੂੰ ਸੰਗਰੂਰ ਜ਼ਿਲ੍ਹੇ ਦੇ ਪਿੰਡ ਸ਼ੇਰਪੁਰ ਦੇ ਵਸਨੀਕ ਤੋਂ 12,500 ਰੁਪਏ ਰਿਸ਼ਵਤ ਲੈਣ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਅਧਿਕਾਰਤ ਬੁਲਾਰੇ ਨੇ ਦੱਸਿਆ ਕਿ ਇਸ ਸਬ ਫਾਇਰ ਅਫ਼ਸਰ ਨੂੰ ਲਵਲੀ ਸਿੰਘ ਵਾਸੀ ਪਿੰਡ ਸ਼ੇਰਪੁਰ ਦੀ ਸ਼ਿਕਾਇਤ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਪੁਲਿਸ ਸਟੇਸ਼ਨ ਵਿਜੀਲੈਂਸ ਬਿਊਰੋ, ਪਟਿਆਲਾ ਰੇਂਜ ਵਿਖੇ ਸ਼ਿਕਾਇਤ ਦਰਜ ਕਰਵਾਈ ਕਿ ਉਕਤ ਅਧਿਕਾਰੀ ਉਸ ਨੂੰ ਅੱਗ ਬੁਝਾਊ (ਫਾਇਰ ਸਰਵਿਸਜ਼) ਵਿਭਾਗ ਵਿੱਚ ਨੌਕਰੀ ਦਿਵਾਉਣ ਬਦਲੇ ਪਹਿਲਾਂ ਹੀ 1,70,000 ਰੁਪਏ ਰਿਸ਼ਵਤ ਲੈ ਚੁੱਕਾ ਹੈ। ਹੁਣ ਉਸ ਨੇ ਸ਼ਿਕਾਇਤਕਰਤਾ ਦੀ ਪੁਲਿਸ ਵੈਰੀਫਿਕੇਸ਼ਨ ਕਰਵਾਉਣ ਲਈ 12,500 ਰੁਪਏ ਦੀ ਹੋਰ ਮੰਗ ਕੀਤੀ।

ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਪੜਤਾਲ ਉਪਰੰਤ ਵਿਜੀਲੈਂਸ ਬਿਊਰੋ, ਪਟਿਆਲਾ ਰੇਂਜ ਦੀ ਟੀਮ ਨੇ ਜਾਲ ਵਿਛਾ ਕੇ ਉਕਤ ਸਬ ਫਾਇਰ ਅਫ਼ਸਰ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 12,500 ਰੁਪਏ ਰਿਸ਼ਵਤ ਲੈਂਦਿਆਂ ਕਾਬੂ ਕਰ ਲਿਆ।

ਇਸ ਸਬੰਧੀ ਉਕਤ ਸਬ ਫਾਇਰ ਅਫ਼ਸਰ ਖ਼ਿਲਾਫ਼ ਥਾਣਾ ਵਿਜੀਲੈਂਸ ਬਿਊਰੋ, ਪਟਿਆਲਾ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ ਅਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਜਲੰਧਰ ਨੇ ਕੌਮੀ ਵਿਰੋਧ ਦਿਵਸ ਮਨਾਇਆ

## ਕੱਚੇ ਮੁਲਾਜ਼ਮਾਂ ਨੂੰ ਪੂਰੇ ਗਰੇਡਾਂ ਵਿੱਚ ਤੁਰੰਤ ਰੈਗੂਲਰ ਕੀਤਾ ਜਾਵੇ - ਵਿਰਦੀ/ ਹੀਰਾ

**ਫ਼ਗਵਾੜਾ 4 ਜੁਲਾਈ (ਬੀ.ਕੇ.ਰੱਤੂ)-** ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ਼ ਫੈਡਰੇਸ਼ਨ ਵਲੋਂ ਮੁਲਾਜ਼ਮਾਂ, ਮਜ਼ਦੂਰਾਂ ਆਮ ਜਨ ਸਧਾਰਨ ਦੀਆਂ ਸਾਂਝੀਆਂ ਮੰਗਾਂ ਅਤੇ ਸਮੱਸਿਆਵਾਂ ਨੂੰ ਲੈ ਕੇ 0 4 ਜੁਲਾਈ ਨੂੰ ਦੇਸ਼ ਭਰ ਵਿੱਚ ਕੌਮੀ ਵਿਰੋਧ ਦਿਵਸ ਮਨਾਉਣ ਦੇ ਦਿੱਤੇ ਸੱਦੇ ਅਨੁਸਾਰ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਜ਼ਿਲ੍ਹਾ ਜਲੰਧਰ ਨੇ ਬਲਾਕ ਨੂਰਮਹਿਲ ਦੇ ਪ੍ਰਧਾਨ ਮਨੋਜ ਕੁਮਾਰ ਸਰੋਏ ਦੀ ਅਗਵਾਈ ਵਿੱਚ ਨੂਰਮਹਿਲ ਵਿਖੇ ਜੋਰਦਾਰ ਨਾਅਰੇ ਬਾਜ਼ੀ ਕਰਦਿਆਂ ਕੌਮੀ ਵਿਰੋਧ ਦਿਵਸ ਮਨਾਇਆ।

ਕੌਮੀ ਵਿਰੋਧ ਦਿਵਸ ਮਨਾਉਣ ਸਮੇਂ ਇਕੱਠੇ ਹੋਏ ਮੁਲਾਜ਼ਮਾਂ ਨੂੰ ਸੰਬੋਧਨ ਕਰਦੇ ਹੋਏ ਪ.ਸ.ਸ.ਫ.ਦੇ ਸੂਬਾ ਜਨਰਲ ਸਕੱਤਰ ਅਤੇ ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ਼ ਫੈਡਰੇਸ਼ਨ ਦੀ ਕੌਮੀ ਕਾਰਜਕਾਰਨੀ ਦੇ ਮੈਂਬਰ ਸਾਥੀ ਤੀਰਥ ਸਿੰਘ ਬਾਸੀ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਅਤੇ ਵੱਖ-ਵੱਖ ਰਾਜਾਂ ਦੀਆਂ ਸਰਕਾਰਾਂ ਦੇ ਦੌਰਾਨ ਅਤਿ ਦੀ ਮਹਿੰਗਾਈ ਵਧੀ ਹੈ। ਕੇਂਦਰ ਦੀ ਮੋਦੀ ਸਰਕਾਰ ਵੱਲੋਂ ਪਬਲਿਕ ਸੈਕਟਰ ਦੇ ਅਦਾਰੇ ਕੌਡੀਆਂ ਦੇ ਭਾਅ ਆਪਣੇ ਕਾਰਪੋਰੇਟ ਮਿੱਤਰਾਂ ਨੂੰ ਵੇਚੇ ਜਾ ਰਹੇ ਹਨ।ਜਿਸ ਕਰਕੇ ਆਮ ਜਨ ਸਧਾਰਨ ਦੇ ਸਰਕਾਰੀ ਨੌਕਰੀਆਂ ਪ੍ਰਾਪਤ ਕਰਨ ਦੇ ਸੁਪਨੇ ਚਕਨਾਚੂਰ ਹੋ ਰਹੇ ਹਨ।ਹਰ ਪੱਧਰ 'ਤੇ ਨਿੱਜੀਕਰਨ ਨੂੰ ਹੁਲਾਰਾ ਦੇਣ ਦੇ ਕਾਰਨ ਉੱਕੀ ਪੁੱਕੀ ਤਨਖਾਹ ਤੇ ਅਤੇ ਆਊਟਸੋਰਸ ਰਾਹੀਂ ਭਰਤੀਆਂ ਕੀਤੀਆਂ ਜਾ ਰਹੀਆਂ ਹਨ।ਜਿਸ ਕਰਕੇ ਹਰ ਵਰਗ ਦੇ ਮੁਲਾਜ਼ਮਾਂ ਨੂੰ ਆਪਣੇ ਪਰਿਵਾਰ ਪਾਲਣੇ ਔਖੇ ਹੋਏ ਪਏ ਹਨ ਜਦੋਂ ਕਿ ਕੇਂਦਰ/ਰਾਜ ਸਰਕਾਰਾਂ ਦੀ ਕਾਰਪੋਰੇਟ ਘਰਾਣਿਆਂ ਨੂੰ ਲਾਭ ਪਹੁੰਚਾਉਣ ਵਾਲੀਆਂ ਨੀਤੀਆਂ ਦੇ ਕਾਰਨ ਕਾਰਪੋਰੇਟ ਘਰਾਣਿਆਂ ਦੇ ਖ਼ਜ਼ਾਨੇ ਦਿਨ ਦੂਣੀ ਰਾਤ ਚੌਗੁਣੀ ਰਫ਼ਤਾਰ ਨਾਲ਼ ਭਰ ਰਹੇ ਹਨ,ਜਿਸ ਕਰਕੇ ਆਮ ਜਨ-ਸਧਾਰਨ ਦਾ ਜਿਉਣਾ ਬਹੁਤ ਹੀ ਮੁਸ਼ਕਿਲ ਹੋਇਆ ਪਿਆ ਹੈ।




ਪ.ਸ.ਸ.ਫ. ਜ਼ਿਲ੍ਹਾ ਜਲੰਧਰ ਦੇ ਜਨਰਲ ਸਕੱਤਰ ਨਿਰਮੋਲਕ ਸਿੰਘ ਹੀਰਾ, ਕੁਲਦੀਪ ਵਾਲੀਆ ਜ਼ਿਲ੍ਹਾ ਕਨਵੀਨਰ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ,ਅਕਲ ਚੰਦ ਸਿੰਘ ਚੇਅਰਮੈਨ ਪੀ.ਡਬਲਯੂ.ਡੀ.ਫੀਲਡ ਐਂਡ ਵਰਕਸ਼ਾਪ ਯੂਨੀਅਨ ਨੇ "ਕੌਮੀ ਵਿਰੋਧ ਦਿਵਸ" ਦੀਆਂ ਮੰਗਾਂ ਦਾ ਜ਼ਿਕਰ ਕਰਦੇ ਹੋਏ ਦੱਸਿਆ ਕਿ ਫ੍ਰਾਂਧਓ ਐਕਟ ਤੁਰੰਤ ਰੱਦ ਕੀਤਾ ਜਾਵੇ ਅਤੇ 2004 ਤੋਂ ਬਾਅਦ ਨਿਯੁਕਤ ਸਮੂਹ ਮੁਲਾਜ਼ਮਾਂ ਦੀ ਨਵੀਂ ਪੈਨਸ਼ਨ ਸਕੀਮ ਨੂੰ ਰੱਦ ਕਰਕੇ ਪੁਰਾਣੀ ਪੈਨਸ਼ਨ ਸਕੀਮ ਤੁਰੰਤ ਬਹਾਲ ਕੀਤੀ ਜਾਵੇ, PFRDA ਅਥਾਰਟੀ ਕੋਲ ਮੁਲਾਜ਼ਮਾਂ ਦੀ ਜਮਾਂ ਰਕਮ ਤੁਰੰਤ ਰਾਜ ਸਰਕਾਰਾਂ ਨੂੰ ਵਾਪਸ ਕੀਤੀ ਜਾਵੇ, ਹਰ ਪ੍ਰਕਾਰ ਦੇ ਕੱਚੇ ਮੁਲਾਜ਼ਮਾਂ,ਡੇਲੀਵੇਜ਼ ਮੁਲਾਜ਼ਮਾਂ ਅਤੇ ਆਊਟਸੋਰਸ ਮੁਲਾਜ਼ਮਾਂ ਨੂੰ ਪੂਰੇ ਪੂਰੇ ਗਰੇਡਾਂ ਵਿੱਚ ਰੈਗੂਲਰ ਕਰਨ,ਕੇਂਦਰ ਅਤੇ ਰਾਜ ਸਰਕਾਰ ਦੇ ਵਿਭਾਗਾਂ ਦੀਆਂ ਖਾਲੀ ਪੋਸਟਾਂ ਤੁਰੰਤ ਭਰਨ ਲਈ, ਨਿੱਜੀਕਰਨ ਨੂੰ ਰੋਕਣ ਅਤੇ ਪਬਲਿਕ ਸੈਕਟਰ ਦੇ ਅਦਾਰਿਆਂ ਨੂੰ ਕੌਡੀਆਂ ਦੇ ਭਾਅ ਕਾਰਪੋਰੇਟ ਘਰਾਣਿਆਂ ਨੂੰ ਵੇਚਣ ਤੋਂ ਰੋਕਣ ਲਈ, ਮਾਣ ਭੱਤਾ ਮੁਲਾਜ਼ਮਾਂ ਨੂੰ ਘੱਟੋ ਘੱਟ ਉਜਰਤ ਦੇ ਘੇਰੇ ਵਿੱਚ ਲਿਆਉਣ ਲਈ, ਟਰੇਡ ਯੂਨੀਅਨਾਂ ਅਧਿਕਾਰਾਂ ਨੂੰ ਬਹਾਲ ਕਰਵਾਉਣ, ਲੇਬਰ ਕਾਨੂੰਨਾਂ ਵਿੱਚ ਕੀਤੀਆਂ ਸੋਧਾਂ ਨੂੰ ਤੁਰੰਤ ਰੱਦ ਕਰਵਾਉਣ, ਨਵੀਂ ਸਿੱਖਿਆ ਨੀਤੀ -2020 ਨੂੰ ਰੱਦ ਕਰਵਾਉਣ ਅਤੇ ਸਿੱਖਿਆ ਦੇ ਭਗਵੇਂਕਰਨ ਨੂੰ ਬੰਦ ਕਰਵਾਉਣ ਲਈ, ਅੱਠਵੇਂ ਕੇਂਦਰੀ ਪੇ ਕਮਿਸ਼ਨ ਦੀ ਸਥਾਪਨਾ ਕਰਵਾਉਣ ਲਈ, ਮਹਿੰਗਾਈ ਨੂੰ ਕੰਟਰੋਲ ਕਰਨ ਲਈ ਆਦਿ ਸਮੂਹਿਕ ਸਾਂਝੀਆਂ ਮੰਗਾਂ ਨੂੰ ਲੈ ਕੇ ਕੇਂਦਰ ਸਕਰਾਰ ਅਤੇ ਰਾਜ ਸਰਕਾਰ ਤੇ ਦਬਾਓ ਬਣਾਉਣ ਲਈ ਪੂਰੇ ਦੇਸ਼ ਵਿੱਚ ਕੌਮੀ ਵਿਰੋਧ ਦਿਵਸ ਮਨਾਇਆ ਜਾ ਰਿਹਾ ਹੈ।

ਕੌਮੀ ਵਿਰੋਧ ਦਿਵਸ ਮਨਾਉਂਦੇ ਹੋਏ ਸੰਗਰੂਰ ਵਿਖੇ ਕੱਚੇ ਅਧਿਆਪਕਾਂ ਵੱਲੋਂ ਪੱਕੇ ਹੋਣ ਲਈ ਚੱਲ ਰਹੇ ਸੰਘਰਸ਼ ਦੀ ਪੁਰਜ਼ੋਰ ਹਿਮਾਇਤ ਕਰਦੇ ਹੋਏ ਪੰਜਾਬ ਦੀ ਭਗਵੰਤ ਮਾਨ ਸਰਕਾਰ ਦੇ ਇਸ਼ਾਰੇ 'ਤੇ ਉਹਨਾਂ ਤੇ ਕੀਤੇ ਲਾਠੀਚਾਰਜ ਦੀ ਤਿੱਖੀ ਨਿਖੇਧੀ ਕੀਤੀ ਜਾਂਦੀ ਹੈ ਅਤੇ ਪੰਜਾਬ ਸਰਕਾਰ ਤੋਂ ਜ਼ੋਰਦਾਰ ਮੰਗ ਕੀਤੀ ਜਾਂਦੀ ਹੈ ਕਿ ਹਰ ਪ੍ਰਕਾਰ ਦੇ ਕੱਚੇ ਅਧਿਆਪਕਾਂ ਅਤੇ ਹੋਰ ਮੁਲਾਜ਼ਮਾਂ ਨੂੰ ਤਜਰਬੇ ਦੇ ਆਧਾਰ ਤੇ ਪੂਰੇ ਪੂਰੇ ਗਰੇਡਾਂ ਵਿੱਚ ਤੁਰੰਤ ਰੈਗੂਲਰ ਕੀਤਾ ਜਾਵੇ। ਪੰਜਾਬ ਸਰਕਾਰ ਸਮੂਹ ਮੁਲਾਜ਼ਮਾਂ ਨੇ ਅਤੇ ਪੈਨਸ਼ਨਰਾਂ ਦੇ ਛੇਵੇਂ ਪੇਅ ਕਮਿਸ਼ਨ ਅਨੁਸਾਰ ਬਣਦੇ 66 ਮਹੀਨਿਆਂ ਦੇ ਬਕਾਏ, ਡੀ.ਏ.ਦੀਆਂ ਰਹਿੰਦੀਆਂ ਦੋ ਕਿਸ਼ਤਾਂ ਅਤੇ ਰਹਿੰਦੇ ਬਕਾਏ ਤੁਰੰਤ ਨਗਦ ਅਦਾ ਕਰੇ। ਇਸ ਸਮੇਂ ਹੋਰਨਾਂ ਤੋਂ ਇਲਾਵਾ ਸੰਦੀਪ ਰਾਜੋਵਾਲ, ਕੁਲਦੀਪ ਸਿੰਘ ਕੌੜਾ, ਦਰਸ਼ਨ ਰਾਮ ਸਿਆਣ, ਰਾਜਿੰਦਰ ਕੁਮਾਰ, ਰਾਮ ਦੱਤ, ਧਰਮਿੰਦਰ ਕੁਮਾਰ, ਕਰਨ ਗੁਮਟਾਲੀ, ਵਿਵੇਕ ਕੁਮਾਰ ਰਾਜੋਵਾਲ, ਗਗਨਦੀਪ ਸਿੰਘ, ਕਿਰਨਜੀਤ ਕੌਰ, ਨੀਰਜ, ਦਲਜੀਤ ਕੌਰ, ਜਸਵੀਰ ਕੌਰ, ਸੁਰਜੀਤ ਕੌਰ, ਪ੍ਰਵੀਨ ਕੁਮਾਰੀ, ਲਖਵਿੰਦਰ ਕੌਰ, ਜੋਤੀ, ਸੁਰਿੰਦਰ ਆਦਿ ਸਾਥੀ ਹਾਜ਼ਰ ਹੋਏ।

# ਸਰਕਾਰੀ ਮੈਡੀਕਲ ਕਾਲਜ ਮਸਤੂਆਣਾ ਸਾਹਿਬ ਦੀ ਉਸਾਰੀ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲਵਾਈ ਰੋਕ ਹਟਵਾਉਣ ਲਈ 33ਵੇਂ ਦਿਨ ਵੀ ਮੋਰਚਾ ਜਾਰੀ

**ਮਸਤੂਆਣਾ ਸਾਹਿਬ, (ਦਲਜੀਤ ਕੌਰ)-** ਮਸਤੂਆਣਾ ਸਾਹਿਬ ਵਿਖੇ ਸਰਕਾਰੀ ਮੈਡੀਕਲ ਕਾਲਜ ਅਤੇ ਹਸਪਤਾਲ ਬਣਨ ਦੇ ਰਾਹ ਵਿੱਚ ਆ ਰਹੇ






ਅੜਿੱਕਿਆਂ ਨੂੰ ਖਤਮ ਕਰਨ ਲਈ, ਮਸਤੂਆਣਾ ਸਾਹਿਬ ਦੇ ਬੱਸ ਸਟੈਂਡ 'ਤੇ ਲੱਗੇ ਹੋਏ ਪੱਕੇ ਮੋਰਚੇ ਦੇ 33ਵੇਂ ਦਿਨ ਹਾਜ਼ਰ ਸੰਗਤਾਂ ਨੂੰ ਸੰਬੋਧਨ ਕਰਦਿਆਂ ਭਾਰਤੀ ਕਿਸਾਨ ਯੂਨੀਅਨ ਏਕਤਾ (ਡਕੌਂਦਾ-ਧਨੇਰ) ਦੇ ਜ਼ਿਲ੍ਹਾ ਸੰਗਰੂਰ ਦੇ ਪ੍ਰਧਾਨ ਕਰਮਜੀਤ ਸਿੰਘ ਛੰਨਾਂ, ਜ਼ਿਲ੍ਹਾ ਖ਼ਜ਼ਾਨਚੀ ਸੁਖਦੇਵ ਸਿੰਘ ਘਰਾਚੋਂ, ਭਵਾਨੀਗੜ੍ਹ ਬਲਾਕ ਦੇ ਪ੍ਰਧਾਨ ਰਣਧੀਰ ਸਿੰਘ ਭੱਟੀਵਾਲ,ਜ਼ਿਲ੍ਹਾ ਮੀਤ ਪ੍ਰਧਾਨ ਦਰਸ਼ਨ ਸਿੰਘ ਕਾਤਰੋਂ, ਭਰਪੂਰ ਸਿੰਘ ਮਾਝੀ, ਜ਼ਿਲ੍ਹਾ ਆਗੂ ਮਹਿੰਦਰ ਸਿੰਘ ਮਾਝੀ, ਗੁਰਮੀਤ ਸਿੰਘ ਸਰਪੰਚ ਮਾਹਮਦਪੁਰ, ਗੁਰਪ੍ਰੀਤ ਸਿੰਘ ਛੰਨਾਂ, ਰਣਜੀਤ ਸਿੰਘ ਬਾਜਵਾ, ਸੁਖਦੇਵ ਸਿੰਘ ਉਭਾਵਾਲ, ਦਰਸ਼ਨ ਸਿੰਘ ਕੂਨਰਾਂ ਤੇ ਜਸਦੀਪ ਸਿੰਘ ਬਹਾਦਰਪੁਰ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਵਾਲੇ ਇੰਟੈਲੀਜੈਂਸ ਦੇ ਮੁਲਾਜ਼ਮਾਂ ਅਤੇ ਆਪਣੇ ਹੋਰ ਪਿੱਠੂਆਂ ਰਾਹੀਂ, ਧਰਨਾਕਾਰੀਆਂ 'ਤੇ ਧਾਰਮਿਕ ਭਾਵਨਾਵਾਂ ਭੜਕਾਉਣ ਦੇ ਕੇਸ ਦਰਜ ਕੀਤੇ ਜਾਣ ਦੀਆਂ ਧਮਕੀਆਂ ਦੇਣ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਕਿਹਾ ਕਿ ਸੰਘਰਸ਼ਸ਼ੀਲ ਲੋਕ ਅਜਿਹੇ ਕੇਸਾਂ ਤੋਂ ਨਹੀਂ ਡਰਦੇ। ਬੁਲਾਰਿਆਂ ਨੇ ਇਹ ਵੀ ਸਪੱਸ਼ਟ ਕੀਤਾ ਕਿ ਇਸ ਸੰਘਰਸ਼ ਨਾਲ ਬਾਬਾ ਦਰਸ਼ਨ ਸਿੰਘ ਅਤੇ ਭਗਵੰਤ ਮਾਨ ਸਰਕਾਰ ਦਾ ਕੋਈ ਸਬੰਧ ਨਹੀਂ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਪ੍ਰਧਾਨਾਂ ਅਤੇ ਆਗੂਆਂ ਨੂੰ ਆਪਣਾ ਪੜਿਆ ਵਿਚਾਰ ਲੈਣਾ ਚਾਹੀਦਾ ਤੇ ਆਪਣੀ ਸਟੇਅ ਵਾਪਸ ਲੈਣ ਲੈਣੀ ਚਾਹੀਦੀ ਹੈ। ਜਿੰਨਾ ਉਹ ਲੇਟ ਹੋਣਗੇ ਉਨ੍ਹਾਂ ਦਾ ਓਨਾਂ ਹੀ ਜ਼ਿਆਦਾ ਨੁਕਸਾਨ ਹੋਵੇਗਾ। ਅੱਜ ਪੱਕੇ ਮੋਰਚੇ ਵਿੱਚ ਸ਼ਾਮਲ ਲੋਕਾਂ ਤੇ ਸੰਗਤਾਂ ਨੂੰ ਹੋਰਨਾਂ ਤੋਂ ਇਲਾਵਾ ਮੇਜਰ ਸਿੰਘ ਬਾਲੀਆਂ, ਰਾਜਿੰਦਰ ਸਿੰਘ ਲਿੱਦੜਾਂ ਤੇ ਨਛੱਤਰ ਸਿੰਘ ਬਡਰੁੱਖਾਂ ਨੇ ਵੀ ਸੰਬੋਧਨ ਕੀਤਾ।

# 14 ਜੁਲਾਈ ਤੋਂ ਪਹਿਲਾਂ ਗੁੰਡਾਗਰਦੀ ਖ਼ਿਲਾਫ਼ ਜਥੇਬੰਦੀ ਵੱਲੋਂ ਵੱਡਾ ਐਕਸ਼ਨ ਪ੍ਰੋਗਰਾਮ



**ਬਰਨਾਲਾ, (ਦਲਜੀਤ ਕੌਰ )-** ਭਾਰਤੀ ਕਿਸਾਨ ਯੂਨੀਅਨ ਏਕਤਾ (ਡਕੌਂਦਾ) ਜ਼ਿਲ੍ਹਾ ਕਮੇਟੀ ਬਰਨਾਲਾ ਦੀ ਇੱਕ ਵਿਸ਼ੇਸ਼ ਮੀਟਿੰਗ, ਗੁਰਦੁਆਰਾ ਕਾਲਾ ਮਹਿਰ ਬਰਨਾਲਾ ਵਿਖੇ, ਜ਼ਿਲ੍ਹਾ ਪ੍ਰਧਾਨ ਕੁਲਵੰਤ ਸਿੰਘ ਭਦੌੜ ਦੀ ਪ੍ਰਧਾਨਗੀ ਹੇਠ ਹੋਈ। ਇਹ ਮੀਟਿੰਗ ਪਿਛਲੇ ਦਿਨੀਂ ਨਗਰ ਕੌਂਸਲ ਬਰਨਾਲਾ ਦੇ ਜੇ.ਈ. ਸਲੀਮ ਮੁਹੰਮਦ ਅਤੇ ਉਸਦੇ ਸਾਥੀਆਂ ਵੱਲੋਂ, ਬੀਕੇਯੂ ਏਕਤਾ (ਡਕੌਂਦਾ) ਦੇ ਸਰਗਰਮ ਕਾਰਕੁੰਨ ਅਰੁਨ ਕੁਮਾਰ ਵਾਹਿਗੁਰੂ ਸਿੰਘ ਦੀ ਕੁੱਟਮਾਰ ਕਰਨ ਅਤੇ ਉਲਟਾ ਵਾਹਿਗੁਰੂ ਸਿੰਘ 'ਤੇ ਹੀ ਪਰਚਾ ਦਰਜ ਕਰਨ ਦੇ ਖ਼ਿਲਾਫ਼ ਅਗਲਾ ਐਕਸ਼ਨ ਤੈਅ ਕਰਨ ਲਈ ਬੁਲਾਈ ਗਈ ਸੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਕੁਲਵੰਤ ਸਿੰਘ ਭਦੌੜ, ਜ਼ਿਲ੍ਹਾ ਜਨਰਲ ਸਕੱਤਰ ਸਾਹਿਬ ਸਿੰਘ ਬਡਬਰ, ਜ਼ਿਲ੍ਹਾ ਮੀਤ ਪ੍ਰਧਾਨ ਜਗਰਾਜ ਸਿੰਘ ਹਰਦਾਸਪੁਰਾ, ਜ਼ਿਲ੍ਹਾ ਖ਼ਜ਼ਾਨਚੀ ਗੁਰਦੇਵ ਸਿੰਘ ਮਾਂਗੇਵਾਲ, ਬਰਨਾਲਾ ਬਲਾਕ ਦੇ ਪ੍ਰਧਾਨ ਬਾਬੂ ਸਿੰਘ ਖੁੱਡੀਕਲਾਂ ਅਤੇ ਮਹਿਲਕਲਾਂ ਬਲਾਕ ਦੇ ਪ੍ਰਧਾਨ ਨਾਨਕ ਸਿੰਘ ਨੇ ਕਿਹਾ ਕਿ ਆਸਥਾ ਕਲੋਨੀ ਬਰਨਾਲਾ ਦੇ ਮਾਲਕ ਸੋਨੀ ਨੇ 6 ਵਾਰ ਆਸਥਾ ਕਲੋਨੀ ਦਾ ਗ਼ੈਰ-ਕਾਨੂੰਨੀ ਵਿਸਥਾਰ ਕੀਤਾ ਹੈ, ਜਿਸ ਕਾਰਨ ਕਲੋਨੀ ਵਾਸੀਆਂ ਨੂੰ ਪਾਣੀ, ਸੜਕਾਂ, ਪਾਰਕਾਂ, ਖੇਡ ਮੈਦਾਨਾਂ, ਸੀਵਰੇਜ ਆਦਿ ਦੀ ਸਮੱਸਿਆਵਾਂ ਆ ਰਹੀਆਂ ਹਨ। ਇਸ ਸਬੰਧ ਵਿੱਚ ਵਾਹਿਗੂਰ ਸਿੰਘ ਨੇ ਡੀਸੀ ਬਰਨਾਲਾ ਨੂੰ ਅਰਜ਼ੀ ਦਿੱਤੀ ਜਿਹੜੀ ਉਨ੍ਹਾਂ ਨੇ ਨਗਰ ਕੌਂਸਲ ਬਰਨਾਲਾ ਨੂੰ ਭੇਜ ਦਿੱਤੀ ਸੀ। ਬੀਤੇ ਦਿਨੀਂ ਵਾਹਿਗੁਰੂ ਸਿੰਘ ਉਸ ਅਰਜ਼ੀ ਸਬੰਧੀ ਪਤਾ ਕਰਨ ਗਿਆ ਸੀ ਕਿ ਹੁਣ ਤੱਕ ਉਸ 'ਤੇ ਕੀ ਕਾਰਵਾਈ ਹੋਈ ਹੈ, ਪਰ ਨਗਰ ਕੌਂਸਲ ਦੇ ਗੁੰਡੇ ਜੇਈ ਸਲੀਮ ਮੁਹੰਮਦ ਨੇ, ਜੋ ਕਿ ਪਹਿਲਾਂ ਵੀ ਕਈ ਲੋਕਾਂ ਦੀ ਕੁੱਟਮਾਰ ਕਰ ਚੁੱਕਾ ਹੈ, ਆਸਥਾ ਕਲੋਨੀ ਦੇ ਮਾਲਕ ਸੋਨੀ ਨਾਲ ਮਿਲਕੇ ਪਹਿਲਾਂ ਹੀ ਘੜੀ ਹੋਈ ਸਾਜ਼ਸ਼ ਤਹਿਤ, ਆਪਣੇ ਹੋਰ ਸਾਥੀਆਂ ਨਾਲ ਵਾਹਿਗੂਰ ਸਿੰਘ 'ਤੇ ਹਮਲਾ ਕਰ ਦਿੱਤਾ, ਸੋਟੀਆਂ ਨਾਲ ਕੁੱਟਮਾਰ ਕੀਤੀ, ਉਸ ਦੀ ਪੱਗ ਲਾਹ ਦਿੱਤੀ ਤੇ ਉਸ ਦੀ ਦਾੜ੍ਹੀ ਵੀ ਪੁੱਟੀ। ਬਾਅਦ ਵਿੱਚ ਪੁਲਿਸ ਨੇ ਵਾਹਿਗੁਰੂ ਸਿੰਘ ਦੀ ਕੁੱਟਮਾਰ ਕਰਨ ਵਾਲੇ ਦੋਸ਼ੀਆਂ ਦੇ ਨਾਲ ਨਾਲ ਵਾਹਿਗੁਰੂ ਸਿੰਘ 'ਤੇ ਵੀ ਪਰਚਾ ਦਰਜ ਕਰ ਦਿੱਤਾ ਹੈ, ਜਿਸ ਦੇ ਖ਼ਿਲਾਫ਼ 14 ਜੁਲਾਈ ਤੱਕ ਜਥੇਬੰਦੀ ਵੱਲੋਂ ਕੋਈ ਵੀ ਵੱਡਾ ਐਕਸ਼ਨ ਕੀਤਾ ਜਾਵੇਗਾ। ਜਿਸ ਦੀ ਸਾਰੀ ਜ਼ਿੰਮੇਵਾਰੀ ਬਰਨਾਲਾ ਦੇ ਪੁਲਸ ਪ੍ਰਸ਼ਾਸ਼ਨ ਦੀ ਹੋਵੇਗੀ। ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਸੂਬਾ ਖ਼ਜ਼ਾਨਚੀ ਬਲਵੰਤ ਸਿੰਘ ਉੱਪਲੀ ਨੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਸਖ਼ਤ ਚਿਤਾਵਨੀ ਦਿੱਤੀ ਕਿ ਅਰੁਣ ਕੁਮਾਰ ਵਾਹਿਗੁਰੂ ਸਿੰਘ ਖ਼ਿਲਾਫ਼ ਦਰਜ ਕੀਤਾ ਝੂਠਾ ਪੁਲਿਸ ਕੇਸ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਜੇਈ ਅਤੇ ਸਾਜ਼ਿਸ਼ ਘਾੜੇ ਕਲੋਨਾਈਜਰ ਸੋਨੀ ਖਿਲਾਫ਼ ਬਣਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਜਾਵੇ।

ਇਸ ਮੀਟਿੰਗ ਵਿੱਚ ਸ਼ਹਿਣਾ ਬਲਾਕ ਦੇ ਜਨਰਲ ਸਕੱਤਰ ਕਾਲਾ ਜੈਦ, ਅਮਨਦੀਪ ਸਿੰਘ ਭਦੌੜ, ਜ਼ਿਲ੍ਹੇ ਦੇ ਮੀਤ ਪ੍ਰਧਾਨ ਅਮਰਜੀਤ ਸਿੰਘ ਠੁੱਲੀਵਾਲ, ਸੁਖਵਿੰਦਰ ਸਿੰਘ ਉੱਪਲੀ, ਭਾਗ ਸਿੰਘ ਸੁਖਦੇਵ ਸਿੰਘ ਕੁਰੜ, ਬੂਟਾ ਸਿੰਘ ਫਰਵਾਹੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਆਗੂ ਵੀ ਹਾਜ਼ਰ ਸਨ।

# ਸਿਹਤ ਬਲਾਕ ਭਵਾਨੀਗੜ੍ਹ ਵਿਖੇ ਇੰਟੈਂਸੀਫਾਈਡ ਡਾਇਰੀਆ ਕੰਟਰੋਲ ਪੰਦਰਵਾੜਾ (IDCF) ਦੀ ਸ਼ੁਰੂਆਤ

**ਭਵਾਨੀਗੜ੍ਹ/ ਸੰਗਰੂਰ, (ਦਲਜੀਤ ਕੌਰ)-** ਸਿਵਲ ਸਰਜਨ ਸੰਗਰੂਰ ਡਾ. ਪਰਮਿੰਦਰ ਕੌਰ ਅਤੇ ਕਾਰਜ਼ਕਾਰੀ ਸੀਨੀਅਰ ਮੈਡੀਕਲ ਅਫਸਰ ਸੀ. ਐਚ.ਸੀ ਭਵਾਨੀਗੜ੍ਹ ਡਾ. ਸੰਜੇ ਮਾਥੁਰ ਦੀ ਅਗਵਾਈ ਹੇਠ ਸਿਹਤ ਬਲਾਕ ਭਵਾਨੀਗੜ੍ਹ ਅਧੀਨ ਆਉਂਦੇ ਸਾਰੇ ਸਿਹਤ ਅਤੇ ਤੰਦਰੁਸਤੀ ਕੇਂਦਰਾਂ ਵਿੱਚ ਇੰਟੈਂਸੀਫਾਈਡ ਡਾਇਰੀਆ ਕੰਟਰੋਲ ਪੰਦਰਵਾੜੇ (IDCF) - 2023 ਦੀ ਸ਼ੁਰੂਆਤ ਕੀਤੀ ਗਈ । ਾਿਛਾਂ ਪ੍ਰੋਗਰਾਮ 4 ਤੋਂ 17 ਜੁਲਾਈ ਤੱਕ ਲਾਗੂ ਕੀਤਾ ਗਿਆ ਹੈ। ਇਸ ਦਾ ਟੀਚਾ ਬਚਪਨ ਵਿੱਚ ਦਸਤ ਕਾਰਨ ਹੋਣ ਵਾਲੀਆਂ ਮੌਤਾਂ ਨੂੰ ਜ਼ੀਰੋ ਕਰਨਾ ਹੈ।



ਇਸ ਮੌਕੇ ਡਾ. ਸੰਜੇ ਮਾਥੁਰ ਨੇ ਦੱਸਿਆ ਕਿ ਇਸ ਮੁਹਿੰਮ ਵਿੱਚ 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਕਵਰ ਕੀਤਾ ਜਾਵੇਗਾ, ਜਿਨ੍ਹਾਂ ਨੂੰ ਓ.ਆਰ.ਐੱਸ. ਦੇ ਪੈਕੇਟ ਅਤੇ ਜ਼ਿੰਕ ਦੀਆਂ ਗੋਲੀਆਂ ਦਿੱਤੀਆਂ ਜਾਣਗੀਆਂ। ਦਸਤ ਕਾਰਨ ਹੋਣ ਵਾਲੀਆਂ ਲਗਭਗ ਸਾਰੀਆਂ ਮੌਤਾਂ ਨੂੰ ਓਰਲ ਰੀਹਾਈਡਰੇਸ਼ਨ ਸਾਲਟ (ORS) ਦੀ ਸਹੀ ਮਾਤਰਾ ਅਤੇ ਜ਼ਿੰਕ ਦੀਆਂ ਗੋਲੀਆਂ ਦੀ ਖੁਰਾਕ ਦੇ ਨਾਲ-ਨਾਲ ਬੱਚੇ ਦੁਆਰਾ ਲੋੜੀਂਦੀ ਪੋਸ਼ਣ ਦੇ ਸੇਵਨ ਨਾਲ ਰੋਕਿਆ ਜਾ ਸਕਦਾ ਹੈ।

ਉਹਨਾਂ ਨੇ ਡਾਇਰੀਆ ਕਾਰਨ ਜ਼ੀਰੋ ਮੌਤਾਂ ਦੇ ਟੀਚੇ ਦੀ ਪ੍ਰਾਪਤੀ ਲਈ ਜਨਤਾ ਦੇ ਸਹਿਯੋਗ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਹੈਲਥ ਬਲਾਕ ਭਵਾਨੀਗੜ੍ਹ ਦੇ ਅਧੀਨ ਸਾਰੇ ਸਿਹਤ ਅਤੇ ਤੰਦਰੁਸਤੀ ਕੇਂਦਰਾਂ ਵਿੱਚ ਓ.ਆਰ.ਐਸ ਅਤੇ ਜ਼ਿੰਕ ਕਾਰਨਰ ਸਥਾਪਤ ਕੀਤੇ ਗਏ ਹਨ ਅਤੇ ਸਿਹਤ ਕਰਮਚਾਰੀ ਓ.ਆਰ.ਐਸ ਤਿਆਰ ਕਰਨ ਦੇ ਤਰੀਕੇ ਬਾਰੇ ਪ੍ਰਦਰਸ਼ਨ ਕਰਨਗੇ। ਉਹਨਾਂ ਇਹ ਵੀ ਦੱਸਿਆ ਕਿ ਇਸ ਮੁਹਿੰਮ ਦੌਰਾਨ ਸਿਹਤ ਕਰਮਚਾਰੀ ਹਰ ਘਰ ਵਿੱਚ ਪਹੁੰਚ ਕੇ ਲੋਕਾਂ ਨੂੰ ਦਸਤ ਦੇ ਇਲਾਜ ਅਤੇ ਰੋਕਥਾਮ ਦੇ ਉਪਾਅ ਪ੍ਰਤੀ ਜਾਗਰੂਕ ਕਰਨਗੇ। ਇਸ ਮੌਕੇ ਸ਼੍ਰੀ ਗੁਰਵਿੰਦਰ ਸਿੰਘ ਬਲਾਕ ਐਜੂਕੇਟਰ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਸਾਫ ਪਾਣੀ ਪੀਣਾ ਚਾਹੀਦਾ ਹੈ , ਪੀਣ ਵਾਲੇ ਪਾਣੀ ਨੂੰ ਹਮੇਸ਼ਾ ਢੱਕ ਕੇ ਰੱਖੋ, ਆਪਣਾ ਆਲਾ-ਦੁਆਲਾ ਸਾਫ਼ ਰੱਖੋ। ਘੱਟੋ-ਘੱਟ ਛੇ ਮਹੀਨੇ ਤੱਕ ਮਾਂ ਦਾ ਦੁੱਧ ਪਿਲਾਉਣ ਅਤੇ ਸਮੇਂ-ਸਮੇਂ ਸਿਰ ਆਪਣੇ ਹੱਥ ਧੋਵੋ। ਇਨ੍ਹਾਂ ਸਾਰਿਆਂ ਉਪਰਾਲਿਆਂ ਨਾਲ ਅਤੇ ਉਚਿਤ ਪੋਸ਼ਣ ਨਾਲ ਦਸਤ ਨੂੰ ਰੋਕਿਆ ਜਾ ਸਕਦਾ ਹੈ।ਦਸਤ ਨੂੰ ਰੋਕਣ ਲਈ ਸਵੱਛਤਾ ਬਣਾਈ ਰੱਖਣ ਦੀ ਜ਼ਰੂਰਤ ਹੈ ਅਤੇ ਬਿਮਾਰੀ ਦੇ ਇਲਾਜ ਲਈ ਓ.ਆਰ.ਐੱਸ. ਅਤੇ ਜ਼ਿੰਕ ਥੈਰੇਪੀ ਕਾਰਗਰ ਹੈ।

# ਪੰਜਾਬ ਦੇ 2300 ਸਰਕਲਾਂ ਵਿੱਚ ਬਸਪਾ ਸੰਗਠਨ ਦਾ ਨਵ ਨਿਰਮਾਣ ਅੰਦੋਲਨ ਪੱਧਰ ਤੇ ਹੋਵੇਗਾ - ਰਣਧੀਰ ਸਿੰਘ ਬੈਣੀਵਾਲ

## ਪੰਜਾਬ ਸਰਕਾਰ ਦੀ ਸ਼ਹਿ ਤੇ ਹੁੰਦੀ ਪੰਜਾਬ ਪੁਲਿਸ ਦੀ ਗੁੰਡਾਗਰਦੀ ਬਰਦਾਸਤ ਨਹੀਂ - ਜਸਵੀਰ ਸਿੰਘ ਗੜ੍ਹੀ

**ਫਗਵਾੜਾ 4 ਜੁਲਾਈ (ਬੀ.ਕੇ.ਰੱਤੂ)–** ਬਹੁਜਨ ਸਮਾਜ ਪਾਰਟੀ ਪੰਜਾਬ ਦੀ ਸੂਬਾ ਪੱਧਰੀ ਮੀਟਿੰਗ ਜਲੰਧਰ ਸਾਹਿਬ ਕਾਂਸ਼ੀ ਰਾਮ ਭਵਨ ਵਿਖੇ ਹੋਈ, ਜਿਸ ਵਿਚ ਬਸਪਾ ਦੇ ਕੇਂਦਰੀ ਕੋਆਰਡੀਨੇਟਰ ਸ਼੍ਰੀ ਰਣਧੀਰ ਸਿੰਘ ਬੈਣੀਵਾਲ ਅਤੇ ਸ਼੍ਰੀ ਵਿਪੁਲ ਕੁਮਾਰ ਜੀ ਸ਼ਾਮਿਲ ਹੋਏ, ਮੀਟਿੰਗ ਦੀ ਪ੍ਰਧਾਨਗੀ ਸੂਬਾ ਪ੍ਰਧਾਨ ਸ ਜਸਵੀਰ ਸਿੰਘ ਗੜ੍ਹੀ ਨੇ ਕੀਤੀ। ਸ਼੍ਰੀ ਬੈਣੀਵਾਲ ਨੇ ਸੰਗਠਨ ਦੀ ਸਮੀਖਿਆ ਕੀਤੀ, ਜਿਲ੍ਹਾ ਤੇ ਵਿਧਾਨ ਸਭਾ ਪੱਧਰ ਦੇ ਬਸਪਾ ਬਾਮਸੇਫ਼ ਤੇ ਬੀਵੀਐਫ ਦੇ ਸੰਗਠਨ ਤੇ ਤਸੱਲੀ ਪ੍ਰਗਟ ਕਰਦਿਆਂ ਪੰਜਾਬ ਦੇ ਕੁੱਲ 23000 ਬੂਥਾਂ ਨੂੰ 2300 ਸੈਕਟਰ ਵਿੱਚ ਵੰਡਕੇ ਪਿੰਡ ਪਿੰਡ ਪਹੁੰਚ ਕੇ ਲੀਡਰਸ਼ਿਪ ਨਵਨਿਰਮਾਣ ਦਾ ਟੀਚਾ ਦਿੱਤਾ। ਇਸ ਮੌਕੇ ਬਹੁਜਨ ਸਮਾਜ ਪਾਰਟੀ ਪੰਜਾਬ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਵਿਚ ਦਲਿਤਾਂ, ਪਛੜੇ ਵਰਗਾਂ, ਕਿਰਤੀ ਕਿਸਾਨਾਂ, ਵਿਦਿਆਰਥੀਆਂ, ਕੱਚੇ ਪੱਕੇ ਮੁਲਾਜ਼ਮਾਂ ਉਪਰ ਪੁਲਿਸ ਰਾਹੀਂ ਕੀਤੇ ਜਾ ਰਹੇ ਤਸ਼ੱਦਦ ਦੇ ਖਿਲਾਫ ਸੂਬੇ ਭਰ ਵਿਚ ਪ੍ਰਦਰਸ਼ਨ ਕਰਨ ਦਾ ਫੈਸਲਾ ਕੀਤਾ ਹੈ।

ਮੀਟਿੰਗ ਵਿਚ ਬਸਪਾ ਦੇ ਸੂਬਾ ਪ੍ਰਧਾਨ ਸ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਇਨ੍ਹਾਂ ਪ੍ਰਦਰਸ਼ਨਾਂ ਦੀ ਪਹਿਲੀ ਲੜੀ ਦੀ ਸ਼ੁਰੂਆਤ 10 ਜੁਲਾਈ ਤੋਂ ਕੀਤੀ ਜਾਵੇਗੀ ਜੋਕਿ 15ਅਗਸਤ ਤੱਕ ਚੱਲਣਗੇ, ਆਖਰੀ ਪ੍ਰੋਗਰਾਮ ਜਲੰਧਰ ਵਿਖੇ ਹੋਵੇਗਾ। ਸ ਗੜ੍ਹੀ ਨੇ ਕਿਹਾ ਕਿ ਜਦੋਂ ਦੀ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ ਉਦੋਂ ਤੋਂ ਹੀ ਸੂਬੇ ਵਿਚ ਦਲਿਤ-ਪਛੜੇ ਵਰਗਾਂ ਨੂੰ ਦਬਾਉਣ ਦਾ ਕੰਮ ਕੀਤਾ ਜਾ ਰਿਹਾ ਹੈ ਅਤੇ ਗਰੀਬ ਮਜ਼ਲੂਮ ਵਰਗਾਂ ਤੇ ਪੁਲਿਸ ਵਲੋਂ ਨਜਾਇਜ ਪਰਚੇ ਪਾਏ ਜਾ ਰਹੇ ਹਨ।



ਉਨ੍ਹਾਂ ਕਿਹਾ ਕਿ ਸਰਕਾਰ ਦਲਿਤਾਂ ਦੇ ਹੱਕ ਵੀ ਖੋਹ ਰਹੀ ਹੈ ਤੇ ਵਿਰੋਧ ਕਰਨ ਦਾ ਹੱਕ ਵੀ ਖੋਹ ਰਹੀ ਹੈ। ਕੇਜਰੀਵਾਲ ਤੇ ਭਗਵੰਤ ਮਾਨ ਦੀ ਸਰਕਾਰ ਸੂਬੇ ਵਿਚ ਤਾਨਾਸ਼ਾਹੀ ਵੱਲ ਤੁਰੀ ਹੋਈ ਹੈ, ਜਦੋਂਕਿ ਗਰੀਬਾਂ ਦੇ ਨੀਲੇ ਕਾਰਡ ਕੱਟਣ ਨਾਲ ਸਰਕਾਰ ਦੀ ਅਸਫ਼ਲਤਾ ਸਿੱਧ ਹੋਈ ਹੈ। ਉਨ੍ਹਾਂ ਕਿਹਾ ਕਿ ਇਕ ਪਾਸੇ ਸਰਕਾਰ ਦਲਿਤ ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਲਾਗੂ ਨਹੀਂ ਕਰ ਰਹੀ ਜਿਸ ਕਾਰਨ ਗਰੀਬ ਵਿਦਿਆਰਥੀਆਂ ਨੂੰ ਪੇਪਰ ਵਿਚ ਵੀ ਬੈਠਣ ਨਹੀਂ ਦਿੱਤਾ ਜਾ ਰਿਹਾ ਤੇ ਇਸ ਸੰਬੰਧੀ ਜਲੰਧਰ ਵਿਚ ਜਦੋਂ ਵਿਦਿਆਰਥੀਆਂ ਨੇ ਪ੍ਰਦਰਸ਼ਨ ਕੀਤਾ ਤਾਂ ਜਲੰਧਰ ਦੇ ਪੁਲਿਸ ਕਮਿਸ਼ਨਰ ਕੁਲਦੀਪ ਸਿੰਘ ਚਾਹਲ ਨੇ ਵਿਦਿਆਰਥੀਆਂ ਉੱਤੇ ਲਾਠੀਚਾਰਜ ਕਰਕੇ ਜਬਰੀ ਚੁਕਵਾਕੇ ਥਾਣੇ ਲੈ ਆਇਆ, ਜਿਸ ਵਿਚ ਦਲਿਤ ਵਿਦਿਆਰਥਣਾ ਵੀ ਸ਼ਾਮਿਲ ਸਨ। ਇਸ ਤਰ੍ਹਾਂ ਹੀ




ਜਲੰਧਰ ਦੇ ਮੁਹੱਲੇ ਸਈਪੁਰ ਵਿਖੇ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ ਦੇ ਨਾਂ ਤੇ ਪਾਰਕ ਨੂੰ ਤੋੜਨ ਦਾ ਵਿਰੋਧ ਕਰ ਰਹੇ ਬਸਪਾ ਦੇ ਸੂਬਾ ਜਨਰਲ ਸਕੱਤਰ ਐਡਵੋਕੇਟ ਬਲਵਿੰਦਰ ਕੁਮਾਰ ਤੇ ਉਨ੍ਹਾਂ ਦੇ ਸਾਥੀਆਂ ਤੇ ਕਮਿਸ਼ਨਰੇਟ ਪੁਲਿਸ ਵਲੋ ਅਣਮਨੁੱਖੀ ਵਰਤਾਅ ਤੇ ਤਸ਼ੱਦਦ ਕੀਤਾ ਗਿਆ। ਇਸ ਤੋਂ ਇਲਾਵਾ ਫਗਵਾੜਾ ਵਿੱਚ ਬਸਪਾ ਦੇ ਕੌਂਸਲਰ ਤੇਜਪਾਲ ਬਸਰਾ ਦੇ ਨਜਾਇਜ ਪਰਚਾ ਦਰਜ਼ ਕੀਤਾ ਗਿਆ। ਇਸ ਤਰ੍ਹਾਂ ਹੀ ਪੰਜਾਬ ਭਰ ਵਿੱਚ ਦਲਿਤ ਪਛੜੇ, ਕਿਰਤੀ ਕਿਸਾਨ, ਸਿੱਖ ਨੌਜਵਾਨਾਂ, ਮੁਲਾਜ਼ਮਾਂ, ਮੀਡੀਆ ਤੇ ਆਪ ਸਰਕਾਰ ਵੱਲੋਂ ਪੁਲੀਸ ਰਾਹੀਂ ਅਤਿਆਚਾਰ ਕੀਤਾ ਜਾ ਰਹੇ ਹਨ, ਜਿਨ੍ਹਾਂ ਦਾ ਬਸਪਾ ਤਿੱਖਾ ਵਿਰੋਧ ਕਰੇਗੀ ਲ ਉਨ੍ਹਾਂ ਕਿਹਾ ਕਿ ਸਰਕਾਰ ਤੇ ਪੁਲਿਸ ਪ੍ਰਸ਼ਾਸ਼ਨ ਬਸਪਾ ਵੱਲੋ ਲੋਕ ਸਭਾ ਪੱਧਰੀ ਪ੍ਰਦਰਸ਼ਨਾਂ ਤਹਿਤ ਪਹਿਲਾਂ ਪ੍ਰਦਰਸ਼ਨ 10 ਜੁਲਾਈ ਨੂੰ ਪਟਿਆਲਾ ਲੋਕਸਭਾ,14 ਜੁਲਾਈ ਨੂੰ ਸੰਗਰੂਰ ਤੇ ਲੁਧਿਆਣਾ, 17 ਜੁਲਾਈ ਨੂੰ ਫਰੀਦਕੋਟ ਤੇ ਅੰਮ੍ਰਿਤਸਰ, 21 ਜੁਲਾਈ ਨੂੰ ਬਠਿੰਡਾ ਲੋਕ ਸਭਾ ਤੇ ਖਡੂਰ ਸਾਹਿਬ ਲੋਕ ਸਭਾ, 25 ਜੁਲਾਈ ਨੂੰ ਫ਼ਤਹਿਗੜ੍ਹ ਲੋਕ ਸਭਾ ਤੇ ਫਿਰੋਜ਼ਪੁਰ ਲੋਕ ਸਭਾ, 28 ਜੁਲਾਈ ਨੂੰ ਹੋਸ਼ਿਆਰਪੁਰ ਲੋਕ ਸਭਾ ਅਤੇ 31 ਜੁਲਾਈ ਨੂੰ ਸ੍ਰੀ ਅਨੰਦਪੁਰ ਸਾਹਿਬ ਅਤੇ ਗੁਰਦਾਸਪੁਰ ਲੋਕ ਸਭਾ ਵਿਖੇ ਪ੍ਰਦਰਸ਼ਨ ਤੇ ਮਾਰਚ ਕੀਤੇ ਜਾਣਗੇ, ਜਦੋਂ ਕਿ ਆਖਰੀ ਪ੍ਰੋਗਰਾਮ ਜਲੰਧਰ ਲੋਕ ਸਭਾ ਦਾ ਹੋਵੇਗਾ। ਇਸ ਮੌਕੇ ਗਵਰਨਰ ਦੇ ਨਾਮ ਮੈਮੋਰੰਡਮ ਦਿੱਤੇ ਜਾਣਗੇ।

ਇਸ ਮੌਕੇ ਸੂਬਾ ਇੰਚਾਰਜ ਸ਼੍ਰੀ ਅਜੀਤ ਸਿੰਘ ਭੈਣੀ, ਸੂਬਾ ਉਪਪ੍ਰਧਾਨ ਬਲਦੇਵ ਸਿੰਘ ਮਹਿਰਾਂ, ਸੂਬਾ ਜਨਰਲ ਸਕੱਤਰ ਸ਼੍ਰੀ ਬਲਵਿੰਦਰ ਕੁਮਾਰ, ਸ਼੍ਰੀ ਕੁਲਦੀਪ ਸਿੰਘ ਸਰਦੂਲਗੜ੍ਹ, ਚੌਧਰੀ ਗੁਰਨਾਮ ਸਿੰਘ, ਸ਼੍ਰੀ ਚਮਕੌਰ ਸਿੰਘ ਵੀਰ, ਸ਼੍ਰੀ ਜਗਜੀਤ ਸਿੰਘ ਛੜਵੜ, ਸ਼੍ਰੀ ਤਰਸੇਮ ਥਾਪਰ, ਸ਼੍ਰੀ ਪਰਵੀਨ ਬੰਗਾ, ਰਾਜਾ ਰਾਜਿੰਦਰ ਸਿੰਘ, ਸ਼੍ਰੀ ਕੁਲਵੰਤ ਸਿੰਘ ਮਹਤੋ, ਡਾ ਜਸਪ੍ਰੀਤ ਸਿੰਘ, ਸ਼੍ਰੀ ਗੁਰਬਖਸ ਸਿੰਘ ਚੌਹਾਨ, ਸ਼੍ਰੀ ਓਮ ਪ੍ਰਕਾਸ਼ ਸਰੋਏ, ਸ਼੍ਰੀ ਬਲਵਿੰਦਰ ਬਿੱਟਾ ਆਦਿ ਹਾਜ਼ਿਰ ਸਨ।

# ਬਸਪਾ ਸਾਂਸਦ ਹਰਭਜਨ ਲਾਖਾ ਨੂੰ ਯਾਦ ਕਰਦਿਆਂ...

ਕੁੱਝ ਇਨਸਾਨ ਅਜਿਹੇ ਹੁੰਦੇ ਹਨ, ਜੋ ਕੁੱਝ ਸਮਾਂ ਸਾਨੂੰ ਯਾਦ ਰਹਿੰਦੇ ਹਨ ਤੇ ਹੌਲ਼ੀ-ਹੌਲ਼ੀ ਸਾਡੇ ਚੇਤਿਆਂ 'ਚੋਂ ਵਿਸਰ ਜਾਂਦੇ ਹਨ। ਹਜਾਰਾਂ ਲੋਕ ਸਾਡੇ ਸਾਹਮਣੇ ਅਲੋਪ ਹੋ ਗਏ, ਭਾਵ ਅਗਨੀ ਭੇਂਟ ਹੋ ਗਏ। ਪਰ ਹੁਣ ਤੱਕ ਸਾਨੂੰ ਕਿੰਨੇ ਕੁ ਚੇਤੇ ਨੇ ਤੇ ਕਿੰਨਿਆਂ ਕੁ ਨੇ ਸਾਡੀ ਜ਼ਿੰਦਗੀ 'ਚ ਸਾਡੀ ਕੋਈ ਮਦਦ ਕੀਤੀ, ਰਾਹ ਦਸੇਰਾ ਬਣੇ ਤੇ ਸਮਾਜ ਲਈ ਆਪਾ ਵਰਿਆ ? ਪਰ ਸ਼੍ਰੀ ਹਰਭਜਨ ਲਾਖਾ ਨੂੰ ਕਦੇ ਵੀ ਚੇਤਿਆਂ 'ਚੋਂ ਵਿਸਾਰਿਆ ਨਹੀਂ ਜਾ ਸਕਦਾ।

ਜੇ ਮੈਂ ਆਪਣੇ ਚੇਤੇ 'ਚ ਥੋੜ੍ਹਾ ਜਿਹਾ ਬੋਝ ਪਾਵਾਂ ਤਾਂ ਬੰਗਾ ਦੇ ਪੂੰਨੀਆਂ ਰੇਲਵੇ ਫਾਟਕ ਕੋਲ ਸ਼੍ਰੀ ਹਰਭਜਨ ਲਾਖਾ ਜੀ ਦੀ ਖਾਦ ਦੀ ਦੁਕਾਨ ਸੀ ਤੇ ਜੱਦੀ ਮੋਟਰਸਾਇਕਲ। ਬੜਾ ਲੰਮਾ ਸਮਾਂ ਉਹਨਾਂ ਨੇ ਜੱਦੀ ਮੋਟਰਸਾਇਕਲ ਚਲਾਇਆ ਤੇ ਵਰਕਰਾਂ ਨੇ ਵੀ ਖੂਬ ਪਿੰਡਾਂ 'ਚ ਪ੍ਰਚਾਰ-ਪ੍ਰਸਾਰ ਲਈ ਵਰਤਿਆ। ਫਿਰ ਚਿੱਟੇ ਦੀ ਜਿਪਸੀ ਰਹੀ। ਜਿਪਸੀ ਅਕਸਰ ਗੁਣਾਚੌਰ ਵਾਲੇ ਭਾਰਤ ਦੇ ਮਸ਼ਹੂਰ ਵ੍ਹੇਟ ਲਿਫਟਰ ਜਗਦੀਸ਼ ਗੁਰੂ ਕਈ ਵਾਰ ਚਲਾਉਂਦਾ ਮੈਂ ਆਪਣੇ ਅੱਖੀ ਦੇਖਿਆ।

ਸਿਆਸੀ ਪਾਰਟੀਆਂ ਜਾਂ ਤਾਂ ਤੁਹਾਨੂੰ ਮਾਲੋ-ਮਾਲ ਕਰ ਦਿੰਦੀਆਂ ਹਨ ਜਾਂ ਫਿਰ ਤੁਹਾਨੂੰ ਅਜਿਹਾ ਗੇੜ੍ਹ ਆ ਜਾਂਦਾ ਹੈ ਕਿ ਵਿਅਕਤੀ ਨੂੰ ਪਤਾ ਹੀ ਨਹੀਂ ਲੱਗਦਾ ਕਿ ਕਦੋਂ ਸਭ ਕੁੱਝ ਤਬਾਅ ਹੋ ਗਿਆ। ਲੱਖਾਂ ਨਹੀਂ ਤਾਂ ਹਜਾਰਾਂ ਲੋਕਾਂ ਨੂੰ ਮੈਂ ਜਾਣਦਾ ਹਾਂ ਤਾਂ ਅੰਦਰੋਂ ਰੋਣਾ ਆ ਜਾਂਦਾ ਹਾਂ। ਇਹਨਾਂ ਮਿਸ਼ਨਰੀ ਸਾਥੀਆਂ ਨੇ ਅੱਜ ਜਾਂ ਕੱਲ੍ਹ ਹੁਕਮਰਾਨ ਬਣਨ ਦੇ ਸੁਪਨੇ ਸਜਾਏ ਹੋਏ ਸਨ। ਇਹ ਸੁਪਨੇ ਪੂਰੇ ਨਹੀਂ ਹੋਏ, ਸਗੋਂ ਲੁੱਟ-ਪੁੱਟ ਹੋ ਗਏ। ਪਰ ਰਾਜਭਾਗ ਲਈ ਸਿਰਫ ਉੱਤਰ-ਪ੍ਰਦੇਸ਼ ਇਕਲੌਤਾ ਰਾਜ ਰਾਜਧਾਨੀ ਬਣ ਗਿਆ। ਪੰਜਾਬ ਨੂੰ ਤਾਂ ਜਿੱਦਾਂ ਕਹਿੰਦੇ ਨਜਰ ਹੀ ਲੱਗ ਗਈ।

1989 ਈ: ਵਿੱਚ ਜਦੋਂ ਮੈਂ ਸਿੱਖ ਨੈਸ਼ਨਲ ਕਾਲਜ (ਚਰਨ ਕੰਵਲ) ਬੰਗਾ ਵਿਖੇ ਬੀ.ਏ. ਦਾ ਵਿਦਿਆਰਥੀ ਸੀ ਤਾਂ ਕਾਲਜ ਵਿੱਚ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਮਨਾਉਣ ਸਮੇਂ ਸ਼੍ਰੀ ਹਰਭਜਨ ਲਾਖਾ ਜੀ ਨੂੰ ਮੁੱਖ ਮਹਿਮਾਨ ਵਜੋਂ ਸਤਿਕਾਰ ਦਿੱਤਾ ਤੇ ਉਹਨਾਂ ਨੇ ਸਾਰੇ ਵਿਦਿਆਰਥੀਆਂ ਨੂੰ ਲਗਨ, ਮਿਹਨਤ ਨਾਲ ਜ਼ਿੰਦਗੀ 'ਚ ਅੱਗੇ ਵਧਣ ਲਈ ਹੱਲਾਸ਼ੇਰੀ ਦਿੱਤੀ।

ਜਦੋਂ ਮੈਂ ਲਾਖਾ ਜੀ ਵਾਰੇ ਸੋਚਦਾ ਹਾਂ ਤਾਂ ਮੈਨੂੰ ਇੰਝ ਲੱਗਦਾ ਹੈ ਕਿ ਜਿਵੇਂ ਉਹ ਅੱਜ ਵੀ ਮੇਰੇ ਇਰਦ-ਗਿਰਦ, ਅੰਗ-ਸੰਗ ਹੀ ਹਨ, ਉਹ ਬੜੇ ਬੇਵਾਕ ਮਨੁੱਖ ਸਨ। ਜਿੱਥੋਂ ਤੱਕ ਮੈਂ ਜਾਣ ਸਕਿਆ, ਉਹ ਅੰਦਰੋਂ ਮਿਸ਼ਨ ਨਾਲ ਲਿਪਤ ਸਨ। ਭਾਵੇਂ ਉਹ ਦੋ ਵਾਰ ਲੋਕ ਸਭਾ ਹਲਕਾ ਫਿਲੌਰ ਤੋਂ ਸਾਂਸਦ ਰਹੇ। ਇਹ ਰਾਜਨੀਤਿਕ ਖੇਤਰ ਹੈ, ਇਸ ਦੇ ਬਾਵਜੂਦ ਉਹ ਪੱਕੇ ਮਿਸ਼ਨਰੀ ਸਨ। ਮਿਸ਼ਨ ਉਹਨਾਂ ਦੇ ਹੱਡਾਂ ਵਿੱਚ ਵਸਿਆ ਹੋਇਆ ਸੀ। ਜਦੋਂ ਮੈਂ ਤਹਿਸੀਲ ਕੰਪਲੈਕਸ ਬੰਗਾ ਵਿਖੇ ਅਸ਼ਟਾਮ ਫਿਰੋਸ਼ ਦਾ ਲਾਇਸੰਸ ਲਿਆ ਤਾਂ ਮੈਨੂੰ ਕਹਿਣ ਲੱਗੇ ਕਿ ਬ੍ਰਾਹਮਣਵਾਦੀ ਸੋਚ ਵਾਲੇ ਮਨੁੱਖਾਂ ਤੋਂ ਕੰਮ ਖੋਹ ਕੇ ਆਪਣੇ ਲੋਕਾਂ ਦੀ ਵੱਧ ਤੋਂ ਵੱਧ ਮਦਦ ਕਰੋ। ਉਹਨਾਂ ਸਮਿਆਂ ਦੌਰਾਨ ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲਾ ਨੇ ਜਲਦੀ ਪਾਸਪੋਰਟ ਲੈਣ ਲਈ ਹਲਕੇ ਦੇ ਐਮ.ਪੀ. ਦੀ ਸਿਫਾਰਸ਼ 'ਤੇ ਜਲਦੀ ਪਾਸਪੋਰਟ ਦੇਣ ਦਾ ਪੱਤਰ ਜਾਰੀ ਕਰ ਦਿੱਤਾ। ਪਾਸਪੋਰਟ ਦਫ਼ਤਰ ਵਾਲਿਆਂ ਨੇ ਪਾਸਪੋਰਟ ਫਾਰਮ ਦੇ ਨਾਲ ਹੀ ਪ੍ਰਫਾਰਮਾ ਲਗਾ ਦਿੱਤਾ। ਇੱਕ ਦਿਨ ਮੈਂ ਲਾਖਾ ਜੀ ਨੂੰ ਫ਼ੋਨ ਕੀਤਾ ਕਿ ਲਾਖਾ ਜੀ ਮਿਲਣਾ ਹੈ,



ਕੰਮ ਹੈ ਉਹਨਾਂ ਨੇ ਕਿਹਾ ਕਿ ਮੈਂ ਮੁਕੰਦਪੁਰ ਰੋਡ, ਬੰਗਾ ਵਿਖੇ ਹਾਂ। ਮੈਂ ਉਸੇ ਵਕਤ 15-20 ਖਾਲੀ ਫਾਰਮ ਲੈ ਕੇ ਉਹਨਾਂ ਪਾਸ ਪਹੁੰਚ ਗਿਆ। ਜਦੋਂ ਮੈਂ ਉਹਨਾਂ ਨੂੰ ਫਾਰਮ ਦਿੱਤੇ ਤਾਂ ਉਹ ਦਸਤਖ਼ਤ ਕਰਨ ਲੱਗ ਪਏ ਅਤੇ ਕਹਿਣ ਲੱਗੇ ਕਿ ਪਹਿਲਾਂ ਸਾਡੇ ਬਜੁਰਗਾਂ ਤੋਂ ਅੰਗੂਠੇ ਲਗਾਉਂਦੇ ਰਹੇ ਤੇ ਹੁਣ ਸਾਥੋਂ ਪੜ੍ਹਿਆਂ-ਲਿਖਿਆਂ ਤੋਂ ਦਸਤਖ਼ਤ, ਅਜਿਹੇ ਸਨ ਸ਼੍ਰੀ ਲਾਖਾ ਜੀ।

ਬਹੁਤ ਸਾਰੇ ਲੀਡਰਾਂ ਨੇ ਬਹੁਜਨ ਸਮਾਜ ਪਾਰਟੀ, ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਤੇ ਵਿਚਾਰਧਾਰਾ ਦਾ ਭਰਪੂਰ ਲਾਭ ਲਿਆ। ਪਰ ਜਿੱਥੋਂ ਤੱਕ ਮੇਰੀ ਜਾਣਕਾਰੀ ਹੈ, ਉਹ ਰਾਜਨੀਤੀ ਨਾਲੋਂ ਸਮਾਜਿਕ ਵਿਅਕਤੀ ਵੱਧ ਸਨ। ਉਹਨਾਂ ਦੇ ਅੰਦਰ ਸਮਾਜ ਤੇ ਦੇਸ਼ ਦੇ ਦਲਿਤਾਂ-ਬਹੁਜਨਾਂ ਦੀ ਦਰਦ ਪੀੜ੍ਹਾ ਸੀ। ਉਹਨਾਂ ਨੇ ਪਾਰਟੀ ਤੋਂ ਨਿੱਜੀ ਲਾਭ ਨਹੀਂ ਲਿਆ। ਮੈਂ ਅਨੇਕਾਂ ਲੀਡਰਾਂ ਨੂੰ ਜਾਣਦਾ ਹਾਂ, ਜਿਹਨਾਂ ਨੇ ਪਲਾਟ, ਪੈਟਰੋਲ ਪੰਪ ਤੇ ਹੋਰ ਪਤਾ ਨਹੀਂ ਕੀ-ਕੀ ਸਰਕਾਰਾਂ ਤੋਂ ਲਾਭ ਲਿਆ ?

ਬੇਸ਼ੱਕ ਅੱਜ ਲਾਖਾ ਜੀ ਦਾ ਪਰਿਵਾਰ ਕੈਨੇਡਾ ਵਿੱਚ ਖੁਸ਼ਹਾਲ ਜ਼ਿੰਦਗੀ ਬਤੀਤ ਕਰ ਰਿਹਾ ਹੈ, ਉਹ ਹੈ ਕਿ ਸਭ ਤੋਂ ਵੱਡੇ ਲੜਕੇ ਕਮਲਜੀਤ ਲਾਖਾ ਦਾ ਕੈਨੇਡੀਅਨ ਲੜਕੀ ਨਾਲ ਵਿਆਹ ਤੇ ਬਾਕੀ ਪਰਿਵਾਰਕ ਆਧਾਰ 'ਤੇ ਰੈਗੂਲਰ ਪੜ੍ਹਾਈ ਕਰਕੇ ਹੋਣ ਕਰਕੇ ਰਸ਼ਪਾਲ ਲਾਖਾ ਤੇ ਪਰਮਜੀਤ ਲਾਖਾ ਦਾ ਕੈਨੇਡਾ ਜਾਣ ਦਾ ਸਬੱਬ ਬਣ ਗਿਆ।

ਸਿਆਸਤ, ਅਫ਼ਸਰਸ਼ਾਹੀ ਤੇ ਆਮ ਜ਼ਿੰਦਗੀ ਵਿੱਚ ਇੱਕ ਸ਼ਬਦ ਹੈ-ਫ਼ਾਰਮੈਲਿਟੀ। ਫ਼ਾਰਮੈਲਿਟੀ ਮੈਨੂੰ ਲਾਖਾ ਜੀ ਦੇ ਘਰ 'ਚ ਤੇ ਖੁਦ ਲਾਖਾ ਜੀ ਤੋਂ ਕਦੇ ਵੀ ਜ਼ਿੰਦਗੀ 'ਚ ਦੇਖਣ ਨੂੰ ਨਹੀਂ ਮਿਲੀ। ਉਹ ਇਤਿਹਾਸ ਖਾਸ ਕਰਕੇ ਦਲਿਤ ਅਤੇ ਸਿੱਖ ਇਤਿਹਾਸ ਤੋਂ ਚੰਗੀ ਤਰ੍ਹਾਂ ਜਾਣੂੰ ਸਨ। ਮੈਂ ਲਾਖਾ ਜੀ ਨੂੰ ਜਿੰਨੀ ਵਾਰੀ ਵੀ ਉਹਨਾਂ ਦੇ ਘਰ ਮਿਲਿਆ, ਮੈਨੂੰ ਕਦੀ ਵੀ ਬੇਗ਼ਾਨਗੀ ਦਾ ਅਨੁਭਵ ਨਹੀਂ ਹੋਇਆ। ਉਹ ਬੋਲ-ਭੜੱਕ ਜਰੂਰ ਹੋ ਸਕਦੇ ਹਨ, ਪਰ ਮਨ ਦੇ ਸੱਚੇ ਸਨ।

ਮੇਰਾ ਉਹਨਾਂ ਨਾਲ ਆਖਰੀ ਦਿਨਾਂ 'ਚ ਕਿੰਨਾ ਤੇਹ-ਪਿਆਰ ਹੋਵੇਗਾ। ਉਹਨਾਂ ਨੇ ਕਦੇ ਮੇਰੀ ਦੁਕਾਨ ਲੱਖਪੁਰੀ ਮਾਰਕਿਟ, ਬੰਗਾ 'ਤੇ ਆ ਜਾਣਾ, ਕਦੇ ਮੈਨੂੰ ਘਰ ਬੰਗਾ ਵਿਖੇ ਸੱਦ ਲੈਣਾ। ਅੱਜ ਵੀ ਉਹਨਾਂ ਦੀਆਂ ਜੋ ਫੋਟੋਆਂ ਐਮ.ਸੀ. ਕਲੌਨੀ ਬੰਗਾ ਵਾਲੇ ਘਰ ਵਿੱਚ ਉਹਨਾਂ ਦੇ ਸਰਦਾਰ ਚਿਹਰੇ ਦੀਆਂ ਹਨ, ਉਹ ਸਾਰੀਆਂ ਫੋਟੋਆਂ ਮੇਰੇ ਵਲੋਂ ਖਿੱਚੀਆਂ ਗਈਆਂ ਹਨ। ਉਸ ਸਮੇਂ ਮੇਰੇ ਨਾਲ ਮੇਰੇ ਪੁਰਾਣੇ ਮਿੱਤਰ ਤਿਲਕ ਰਾਜ ਵੀ ਨਾਲ ਸਨ। ਉਸੇ ਦਿਨ ਮੈਂ ਰਾਤ ਨੂੰ ਪੰਮੀ ਲਾਲੋ ਮਜਾਰਾ ਨਾਲ ਕਿਸੇ ਜਰੂਰੀ ਕੰਮ ਲਈ ਦਿੱਲੀ ਚਲਾ ਗਿਆ। ਦੂਜੇ ਦਿਨ ਦਿੱਲੀ ਵਿਖੇ ਮੈਨੂੰ ਸਵੇਰੇ 6 ਵਜੇ ਪਤਾ ਲੱਗਾ ਕਿ ਲਾਖਾ ਜੀ ਤਾਂ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਆਖ ਗਏ ਤਾਂ ਮੇਰਾ ਦਿਲ ਬਹੁਤ ਰੋਇਆ। ਮੇਰੀਆਂ ਅੱਖਾਂ ਦੇ ਸਾਹਮਣੇ 30-40 ਸਾਲਾਂ ਦੇ ਦ੍ਰਿਸ਼ ਆਉਣ ਲੱਗੇ। ਕਦੇ ਉਹਨਾਂ ਦੀ ਜਲੰਧਰ ਦੂਰਦਰਸ਼ਨ ਦੀ ਇੰਟਰਵਿਊ, ਕਦੀ ਉਹਨਾਂ ਦਾ ਨਵਾਂਸ਼ਹਿਰ ਵਿਖੇ ਦਿੱਤਾ ਭਾਸ਼ਣ, ਕਦੇ ਖਾੜਕੂ ਤੂਫ਼ਾਨ ਸਿੰਘ ਤਫ਼ਾਨ ਵਾਰੇ ਸੰਸਦ ਵਿੱਚ ਬੋਲਣਾ। ਕਦੇ ਭਾਰਤ ਸਰਕਾਰ ਵਲੋਂ ਜੇਲ੍ਹ 'ਚ ਡੱਕਣਾ ਤੇ ਕਦੇ 25 ਸਾਲਾਂ ਦੀ ਉਮਰ 'ਚ ਪਰਮਜੀਤ ਗੋਸਲ ਲਈ ਪਾਰਟੀ ਦੀ ਟਿਕਟ ਲੈ ਕੇ ਆਉਣਾ। ਮੈਨੂੰ ਉਹ ਵੀ ਦ੍ਰਿਸ਼ ਯਾਦ ਹੈ ਜਦੋਂ ਪਰਮਜੀਤ ਗੋਸਲ ਮਿਸ਼ਨਰੀ ਗੀਤਕਾਰ ਤੇ ਇੱਕ ਵੱਡੇ ਆਗੂ ਦੀ ਮ੍ਰਿਤਕ ਦੇਹ 'ਤੇ ਨੀਲਾ ਕੱਫ਼ਣ ਪਾ ਕੇ ਸਾਰੇ ਤੜਫ਼ ਉੱਠੇ ਸਨ, ਇਹ ਸਮੇਂ ਤੋਂ ਪਹਿਲਾਂ ਕਿੰਨੇ ਲੋਕ ਮੌਤ ਦੇ ਮੂੰਹ ਵਿੱਚ ਤੰਗੀਆਂ-ਤਰੁਸ਼ੀਆਂ ਕਾਰਨ ਜਾ ਚੁੱਕੇ ਹਨ।


ਸੰਤੋਖ ਸਿੰਘ ਜੱਸੀ
91-70876–19800

ਜ ਦੋਂ ਲਾਖਾ ਜੀ ਦਾ ਅੰਤਿਮ ਸੰਸਕਾਰ ਉਹਨਾਂ ਦੇ ਜੱਦੀ ਪਿੰਡ ਕਰਨਾਣਾ ਵਿਖੇ ਕਰਨ ਲੱਗੇ ਤਾਂ ਪੁਲਿਸ ਤੇ ਸਿਵਲ ਪ੍ਰਸ਼ਾਸਨ ਭੁੱਲ ਗਿਆ ਕਿ ਇੱਕ ਸਾਂਸਦ ਆਗੂ ਨੂੰ ਪੁਲਿਸ ਵਲੋਂ ਗਾਰਡ ਔਫ ਔਨਰ ਦੇਣਾ ਵੀ ਪ੍ਰੋਟੋਕੌਲ ਵਿੱਚ ਹੁੰਦਾ ਹੈ। ਜਦੋਂ ਪ੍ਰਸ਼ਾਸਨ ਨੂੰ ਆਪਣੀ ਇਸ ਗਲਤੀ ਦਾ ਅਹਿਸਾਸ ਹੋਇਆ ਤਾਂ ਉਹਨਾਂ ਨੇ ਮਿਸ਼ਨਰੀ ਪਰਿਵਾਰਾਂ ਦੇ ਮੁਲਾਜਮਾਂ ਤੇ ਅਫ਼ਸਰਾਂ ਨੂੰ ਭੇਜਿਆ ਕਿ ਗੱਲ ਕਿੱਧਰੇ ਪ੍ਰੈੱਸ-ਮੀਡੀਆ ਵਿੱਚ ਨਾ ਆ ਜਾਵੇ। ਫਿਰ ਇਤਿਹਾਸ ਵੱਲ ਝਾਤੀ ਮਾਰੀਏ ਤਾਂ ਪਤਾ ਚੱਲਦਾ ਹੈ ਕਿ ਹਜਾਰਾਂ ਸਾਲਾਂ ਤੋਂ ਸਾਡੇ ਸਮਾਜ ਨਾਲ ਧੱਕਾ-ਵਿਤਕਰਾ ਹੁੰਦਾ ਆਇਆ ਹੈ ਤੇ ਇਹ ਕਦੋਂ ਰੁਕੇਗਾ ? ਇਸ ਮੌਕੇ ਸ਼੍ਰੀ ਲਾਖਾ ਜੀ ਦੇ ਗੰਨਮੈਨ ਰਹੇ ਬਲਵਿੰਦਰ ਸਿੰਘ ਚਾਹਲਾਂ ਵਾਲੇ ਆਪਣੇ ਮਹਿਬੂਬ ਨੇਤਾ ਨੂੰ ਵਿਦਾ ਕਰਨ ਲਈ ਸ਼ਮਸ਼ਾਨਘਾਟ ਦੀ ਸਾਫ਼-ਸਫ਼ਾਈ ਤੇ ਆਉਣ ਵਾਲਿਆਂ ਦੀਆਂ ਸਹੂਲਤਾਂ ਲਈ ਨੱਠ-ਭੱਜ ਕਰਦਾ ਨਜਰ ਆਇਆ।

ਵਰਕਰ ਤੇ ਨੇਤਾ ਬਹੁਤ ਹਨ ਤੇ ਬਹੁਤੇ ਚਲੇ ਗਏ। ਕੁਦਰਤ ਦੇ ਨਿਯਮ ਮੁਤਾਬਿਕ ਸਭ ਨੇ ਚਲੇ ਜਾਣਾ ਹੈ। ਪਰ ਜੋ ਅਸੀਂ ਆਪਣੀ ਜ਼ਿੰਦਗੀ 'ਚ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਤੋਂ ਬਾਅਦ ਪੰਜਾਬੀ, ਹਿੰਦੀ ਤੇ ਫਰਾਟੇਦਾਰ ਅੰਗਰੇਜ਼ੀ ਬੋਲਣ ਵਾਲਾ ਬੇਵਾਕ ਆਗੂ ਦੇਖਿਆ ਤਾਂ ਉਹਨਾਂ ਵਿੱਚ ਸ਼੍ਰੀ ਹਰਭਜਨ ਲਾਖਾ ਜੀ ਦਾ ਨਾਮ ਵੀ ਮੂਹਰਲੀਆਂ ਕਤਾਰਾਂ ਵਿੱਚ ਆਉਂਦਾ ਹੈ। ਮਹਾਂਪੁਰਸ਼ਾਂ ਦਾ ਮਿਸ਼ਨ ਹਜਾਰਾਂ ਸਾਲਾਂ ਤੋਂ ਚੱਲਦਾ ਆ ਰਿਹਾ ਹੈ। ਆਧੁਨਿਕ ਰਾਜਨੀਤੀ 'ਚ 170-180 ਸਾਲਾਂ ਤੋਂ ਬੜੀ ਸਰਗਰਮੀ ਨਾਲ ਕੰਮ ਹੋਇਆ। ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਦਰ ਦਾ ਸ਼ਰਧਾਲੂ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦੇ ਪਰਿਵਾਰ ਪ੍ਰਤੀ ਘਾਲਣਾ ਹੋਣ ਕਾਰਨ ਸ਼੍ਰੀ ਲਾਖਾ ਜੀ ਨੂੰ ਉੱਤਰੀ ਭਾਰਤ ਦੇ ਹੀ ਨਹੀਂ, ਸਗੋਂ ਦੱਖਣੀ ਭਾਰਤ ਵਿੱਚ ਵੀ ਲਾਖਾ ਜੀ ਦੀ ਸਾਹਿਬ ਵਲੋਂ ਡਿਊਟੀ ਲੱਗਦੀ ਰਹੀ, ਕਿਉਂਕਿ ਦੱਖਣੀ ਭਾਰਤ ਵਿੱਚ ਲੋਕ ਹਿੰਦੀ ਘੱਟ ਸਮਝਦੇ ਸਨ ਅਤੇ ਲਾਖਾ ਜੀ ਫਰਾਟੇਦਾਰ ਅੰਗਰੇਜੀ ਲਿਖਣ ਤੇ ਬੋਲਣ ਵਿੱਚ ਮੁਹਾਰਤ ਰੱਖਦੇ ਸਨ।

ਅੱਜ ਜਦੋਂ ਵੀ ਵਿਸ਼ਵ ਹਿਰਦੇ 'ਚ ਮਨੁੱਖਤਾ ਵਸਦੀ ਰਹੇਗੀ, ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ, ਸਾਹਿਬ ਸ਼੍ਰੀ ਕਾਂਸ਼ੀ ਰਾਮ, ਹਰਭਜਨ ਲਾਖਾ ਵਰਗਿਆਂ ਵਾਰੇ ਕਲਮ ਇਤਿਹਾਸ ਲਿਖਦੀ ਰਹੇਗੀ।

# 'ਸੰਯੁਕਤ ਰਾਜ ਅਮਰੀਕਾ ਦਾ ਸੁਤੰਤਰਤਾ ਦਿਵਸ'



ਪ੍ਰੋ: ਐਚ. ਐਲ. ਕਪੂਰ

ਸੁਤੰਤਰਤਾ ਦਿਵਸ (4 ਜੁਲਾਈ, 1776): 4 ਜੁਲਾਈ- ਜਿਸ ਨੂੰ ਸੁਤੰਤਰਤਾ ਦਿਵਸ ਜਾਂ 4 ਜੁਲਾਈ ਵੀ ਕਿਹਾ ਜਾਂਦਾ ਹੈ- 1941 ਤੋਂ ਸੰਯੁਕਤ ਰਾਜ ਅਮਰੀਕਾ ਦੀ ਆਜ਼ਾਦੀ ਦੀ ਘੋਸ਼ਣਾ ਦੀ ਯਾਦ ਵਿਚ ਇਕ ਸੰਘੀ ਛੁੱਟੀ ਹੈ, ਪਰ ਸੁਤੰਤਰਤਾ ਦਿਵਸ ਦੇ ਜਸ਼ਨਾਂ ਦੀ ਪ੍ਰੰਪਰਾ 18ਵੀਂ ਸਦੀ ਅਤੇ ਅਮਰੀਕੀ ਕ੍ਰਾਂਤੀ ਤੱਕ ਚਲੀ ਜਾਂਦੀ ਹੈ, ਜਿਸ ਨੂੰ 4 ਜੁਲਾਈ, 1776 ਨੂੰ ਦੂਜੀ ਮਹਾਂਦੀਪੀ ਕਾਂਗਰਸ ਦੁਆਰਾ ਪ੍ਰਮਾਣਿਤ ਕੀਤਾ ਗਿਆ ਸੀ। 2 ਜੁਲਾਈ, 1776 ਨੂੰ, ਮਹਾਂਦੀਪੀ ਕਾਂਗਰਸ ਨੇ ਆਜ਼ਾਦੀ ਦੇ ਹੱਕ ਵਿਚ ਵੋਟ ਦਿੱਤੀ ਅਤੇ ਦੋ ਦਿਨ ਬਾਅਦ 13 ਕਲੋਨੀਆਂ ਦੇ ਡੈਲੀਗੇਟਾਂ ਨੇ ਆਜ਼ਾਦੀ ਦੀ ਘੋਸ਼ਣਾ ਨੂੰ ਅਪਣਾਇਆ, ਥਾਮਸ ਜੇਫਰਸਨ ਦੁਆਰਾ ਤਿਆਰ ਕੀਤਾ ਗਿਆ ਇਕ ਇਤਿਹਾਸਕ ਦਸਤਾਵੇਜ਼ ਬ੍ਰਿਟੇਨ ਦੇ ਬਾਦਸ਼ਾਹ ਕਿੰਗ ਜਾਰਜ 111 ਨੂੰ ਪੇਸ਼ ਕੀਤਾ ਗਿਆ ਸੀ ਕਿ ਹੁਣ ਇਹ 13 ਕਾਲੋਨੀਆਂ ਬ੍ਰਿਟੇਨ ਦੇ ਅਧੀਨ ਨਹੀਂ ਹਨ ਅਤੇ ਇਹ ਸੰਯੁਕਤ, ਆਜ਼ਾਦ ਅਤੇ ਸੁਤੰਤਰ ਰਾਜ ਹਨ। ਕਾਂਗਰਸ ਨੇ ਦੋ ਦਿਨ ਪਹਿਲਾਂ, 2 ਜੁਲਾਈ ਨੂੰ ਆਜ਼ਾਦੀ ਦੀ ਘੋਸ਼ਣਾ ਕਰਨ ਲਈ ਵੋਟ ਪਾਈ ਸੀ ਪਰ ਇਹ 4 ਜੁਲਾਈ ਤੱਕ ਘੋਸ਼ਿਤ ਨਹੀਂ ਕੀਤੀ ਗਈ ਸੀ, ਪਰ 1776 ਤੋਂ ਲੈ ਕੇ ਅੱਜ ਤੱਕ, 4 ਜੁਲਾਈ ਦਾ ਦਿਨ ਅਮਰੀਕੀ ਆਜ਼ਾਦੀ ਦੇ ਜਨਮ ਵਜੋਂ ਮਨਾਇਆ ਜਾਂਦਾ ਹੈ ਅਤੇ 2022 ਵਿਚ ਇਹ ਦਿਨ ਸੋਮਵਾਰ ਨੂੰ ਹੈ।

ਸੁਤੰਤਰਤਾ ਦਿਵਸ ਆਮ ਤੌਰ 'ਤੇ ਆਤਿਸ਼ਬਾਜ਼ੀ, ਪਰੇਡ, ਬਾਰਬਿਕਯੂ, ਕਾਰਨੀਵਾਲ, ਮੇਲੇ, ਪਿਕਨਿਕ, ਸੰਗੀਤ ਸਮਾਰੋਹ, ਬੇਸਬਾਲ ਖੇਡਾਂ, ਪਰਿਵਾਰਕ ਪੁਨਰ-ਮਿਲਨ, ਰਾਜਨੀ-ਤਿਕ ਭਾਸ਼ਣ ਅਤੇ ਸਮਾਰੋਹਾਂ ਦੇ ਨਾਲ-ਨਾਲ ਇਤਿਹਾਸ, ਸਰਕਾਰ ਅਤੇ ਪ੍ਰੰਪਰਾਵਾਂ ਦਾ ਜਸ਼ਨ ਮਨਾਉਣ ਵਾਲੇ ਕਈ ਹੋਰ ਜਨਤਕ ਅਤੇ ਨਿੱਜੀ ਸਮਾਗਮਾਂ ਨਾਲ ਜੁੜਿਆ ਹੋਇਆ ਹੈ। ਸੰਯੁਕਤ ਰਾਜ ਸੁਤੰਤਰਤਾ ਦਿਵਸ ਸੰਯੁਕਤ ਰਾਜ ਅਮਰੀਕਾ ਦਾ ਰਾਸ਼ਟਰੀ ਦਿਨ ਹੈ।

**ਸੁਤੰਤਰਤਾ ਦਿਵਸ ਦਾ ਇਤਿਹਾਸ:** ਅਮਰੀਕੀ ਕ੍ਰਾਂਤੀ ਦੇ ਦੌਰਾਨ,1776 ਵਿਚ ਗ੍ਰੇਟ ਬ੍ਰਿਟੇਨ ਤੋਂ ਤੇਰਾਂ ਕਲੋਨੀਆਂ ਦਾ ਕਾਨੂੰਨੀ ਵੱਖ ਹੋਣਾ ਅਸਲ ਵਿਚ 2 ਜੁਲਾਈ ਨੂੰ ਹੋਇਆ ਸੀ, ਜਦੋਂ ਦੂਜੀ ਮਹਾਂਦੀਪੀ ਕਾਂਗਰਸ ਨੇ ਸੁਤੰਤਰਤਾ ਦੇ ਇਕ ਮਤੇ ਨੂੰ ਮਨਜ਼ੂਰੀ ਦੇਣ ਲਈ ਵੋਟ ਦਿੱਤੀ ਸੀ ਜੋ ਜੂਨ ਵਿਚ ਵਰਜੀਨੀਆ ਦੇ ਰਿਚਰਡ ਹੈਨਰੀ ਲੀ ਦੁਆਰਾ ਸੰਯੁਕਤ ਘੋਸ਼ਣਾ ਕਰਦੇ ਹੋਏ ਪ੍ਰਸਤਾਵਿਤ ਕੀਤਾ ਗਿਆ ਸੀ। ਗ੍ਰੇਟ ਬ੍ਰਿਟੇਨ ਦੇ ਸ਼ਾਸਨ ਤੋਂ ਆਜ਼ਾਦ ਰਾਜ, ਆਜ਼ਾਦੀ ਲਈ ਵੋਟ ਪਾਉਣ ਤੋਂ ਬਾਅਦ, ਕਾਂਗਰਸ ਨੇ ਆਜ਼ਾਦੀ ਦੇ ਘੋਸ਼ਣਾ ਪੱਤਰ ਵੱਲ ਆਪਣਾ ਧਿਆਨ ਮੋੜਿਆ, ਇਸ ਫੈਸਲੇ ਦੀ ਵਿਆਖਿਆ ਕਰਨ ਵਾਲਾ ਇਕ ਬਿਆਨ, ਜੋ ਥਾਮਸ ਜੇਫਰਸਨ ਦੇ ਨਾਲ ਪੰਜਾਂ ਦੀ ਇਕ ਕਮੇਟੀ ਦੁਆਰਾ ਤਿਆਰ ਕੀਤਾ ਗਿਆ ਸੀ। ਇਸ ਦੇ ਮੁੱਖ ਲੇਖਕ ਵਜੋਂ ਕਾਂਗਰਸ ਦੇ ਗੁਲਾਮ ਵਪਾਰ ਦੀ ਆਪਣੀ ਜ਼ੋਰਦਾਰ ਨਿੰਦਿਆ ਨੂੰ ਹਟਾਉਣ ਲਈ ਘੋਸ਼ਣਾ ਪੱਤਰ ਦੇ ਸ਼ਬਦਾਂ 'ਤੇ ਬਹਿਸ ਕੀਤੀ ਅਤੇ ਸੰਸ਼ੋਧਿਤ ਕੀਤੀ, ਅੰਤ ਵਿਚ ਇਸ ਨੂੰ ਦੋ ਦਿਨ ਬਾਅਦ 4 ਜੁਲਾਈ ਨੂੰ ਮਨਜ਼ੂਰੀ ਦਿੱਤੀ। ਇਕ ਦਿਨ ਪਹਿਲਾਂ, ਜੌਨ ਐਡਮਜ਼ ਨੇ ਆਪਣੀ ਪਤਨੀ ਅਬੀਗੇਲ ਨੂੰ ਲਿਖਿਆ ਸੀ:

ਜੁਲਾਈ 1776 ਦਾ ਦੂਜਾ ਦਿਨ, ਅਮਰੀਕਾ ਦੇ ਇਤਿਹਾਸ ਦਾ ਸਭ ਤੋਂ ਯਾਦਗਾਰੀ ਦੌਰ ਹੋਵੇਗਾ। ਮੈਨੂੰ ਵਿਸ਼ਵਾਸ ਹੈ ਕਿ ਇਸ ਨੂੰ ਆਉਣ ਵਾਲੀਆਂ ਪੀੜ੍ਹੀਆਂ ਦੁਆਰਾ ਮਹਾਨ ਵਰ੍ਹੇਗੰਢ ਨੂੰ ਤਿਉਹਾਰ ਵਜੋਂ ਮਨਾਇਆ ਜਾਵੇਗਾ। ਇਸ ਨੂੰ ਮੁਕਤੀ ਦੇ ਦਿਨ ਵਜੋਂ, ਸਰਬ-ਸ਼ਕਤੀਮਾਨ ਪ੍ਰਮਾਤਮਾ ਪ੍ਰਤੀ ਸ਼ਰਧਾ ਦੇ ਧਾਰਮਿਕ ਕੰਮਾਂ ਦੁਆਰਾ ਮਨਾਇਆ ਜਾਣਾ ਚਾਹੀਦਾ ਹੈ। ਇਸ ਮਹਾਂਦੀਪ ਦੇ ਇਕ ਸਿਰੇ ਤੋਂ ਦੂਜੇ ਸਿਰੇ ਤੱਕ, ਸ਼ੋਆਂ, ਖੇਡਾਂ, ਬੰਦੂਕਾਂ, ਘੰਟੀਆਂ, ਬੈਨਫਾਇਰ ਅਤੇ ਰੋਸ਼ਨੀ ਦੇ ਨਾਲ, ਇਸ ਸਮੇਂ ਅੱਗੇ ਸਦਾ ਲਈ ਇਸ ਨੂੰ ਸ਼ਾਨੋ-ਸ਼ੌਕਤ ਅਤੇ ਪਰੇਡ ਨਾਲ ਮਨਾਇਆ ਜਾਣਾ ਚਾਹੀਦਾ ਹੈ।

ਐਡਮਜ਼ ਦੀ ਭਵਿੱਖਬਾਣੀ ਦੋ ਦਿਨ ਬੰਦ ਸੀ, ਸ਼ੁਰੂ ਤੋਂ ਹੀ, ਅਮਰੀਕੀਆਂ ਨੇ ਆਜ਼ਾਦੀ ਦਾ ਜਨਮ 4 ਜੁਲਾਈ ਨੂੰ ਮਨਾਇਆ, ਜੋ ਆਜ਼ਾਦੀ ਦੇ ਬਹੁਤ-ਪ੍ਰਚਾਰਿਤ ਘੋਸ਼ਣਾ ਪੱਤਰ 'ਤੇ ਦਰਸਾਈ ਗਈ ਮਿਤੀ ਸੀ, ਨਾ ਕਿ 2 ਜੁਲਾਈ ਦੀ ਬਜਾਏ, ਕਾਂਗਰਸ ਦੇ ਬੰਦ ਸੈਸ਼ਨ ਵਿਚ ਆਜ਼ਾਦੀ ਦੇ ਮਤੇ ਨੂੰ ਮਨਜ਼ੂਰੀ ਦਿੱਤੀ ਗਈ ਸੀ।

ਇਤਿਹਾਸਕਾਰਾਂ ਨੇ ਲੰਬੇ ਸਮੇਂ ਤੋਂ ਵਿਵਾਦ ਕੀਤਾ ਹੈ ਕਿ ਕੀ ਕਾਂਗਰਸ ਦੇ ਮੈਂਬਰਾਂ ਨੇ 4 ਜੁਲਾਈ ਨੂੰ ਆਜ਼ਾਦੀ ਦੇ ਘੋਸ਼ਣਾ ਪੱਤਰ 'ਤੇ ਦਸਤਖ਼ਤ ਕੀਤੇ ਸਨ, ਭਾਵੇਂ ਕਿ ਥਾਮਸ ਜੇਫਰਸਨ, ਜੌਨ ਐਡਮਜ਼ ਅਤੇ ਬੈਂਜਾਮਿਨ ਫਰੈਂਕਲਿਨ ਨੇ ਬਾਅਦ ਵਿਚ ਲਿਖਿਆ ਕਿ ਉਨ੍ਹਾਂ ਨੇ ਉਸ ਦਿਨ ਇਸ 'ਤੇ ਦਸਤਖ਼ਤ ਕੀਤੇ ਸਨ। ਬਹੁਤੇ ਇਤਿਹਾਸਕਾਰਾਂ ਨੇ ਸਿੱਟਾ ਕੱਢਿਆ ਹੈ ਕਿ ਘੋਸ਼ਣਾ ਪੱਤਰ ਇਸ ਦੇ ਗੋਦ ਲੈਣ ਤੋਂ ਲਗਭਗ ਇਕ ਮਹੀਨੇ ਬਾਅਦ, 2 ਅਗਸਤ 1776 ਨੂੰ ਦਸਤਖ਼ਤ ਕੀਤੇ ਸਨ, ਨਾ ਕਿ 4 ਜੁਲਾਈ ਨੂੰ ਜਿਵੇਂ ਕਿ ਆਮ ਤੌਰ 'ਤੇ ਮੰਨਿਆ ਜਾਂਦਾ ਹੈ।

ਇਕ ਅਨੋਖੇ ਇਤਫ਼ਾਕ ਨਾਲ, ਥਾਮਸ ਜੇਫਰਸਨ ਅਤੇ ਜੌਹਨ ਐਡਮਜ਼, ਸੁਤੰਤਰਤਾ ਦੇ ਐਲਾਨਨਾਮੇ ਦੇ ਦੋ ਹਸਤਾਖਰ ਕਰਨ ਵਾਲੇ, ਬਾਅਦ ਵਿਚ ਸੰਯੁਕਤ ਰਾਜ ਦੇ ਰਾਸ਼ਟਰਪਤੀ ਵਜੋਂ ਸੇਵਾ ਕਰਨ ਵਾਲੇ, ਦੋਵਾਂ ਦੀ ਇਕੋ ਦਿਨ ਮੌਤ ਹੋ ਗਈ: 4 ਜੁਲਾਈ, 1826, ਜੋ ਘੋਸ਼ਣਾ ਦੀ 50ਵੀਂ ਵਰ੍ਹੇਗੰਢ ਸੀ। ਜੇਫਰਸਨ ਨੇ ਵੀ ਇਸ ਤੱਥ ਦਾ ਜ਼ਿਕਰ ਕੀਤਾ। ਹਾਲਾਂਕਿ ਆਜ਼ਾਦੀ ਦੇ ਘੋਸ਼ਣਾ ਪੱਤਰ 'ਤੇ ਹਸਤਾਖਰ ਕਰਨ ਵਾਲੇ ਨਹੀਂ ਸਨ, ਜੇਮਜ਼ ਮੋਨਰੋ, ਇਕ ਹੋਰ ਸੰਸਥਾਪਕ ਪਿਤਾ ਜੋ ਰਾਸ਼ਟਰਪਤੀ ਚੁਣਿਆ ਗਿਆ ਸੀ, ਦੀ ਵੀ 4 ਜੁਲਾਈ, 1831 ਨੂੰ ਮੌਤ ਹੋ ਗਈ, ਜਿਸ ਨਾਲ ਉਹ ਆਜ਼ਾਦੀ ਦੀ ਵਰ੍ਹੇਗੰਢ 'ਤੇ ਮਰਨ ਵਾਲੇ ਤੀਜੇ ਰਾਸ਼ਟਰਪਤੀ ਬਣ ਗਏ। ਸੁਤੰਤਰਤਾ ਦਿਵਸ 'ਤੇ ਪੈਦਾ ਹੋਣ ਵਾਲੇ ਇਕੱਲੇ ਅਮਰੀਕੀ ਰਾਸ਼ਟਰਪਤੀ ਕੈਲਵਿਨ ਕੂਲੀਜ਼ ਸਨ, ਜਿਨ੍ਹਾਂ ਦਾ ਜਨਮ 4 ਜੁਲਾਈ, 1872 ਨੂੰ ਹੋਇਆ ਸੀ।

**ਪਾਲਣਾ:** 1777 ਵਿਚ, 4 ਜੁਲਾਈ ਨੂੰ ਬ੍ਰਿਸਟਲ, ਰੋਡ ਆਈਲੈਂਡ ਵਿਚ, ਇਕ ਵਾਰ ਸਵੇਰੇ ਅਤੇ ਇਕ ਵਾਰ ਫਿਰ ਸ਼ਾਮ ਦੇ ਸਮੇਂ ਸਲਾਮੀ ਵਿਚ ਤੇਰ੍ਹਾਂ ਗੋਲੀਆਂ ਚਲਾਈਆਂ ਗਈਆਂ।'ਦਿ ਵਰਜੀਨੀਆ ਗਜ਼ਟ' ਦੇ 18 ਜੁਲਾਈ, 1777 ਦੇ ਅੰਕ ਵਿਚ ਲੇਖ ਨੇ ਫਿਲਡੇਲਫੀਆ ਵਿਚ ਇਕ ਜਸ਼ਨ ਨੂੰ ਇਸ ਤਰੀਕੇ ਨਾਲ ਨੋਟ ਕੀਤਾ ਕਿ ਇਕ ਆਧੁਨਿਕ ਅਮਰੀਕੀ ਜਾਣੂ ਹੋਵੇਗਾ। ਮਹਾਂਦੀਪੀ ਕਾਂਗਰਸ ਲਈ ਇਕ ਅਧਿਕਾਰਿਤ ਡਿਨਰ, ਟੋਸਟ, 13 ਗੰਨ ਸਲਾਮੀ, ਭਾਸ਼ਣ, ਪ੍ਰਾਰਥਨਾ, ਸੰਗੀਤ, ਪਰੇਡ, ਫੌਜ ਦੀਆਂ ਸਮੀਖਿਆਵਾਂ ਅਤੇ ਆਤਿਸ਼ਬਾਜ਼ੀ। ਬੰਦਰਗਾਹ ਵਿਚ ਜਹਾਜ਼ਾਂ ਨੂੰ ਲਾਲ, ਚਿੱਟੇ ਅਤੇ ਨੀਲੇ ਰੰਗਾਂ ਨਾਲ ਸਜਾਇਆ ਗਿਆ ਸੀ।



1778 ਵਿਚ, ਨਿਊ ਬਰੰਸਵਿਕ, ਨਿਊਜਰਸੀ ਦੇ ਨੇੜੇ, ਰੌਸ ਹਾਲ ਵਿਖੇ ਆਪਣੇ ਹੈੱਡਕੁਆਰਟਰ ਤੋਂ, ਜਨਰਲ ਜਾਰਜ ਵਾਸ਼ਿੰਗਟਨ ਨੇ 4 ਜੁਲਾਈ ਨੂੰ ਆਪਣੇ ਸਿਪਾਹੀਆਂ ਲਈ ਰਮ ਦੇ ਡਬਲ ਰਾਸ਼ਨ ਅਤੇ ਤੋਪਖਾਨੇ ਦੀ ਸਲਾਮੀ (ਫਿਊ ਡੀ ਜੋਏ) ਦੇ ਨਾਲ ਚਿੰਨ੍ਹਿਤ ਕੀਤਾ। ਅਟਲਾਂਟਿਕ ਮਹਾਂਸਾਗਰ ਦੇ ਪਾਰ, ਰਾਜਦੂਤ ਜੌਨ ਐਡਮਜ਼ ਅਤੇ ਬੈਂਜਾਮਿਨ ਫਰੈਂਕਲਿਨ ਨੇ ਪੈਰਿਸ, ਫਰਾਂਸ ਵਿਚ ਆਪਣੇ ਸਾਥੀ ਅਮਰੀਕੀਆਂ ਲਈ ਰਾਤ ਦੇ ਖਾਣੇ ਦਾ ਆਯੋਜਨ ਕੀਤਾ।

1779 ਵਿਚ, 4 ਜੁਲਾਈ ਇਕ ਐਤਵਾਰ ਨੂੰ ਆਇਆ। 5 ਜੁਲਾਈ ਸੋਮਵਾਰ ਨੂੰ ਛੁੱਟੀ ਮਨਾਈ ਗਈ।

1781 ਵਿਚ, ਮੈਸੇਚਿਉਸੇਟਸ ਜਨਰਲ ਕੋਰਟ 4 ਜੁਲਾਈ ਨੂੰ ਰਾਜ ਦੇ ਜਸ਼ਨ ਵਜੋਂ ਮਾਨਤਾ ਦੇਣ ਵਾਲੀ ਪਹਿਲੀ ਰਾਜ ਵਿਧਾਨ ਸਭਾ ਬਣ ਗਈ।

1783 ਵਿਚ, ਸਲੇਮ ਉੱਤਰੀ ਕੈਰੋਲੀਨਾ, ਨੇ ਜੋਹਾਨ ਫ੍ਰੀਡਰਿਕ ਪੀਟਰ ਦੁਆਰਾ ਇਕੱਠੇ ਕੀਤੇ ਗਏ ਇਕ ਚੁਣੌਤੀਪੂਰਨ ਸੰਗੀਤ ਪ੍ਰੋਗਰਾਮ ਦੇ ਨਾਲ ਇਕ ਜਸ਼ਨ ਦਾ ਆਯੋਜਨ ਕੀਤਾ, ਜਿਸ ਦਾ ਸਿਰਲੇਖ 'ਦਿ ਸਾਲਮ ਆਫ਼ ਜੋਏ' ਸੀ। ਕਸਬੇ ਦਾ ਦਾਅਵਾ ਹੈ ਕਿ ਇਹ 4 ਜੁਲਾਈ ਦਾ ਪਹਿਲਾ ਜਨਤਕ ਸਮਾਗਮ ਹੈ, ਕਿਉਂਕਿ ਇਹ ਮੋਰਾਵਿਆਨ ਚਰਚ ਦੁਆਰਾ ਧਿਆਨ ਨਾਲ ਦਸਤਾਵੇਜ਼ੀ ਤੌਰ 'ਤੇ ਦਰਜ ਕੀਤਾ ਗਿਆ ਸੀ, ਅਤੇ ਇਸ ਤੋਂ ਪਹਿਲਾਂ ਦੇ ਜਸ਼ਨਾਂ ਦਾ ਕੋਈ ਸਰਕਾਰੀ ਰਿਕਾਰਡ ਨਹੀਂ ਹੈ।

1870 ਵਿਚ, ਯੂ. ਐਸ. ਕਾਂਗਰਸ ਨੇ ਸੁਤੰਤਰਤਾ ਦਿਵਸ ਨੂੰ ਸੰਘੀ ਕਰਮਚਾਰੀਆਂ ਲਈ ਇਕ ਅਦਾਇਗੀ ਰਹਿਤ ਛੁੱਟੀ ਬਣਾ ਦਿੱਤਾ।

1938 ਵਿਚ, ਕਾਂਗਰਸ ਨੇ ਸੁਤੰਤਰਤਾ ਦਿਵਸ ਨੂੰ ਇਕ ਅਦਾਇਗੀ ਸੰਘੀ ਛੁੱਟੀ ਵਿਚ ਬਦਲ ਦਿੱਤਾ।

**ਸੁਤੰਤਰਤਾ ਦਿਵਸ ਦੀਆਂ ਪ੍ਰੰਪਰਾਵਾਂ:** ਸੁਤੰਤਰਤਾ ਦਿਵਸ ਦੇਸ਼ ਭਗਤੀ ਦੇ ਪ੍ਰਦਰਸ਼ਨਾਂ ਦੁਆਰਾ ਚਿੰਨ੍ਹਿਤ ਇਕ ਰਾਸ਼ਟਰੀ ਛੁੱਟੀ ਹੈ। ਹੋਰ ਗਰਮੀ-ਥੀਮ ਵਾਲੇ ਸਮਾਗਮਾਂ ਵਾਂਗ ਸੁਤੰਤਰਤਾ ਦਿਵਸ ਦੇ ਜਸ਼ਨ ਅਕਸਰ ਬਾਹਰ ਹੁੰਦੇ ਹਨ। ਬਹੁਤ ਸਾਰੇ ਸਿਆਸਤਦਾਨ ਇਸ ਦਿਨ ਦੇਸ਼ ਦੀ ਵਿਰਾਸਤ, ਕਾਨੂੰਨਾਂ, ਇਤਿਹਾਸ, ਸਮਾਜ ਅਤੇ ਲੋਕਾਂ ਦੀ ਪ੍ਰਸ਼ੰਸਾ ਕਰਨ ਲਈ ਇਕ ਜਨਤਕ ਸਮਾਗਮ ਵਿਚ ਹਾਜ਼ਰ ਹੋਣ ਲਈ ਇਕ ਬਿੰਦੂ ਬਣਾਉਂਦੇ ਹਨ।

5 ਯੂ. ਐਸੀ. ਸੀ., ਕੋਡ 6103 ਦੇ ਅਨੁਸਾਰ ਸੁਤੰਤਰਤਾ ਦਿਵਸ ਇਕ ਸੰਘੀ ਛੁੱਟੀ ਹੈ, ਇਸ ਲਈ ਸਾਰੀਆਂ ਗੈਰ ਜ਼ਰੂਰੀ ਸੰਘੀ ਸੰਸਥਾਵਾਂ (ਜਿਵੇਂ ਕਿ ਡਾਕ ਸੇਵਾ ਅਤੇ ਸੰਘੀ ਅਦਾਲਤਾਂ) ਉਸ ਦਿਨ ਬੰਦ ਹੁੰਦੀਆਂ ਹਨ ਜਦੋਂ ਕਿ ਕਾਨੂੰਨੀ ਛੁੱਟੀ 4 ਜੁਲਾਈ ਨੂੰ ਰਹਿੰਦੀ ਹੈ, ਜੇਕਰ ਉਹ ਮਿਤੀ ਸ਼ਨੀਵਾਰ ਜਾਂ ਐਤਵਾਰ ਨੂੰ ਹੁੰਦੀ ਹੈ ਤਾਂ ਫੈਡਰਲ ਸਰਕਾਰੀ ਕਰਮਚਾਰੀ ਇਸ ਦੀ ਬਜਾਏ ਕ੍ਰਮਵਾਰ ਸ਼ੁੱਕਰਵਾਰ ਜਾਂ ਸੋਮਵਾਰ ਨੂੰ ਛੁੱਟੀ ਲੈਣਗੇ।

ਪਰਿਵਾਰ ਅਕਸਰ ਪਿਕਨਿਕ ਜਾਂ ਬਾਰਬਿਕਯੂ ਦੀ ਮੇਜ਼ਬਾਨੀ ਕਰਕੇ ਜਾਂ ਇਸ ਵਿਚ ਸ਼ਾਮਲ ਹੋ ਕੇ ਸੁਤੰਤਰਤਾ ਦਿਵਸ ਮਨਾਉਂਦੇ ਹਨ; ਬਹੁਤ ਸਾਰੇ ਦਿਨ ਦੀ ਛੁੱਟੀ ਦਾ ਫਾਇਦਾ ਉਠਾਉਂਦੇ ਹਨ ਅਤੇ ਕੁਝ ਸਾਲਾਂ ਵਿਚ, ਰਿਸ਼ਤੇਦਾਰਾਂ ਜਾਂ ਦੋਸਤਾਂ ਨਾਲ ਇਕੱਠੇ ਹੋਣ ਲਈ ਇਕ ਲੰਬਾ ਵੀਕਐਂਡ ਮਨਾਉਂਦੇ ਹਨ।

ਸਜਾਵਟ (ਉਦਾਹਰਣ ਲਈ, ਸਟ੍ਰੀਮਰ, ਗੁਬਾਰੇ ਅਤੇ ਕੱਪੜੇ) ਆਮ ਤੌਰ 'ਤੇ ਲਾਲ, ਚਿੱਟੇ ਅਤੇ ਨੀਲੇ ਰੰਗ ਦੇ ਹੁੰਦੇ ਹਨ, ਜੋ ਅਮਰੀਕੀ ਝੰਡੇ ਦੇ ਰੰਗ ਦੇ ਹੁੰਦੇ ਹਨ। ਪਰੇਡ ਅਕਸਰ ਸਵੇਰੇ, ਪਰਿਵਾਰਕ ਇਕੱਠਾਂ ਤੋਂ ਪਹਿਲਾਂ ਆਯੋਜਿਤ ਕੀਤੀ ਜਾਂਦੀ ਹੈ, ਜਦੋਂ ਕਿ ਪਾਰਕਾਂ, ਮੇਲਿਆਂ ਦੇ ਮੈਦਾਨਾਂ ਜਾਂ ਸ਼ਹਿਰ ਦੇ ਚੌਂਕਾਂ ਵਰਗੀਆਂ ਥਾਂਵਾਂ 'ਤੇ ਹਨੇਰੇ ਤੋਂ ਬਾਅਦ ਸ਼ਾਮ ਨੂੰ ਆਤਿਸ਼ਬਾਜ਼ੀ ਦੇ ਪ੍ਰਦਰਸ਼ਨ ਹੁੰਦੇ ਹਨ।

ਚੌਥੇ ਤੋਂ ਪਹਿਲਾਂ ਦੀ ਰਾਤ, ਇਕ ਵਾਰ ਜਸ਼ਨਾਂ ਦਾ ਕੇਂਦਰ ਬਿੰਦੂ ਸੀ, ਜਿਸ ਨੂੰ ਰੌਲੇ-ਰੱਪੇ ਵਾਲੇ ਇਕੱਠਾਂ ਦੁਆਰਾ ਚਿੰਨ੍ਹਿਤ ਕੀਤਾ ਜਾਂਦਾ ਸੀ ਜੋ ਅਕਸਰ ਉਨ੍ਹਾਂ ਦੇ ਕੇਂਦਰ ਵਜੋਂ ਬੋਨਫਾਇਰ ਨੂੰ ਸ਼ਾਮਲ ਕਰਦੇ ਸਨ। ਨਿਊ ਇੰਗਲੈਂਡ ਵਿਚ, ਕਸਬਿਆਂ ਨੇ ਬੈਰਲਾਂ ਅਤੇ ਡੱਬਿਆਂ ਤੋਂ ਇਕੱਠੇ ਕੀਤੇ, ਉੱਚੇ ਪਿਰਾਮਿਡ ਬਣਾਉਣ ਲਈ ਮੁਕਾਬਲਾ ਕੀਤਾ। ਜਸ਼ਨ ਦੀ ਸ਼ੁਰੂਆਤ ਕਰਨ ਲਈ ਰਾਤ ਨੂੰ ਉਨ੍ਹਾਂ ਨੂੰ ਪ੍ਰਕਾਸ਼ ਕੀਤਾ ਗਿਆ ਸੀ। ਸਭ ਤੋਂ ਵੱਧ ਸਲੇਮ, ਮੈਸੇਚਿਉਸੇਟਸ ਵਿਚ ਸਨ, ਜਿਸ ਵਿਚ ਬੈਰਲ ਦੇ ਚਾਲੀ ਪੱਧਰਾਂ ਦੇ ਬਣੇ ਪਿਰਾਮਿਡ ਸਨ। ਇਹਨਾਂ ਨੇ ਹੁਣ ਤੱਕ ਸਭ ਤੋਂ ਉੱਚਾ ਬੋਨਫਾਇਰ ਰਿਕਾਰਡ ਕੀਤਾ ਹੈ। ਇਹ ਰਿਵਾਜ 19ਵੀਂ ਅਤੇ 20ਵੀਂ ਸਦੀ ਵਿਚ ਵਧਿਆ ਅਤੇ ਅਜੇ ਵੀ ਨਿਊ ਇੰਗਲੈਂਡ ਦੇ ਕੁਝ ਕਸਬਿਆਂ ਵਿਚ ਪ੍ਰਚੱਲਿਤ ਹੈ।

ਸੁਤੰਤਰਤਾ ਦਿਵਸ ਦੀ ਆਤਿਸ਼ਬਾਜ਼ੀ ਅਕਸਰ ਦੇਸ਼ ਭਗਤੀ ਦੇ ਗੀਤਾਂ ਦੇ ਨਾਲ ਹੁੰਦੀ ਹੈ ਜਿਵੇਂ ਕਿ ''ਦਿ ਸਟਾਰ-ਸਪੈਂਗਲਡ ਬੈਨਰ'' (ਅਮਰੀਕੀ ਰਾਸ਼ਟਰੀ ਗੀਤ), ''ਕੋਲੰਬੀਆ, ਸਮੁੰਦਰ ਦਾ ਰਤਨ'', ''ਰੱਬ ਬਲੇਸ ਅਮਰੀਕਾ'', ''ਅਮਰੀਕਾ ਸਮੁੰਦਰ'', ''ਮੇਰਾ ਦੇਸ, ਤੀਸਦੀ'', ''ਇਹ ਜ਼ਮੀਨ ਤੁਹਾਡੀ ਜਮੀਨ ਹੈ'', ''ਤਾਰੇ ਅਤੇ ਪੱਟੀਆਂ ਸਦਾ ਲਈ'', ''ਯੈਂਕੀ ਡੂਡਲ'', ਦੱਖਣੀ ਰਾਜਾਂ ਵਿਚ ''ਡਿਕਸੀ'', ''ਹਰ ਆਵਾਜ਼ ਚੁੱਕੋ ਅਤੇ ਗਾਉ'' ਅਤੇ ਕਦੇ-ਕਦਾਈ, ਪਰ ਨਾਮਾਤਰ ਤੌਰ 'ਤੇ ਧੱਪ ਤੋਂ ਬਾਹਰ ਹੋ ਗਿਆ ਹੈ, ਹੇਠ ਕੋਲੰਬੀਆ। ਇਨਕਲਾਬੀ ਜੰਗ ਜਾਂ 1812 ਦੀ ਜੰਗ'।

ਆਤਿਸ਼ਬਾਜ਼ੀ ਦੇ ਸ਼ੋਅ ਬਹੁਤ ਸਾਰੇ ਰਾਜਾਂ ਵਿਚ ਆਯੋਜਿਤ ਕੀਤੇ ਜਾਂਦੇ ਹਨ, ਅਤੇ ਬਹੁਤ ਸਾਰੇ ਆਤਿਸ਼ਬਾਜ਼ੀ ਨਿੱਜੀ ਵਰਤੋਂ ਲਈ ਜਾਂ ਜਨਤਕ ਪ੍ਰਦਰਸ਼ਨ ਦੇ ਵਿਕਲਪ ਵਜੋਂ ਵੇਚੇ ਜਾਂਦੇ ਹਨ। ਸੁਰੱਖਿਆ ਚਿੰਤਾਵਾਂ ਨੇ ਕੁਝ ਰਾਜਾਂ ਨੂੰ ਪਟਾਕਿਆਂ 'ਤੇ ਪਾਬੰਦੀ ਲਗਾਉਣ ਜਾਂ ਆਗਿਆ ਦਿੱਤੇ ਜਾਣ ਆਕਾਰ ਅਤੇ ਕਿਸਮਾਂ ਨੂੰ ਸੀਮਤ ਕਰਨ ਲਈ ਪ੍ਰੇਰਿਤ ਕੀਤਾ ਹੈ। ਇਸ ਤੋਂ ਇਲਾਵਾ, ਸਥਾਨਕ ਅਤੇ ਖੇਤਰੀ ਮੌਸਮੀ ਸਥਿਤੀਆਂ ਇਹ ਨਿਰਧਾਰਿਤ ਕਰ ਸਕਦੀਆਂ ਹਨ ਕਿ ਕੀ ਕਿਸੇ ਖੇਤਰ ਵਿਚ ਪਟਾਕਿਆਂ ਦੀ ਵਿਕਰੀ ਜਾਂ ਵਰਤੋਂ ਦੀ ਇਜਾਜ਼ਤ ਦਿੱਤੀ ਜਾਵੇਗੀ। ਕੁਝ ਸਥਾਨਕ ਜਾਂ ਖੇਤਰੀ ਪਟਾਕਿਆਂ ਦੀ ਵਿਕਰੀ ਖੁਸ਼ਕ ਮੌਸਮ ਜਾਂ ਹੋਰ ਖਾਸ ਚਿੰਤਾਵਾਂ ਦੇ ਕਾਰਨ ਸੀਮਤ ਜਾਂ ਮਨਾਹੀ ਹੈ। ਇਨ੍ਹਾਂ ਮੌਕਿਆਂ 'ਤੇ ਜਨਤਾ ਨੂੰ ਪਟਾਕੇ ਖਰੀਦਣ ਜਾਂ ਡਿਸਚਾਰਜ ਕਰਨ ਤੋਂ ਮਨਾਹੀ ਕੀਤੀ ਜਾ ਸਕਦੀ ਹੈ, ਪਰ ਪੇਸ਼ੇਵਰ ਪ੍ਰਦਰਸ਼ਨ (ਜਿਵੇਂ ਕਿ ਖੇਡਾਂ ਦੇ ਸਮਾਗਮ ਵਿਚ) ਅਜੇ ਵੀ ਹੋ ਸਕਦੇ ਹਨ, ਜੇਕਰ ਕੁਝ ਸੁਰੱਖਿਆ ਸਾਵਧਾਨੀਆਂ ਵਰਤੀਆਂ ਗਈਆਂ ਹਨ।

ਸੰਯੁਕਤ ਰਾਜ ਵਿਚ ਹਰੇਕ ਰਾਜ ਲਈ ਇਕ ਬੰਦੂਕ ਦੀ ਸਲਾਮੀ, ਜਿਸ ਨੂੰ ''ਯੂਨੀਅਨ ਨੂੰ ਸਲਾਮੀ'' ਕਿਹਾ ਜਾਂਦਾ ਹੈ, ਸੁਤੰਤਰਤਾ ਦਿਵਸ 'ਤੇ ਦੁਪਹਿਰ ਨੂੰ ਕਿਸੇ ਸਮਰੱਥ ਫੌਜੀ ਬੇਸ ਦੁਆਰਾ ਗੋਲੀਬਾਰੀ ਕੀਤੀ ਜਾਂਦੀ ਹੈ।

ਨਿਊਯਾਰਕ ਸਿਟੀ ਵਿਚ ਮੇਸੀਜ਼ ਦੁਆਰਾ ਸਪਾਂਸਰ ਕੀਤਾ ਗਿਆ ਦੇਸ਼ ਵਿਚ ਸਭ ਤੋਂ ਵੱਡਾ ਆਤਸ਼ਬਾਜ਼ੀ ਡਿਸਪਲੇ ਹੈ, ਜਿਸ ਵਿਚ 2009 ਵਿਚ 22 ਟਨ ਤੋਂ ਵੱਧ ਆਤਿਸ਼ਬਾਜ਼ੀ ਵਿਸਫੋਟ ਹੋਈ ਸੀ। ਇਹ ਆਮ ਤੌਰ 'ਤੇ ਪੂਰਬੀ ਨਦੀ ਵਿਚ ਪ੍ਰਦਰਸ਼ਨੀ ਰੱਖਦਾ ਹੈ। ਹੋਰ ਪ੍ਰਮੁੱਖ ਡਿਸਪਲੇ ਸੀਏਟਲ ਆਨ ਲੇਕ ਯੂਨੀਅਨ ਵਿਚ ਹਨ, ਸੈਨ ਡਿਏਗੋ ਵਿਚ ਮਿਸ਼ਨ ਬੇ ਉਤੇ, ਚਾਰਲਸ ਨਦੀ 'ਤੇ ਬੋਸਟ ਵਿਚ, ਫਿਲਡੇਲਫੀਆ ਵਿਚ ਕਲਾ ਦੇ ਫਿਲਡੇਲਫੀਆ ਮਿਉਜ਼ੀਅਮ ਉਤੇ, ਸੈਨ ਫਰਾਂਸਿਸਕੋ ਖਾੜੀ ਦੇ ਉਪਰ ਸੈਨਫਰਾਂਸਿਸਕੋ ਵਿਚ, ਅਤੇ ਵਾਸ਼ਿੰਗਟਨ ਡੀ. ਸੀ. ਵਿਚ ਨੈਸ਼ਨਲ ਮਾਲ ਉਤੇ।

ਸਾਲਾਨਾ ਵਿੰਡਸਰ-ਡੇਟ੍ਰੋਇਟ ਇੰਟਰਨੈਸ਼ਨਲ ਫ੍ਰੀਡਮ ਫੈਸਟੀਵਲ ਦੇ ਦੌਰਾਨ, ਡਿਟਰੋਇਟ, ਮਿਸ਼ੀਗਨ, ਵਿੰਡਸਰ, ਉਨਟਾਰੀਓ ਦੇ ਕੈਨੇਡਾ ਦਿਵਸ ਦੇ ਜਸ਼ਨ ਦੇ ਨਾਲ ਸੁਤੰਤਰਤਾ ਦਿਵਸ ਮਨਾਉਣ ਲਈ, ਉਤਰੀ ਅਮਰੀਕਾ ਵਿਚ, ਡੈਟ੍ਰੋਇਟ ਨਦੀ ਉਪਰ, ਸਭ ਤੋਂ ਵੱਡੇ ਆਤਿਸ਼ਬਾਜ਼ੀ ਦੇ ਪ੍ਰਦਰਸ਼ਨਾਂ ਵਿਚੋਂ ਇਕ ਦੀ ਮੇਜ਼ਬਾਨੀ ਕਰਦਾ ਹੈ।

ਜੁਲਾਈ ਦਾ ਪਹਿਲਾ ਹਫਤਾ ਆਮ ਤੌਰ 'ਤੇ ਸਾਲ ਦੇ ਸਭ ਤੋਂ ਵਿਅਸਤ ਸੰਯੁਕਤ ਰਾਜ ਅਮਰੀਕਾ ਦੇ ਯਾਤਰਾ ਦੌਰਾਂ ਵਿਚੋਂ ਇਕ ਹੁੰਦਾ ਹੈ, ਕਿਉਂਕਿ ਬਹੁਤ ਸਾਰੇ ਲੋਕ ਵਿਸਤ੍ਰਿਤ ਛੁੱਟੀਆਂ ਦੀਆਂ ਯਾਤਰਾਵਾਂ ਲਈ ਅਕਸਰ ਤਿੰਨ-ਦਿਨ ਛੁੱਟੀ ਵਾਲੇ ਵੀਕ-ਐਂਡ ਦੀ ਵਰਤੋਂ ਕਰਦੇ ਹਨ।

ਸੰਯੁਕਤ ਰਾਜ ਅਮਰੀਕਾ ਤੋਂ ਇਲਾਵਾ 4 ਜੁਲਾਈ ਦਾ ਦਿਨ ਅਲੱਗ-ਅਲੱਗ ਮੌਕਿਆਂ ਨਾਲ ਜੋੜ ਕੇ ਦੁਨੀਆਂ ਦੇ ਕਈ ਹੋਰ ਦੇਸ਼ ਵੀ ਮਨਾਉਂਦੇ ਹਨ। ਫਿਲਪੀਨਜ਼ 1946 ਵਿਚ ਉਸ ਦਿਨ ਦੀ ਯਾਦ ਵਿਚ 4 ਜੁਲਾਈ ਨੂੰ ਆਪਣੇ ਗਣਤੰਤਰ ਦਿਵਸ ਵਜੋਂ ਮਨਾਉਂਦਾ ਹੈ। ਜਦੋਂ ਇਹ ਇਕ ਯੂ. ਐਸ. ਦਾ ਇਲਾਕਾ ਨਹੀਂ ਸੀ ਅਤੇ ਸੰਯੁਕਤ ਰਾਜ ਦੇ ਅਧਿਕਾਰਤ ਤੌਰ 'ਤੇ ਫਿਲਪੀਨ ਦੀ ਆਜ਼ਾਦੀ ਨੂੰ ਮਾਨਤਾ ਦਿੱਤੀ ਸੀ। 4 ਜੁਲਾਈ ਨੂੰ ਸੰਯੁਕਤ ਰਾਜ ਅਮਰੀਕਾ ਦੁਆਰਾ ਜਾਣ-ਬੁੱਝ ਕੇ ਚੁਣਿਆ ਗਿਆ ਸੀ ਕਿਉਂਕਿ ਇਹ ਇਸ ਦੇ ਸੁਤੰਤਰਤਾ ਦਿਵਸ ਨਾਲ ਮੇਲ ਖਾਂਦਾ ਸੀ, ਅਤੇ ਇਸ ਦਿਨ ਨੂੰ ਫਿਲਪੀਨਜ਼ ਵਿਚ 1962 ਤੱਕ ਸੁਤੰਤਰਤਾ ਦਿਵਸ ਵਜੋਂ ਮਨਾਇਆ ਜਾਂਦਾ ਸੀ। 1964 ਵਿਚ, 4 ਜੁਲਾਈ ਦੀ ਛੁੱਟੀ ਦਾ ਨਾਂ ਬਦਲ ਕੇ ਗਣਤੰਤਰ ਦਿਵਸ ਕਰ ਦਿੱਤਾ ਸੀ।

ਡੈਨਮਾਰਕ ਵਿਚ ਰੀਬਿਲਡ ਨੈਸ਼ਨਲ ਪਾਰਕ ਨੂੰ ਸੰਯੁਕਤ ਰਾਜ ਤੋਂ ਬਾਹਰ 4 ਜੁਲਾਈ ਨੂੰ ਸਭ ਤੋਂ ਵੱਡੇ ਜਸ਼ਨ ਦਾ ਆਯੋਜਨ ਕਰਨ ਲਈ ਕਿਹਾ ਜਾਂਦਾ ਹੈ।

ਸਾਲਾਂ ਦੌਰਾਨ, ਛੁੱਟੀ ਦੀ ਰਾਜਨੀਤਿਕ ਮਹੱਤਤਾ ਘਟਦੀ ਜਾਵੇਗੀ, ਪਰ ਸੁਤੰਤਰਤਾ ਦਿਵਸ ਇਕ ਮਹੱਤਵਪੂਰਨ ਰਾਸ਼ਟਰੀ ਛੁੱਟੀ ਅਤੇ ਦੇਸ਼ ਭਗਤੀ ਦਾ ਪ੍ਰਤੀਕ ਬਣਿਆ ਰਹੇਗਾ।

ਗਰਮੀ ਦੇ ਮੱਧ ਵਿਚ ਡਿੱਗਦਾ ਹੋਇਆ, 19ਵੀਂ ਸਦੀ ਦੇ ਅਖੀਰ ਤੋਂ ਜੁਲਾਈ ਦਾ ਚੌਥਾ ਦਿਨ ਮਨੋਰੰਜਨ ਦੀਆਂ ਗਤੀਵਿਧੀਆਂ ਦਾ ਮੁੱਖ ਕੇਂਦਰ ਬਣ ਗਿਆ ਹੈ ਅਤੇ ਪਰਿਵਾਰਕ ਮਿਲਣ-ਜੁਲਣ ਦਾ ਇਕ ਆਮ ਮੌਕਾ ਬਣ ਗਿਆ ਹੈ, ਜਿਸ ਵਿਚ ਅਕਸਰ ਆਤਿਸ਼ਬਾਜ਼ੀ ਅਤੇ ਬਾਹਰੀ ਬਾਰਬਿਕਯੂ ਸ਼ਾਮਲ ਹੁੰਦੇ ਹਨ। ਛੁੱਟੀ ਦਾ ਸਭ ਤੋਂ ਆਮ ਪ੍ਰਤੀਕ ਅਮਰੀਕੀ ਝੰਡਾ ਹੈ ਅਤੇ ਇਕ ਸਾਂਝਾ ਸੰਗੀਤਕ ਸੰਗੀਤ ਹੈ ''ਦਿ ਸਟਾਰ- ਸਪੈਂਗਲਡ ਬੈਨਰ'', ਜੋ ਕਿ ਸੰਯੁਕਤ ਰਾਜ ਅਮਰੀਕਾ ਦਾ ਰਾਸ਼ਟਰੀ ਗੀਤ ਹੈ।

# ਰੌਸ਼ਨ ਦਿਮਾਗ ਵਿਦਵਾਨ ਸਿਆਸਤਦਾਨ ਸਨ ਬੀਰ ਦਵਿੰਦਰ ਸਿੰਘ


ਉਜਾਗਰ ਸਿੰਘ

ਸ੍ਰ. ਬੀਰ ਦਵਿੰਦਰ ਸਿੰਘ ਕਿਸੇ ਸਿਆਸੀ ਨੇਤਾ ਦੇ ਘਨੇੜੇ ਚੜ੍ਹਕੇ ਸਿਆਸਤ ਵਿੱਚ ਨਹੀਂ ਆਇਆ ਸੀ, ਸਗੋਂ ਉਹ ਤਾਂ ਆਪਣੀ ਕਾਬਲੀਅਤ ਦੇ ਸਿਰ 'ਤੇ ਸਿਆਸਤ ਵਿੱਚ ਆਇਆ ਸੀ। ਉਸ ਦੇ ਪਿਤਾ ਸ੍ਰ. ਪ੍ਰਿਤਪਾਲ ਸਿੰਘ ਪੁਲਿਸ ਵਿਭਾਗ ਵਿੱਚ ਨੌਕਰੀ ਕਰਦੇ ਸਨ। ਨੌਕਰੀ ਦੌਰਾਨ ਉਨ੍ਹਾਂ ਦਾ ਕਤਲ ਹੋ ਗਿਆ ਸੀ। ਸ੍ਰ. ਬੀਰ ਦਵਿੰਦਰ ਸਿੰਘ ਨੂੰ ਵੱਡਾ ਲੜਕਾ ਹੋਣ ਕਰਕੇ ਪੁਲਿਸ ਵਿਭਾਗ ਵਿੱਚ ਨੌਕਰੀ ਦੀ ਆਫ਼ਰ ਹੋਈ ਸੀ ਪ੍ਰੰਤੂ ਉਨ੍ਹਾਂ ਨੌਕਰੀ ਲੈਣ ਤੋਂ ਇਨਕਾਰ ਕਰ ਦਿੱਤਾ ਸੀ ਕਿਉਂਕਿ ਉਨ੍ਹਾਂ ਦੇ ਮਨ ਵਿੱਚ ਸਮਾਜ ਦੀ ਬਿਹਤਰੀ ਲਈ ਕੁਝ ਵਿਲੱਖਣ ਕਰਨ ਦੀ ਪ੍ਰਵਿਰਤੀ ਸੀ।

ਫਿਰ ਉਨ੍ਹਾਂ ਦੇ ਛੋਟੇ ਭਰਾ ਨੂੰ ਪੁਲਿਸ ਵਿੱਚ ਨੌਕਰੀ ਦਿੱਤੀ ਗਈ ਸੀ। ਇਹ ਜਾਣਕਰੀ ਮੈਨੰ ਸ੍ਰ.ਬੇਅੰਤ ਸਿੰਘ ਨੇ ਦਿੱਤੀ ਸੀ। ਉਨ੍ਹਾਂ ਇਹ ਵੀ ਦੱਸਿਆ ਸੀ ਕਿ ਜਦੋਂ ਸ੍ਰ. ਬੀਰ ਦਵਿੰਦਰ ਸਿੰਘ ਕਾਂਗਰਸ ਵਿੱਚ ਸ਼ਾਮਲ ਹੋਏ ਸੀ ਤਾਂ ਉਹ ਅਤੇ ਓਮ ਪ੍ਰਕਾਸ਼ ਬੈਕਟਰ ਬੀਰ ਦਵਿੰਦਰ ਸਿੰਘ ਨੂੰ ਉਨ੍ਹਾਂ ਦੇ ਪਿੰਡ ਕੋਟਲਾ ਭਾਈਕਾ ਜਾ ਕੇ ਸਵਾਗਤ ਦੇ ਰੂਪ ਵਿੱਚ ਸ਼ਗਨ ਦੇ ਕੇ ਆਏ ਸਨ ਕਿਉਂਕਿ ਬੀਰ ਦਵਿੰਦਰ ਸਿੰਘ ਦੇ ਨਾਨਕੇ ਉਨ੍ਹਾਂ ਦੇ ਗੁਆਂਢੀ ਪਿੰਡ ਜੈਪੁਰੇ ਸਨ। ਇਸ ਗੱਲ ਦੀ ਤਸਦੀਕ ਓਮ ਪ੍ਰਕਾਸ਼ ਬੈਕਟਰ ਦੀ ਪੋਤਰੀ ਅਦਿੱਤੀ ਬੈਕਟਰ ਨੇ ਕੀਤੀ ਹੈ। ਸ੍ਰ.ਬੀਰ ਦਵਿੰਦਰ ਸਿੰਘ ਨੂੰ ਸਿਆਸਤ ਵਿੱਚ ਆਪਣੀ ਵਿਦਵਤਾ ਅਤੇ ਕਾਬਲੀਅਤ ਦਾ ਇਵਜ਼ਾਨਾ ਭੁਗਤਣਾ ਪਿਆ ਕਿਉਂਕਿ ਕਿਸੇ ਵੀ ਸੀਨੀਅਰ ਸਿਆਸਤਦਾਨ ਨੇ ਬੀਰ ਦਵਿੰਦਰ ਸਿੰਘ ਦੇ ਮਿਕਨਾਤੀਸੀ ਵਿਅਕਤਿਵ ਤੋਂ ਡਰਦਿਆਂ ਮਾਰਿਆਂ ਅੱਗੇ ਵੱਧਣ ਨਹੀਂ ਦਿੱਤਾ। ਸਗੋਂ ਉਸ ਦੇ ਰਾਹ ਵਿੱਚ ਅੜਿਕੇ ਪਾਏ।

ਇਸ ਕਰਕੇ ਹੀ ਉਸ ਨੇ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਸਮੇਂ ਡਿਪਟੀ ਸਪੀਕਰ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਇਥੋਂ ਤੱਕ ਕਿ ਇਕ ਪਾਸੇ ਉਸ ਨੂੰ 2002 ਤੋਂ 2007 ਦੇ ਸਮੇਂ ਦੀ ਸੰਸਦੀ ਕਾਰਗੁਜ਼ਾਰੀ ਕਰਕੇ 'ਸਰਵੋਤਮ ਸੰਸਦ' ਦਾ ਖਿਤਾਬ ਦਿੱਤਾ ਗਿਆ ਪ੍ਰੰਤੂ ਦੂਜੇ ਪਾਸ 2007 ਦੀਆਂ ਵਿਧਾਨ ਸਭਾ ਚੋਣਾ ਸਮੇਂ ਕਾਂਗਰਸ ਪਾਰਟੀ ਨੇ ਉਸ ਦਾ ਟਿਕਟ ਕੱਟ ਦਿੱਤਾ। 2002 ਵਿੱਚ ਵੀ ਪੰਜਾਬ ਦੀ ਕਾਂਗਰਸ ਲੀਡਰਸ਼ਿਪ ਉਸ ਨੂੰ ਟਿਕਟ ਨਹੀਂ ਦੇਣਾ ਚਾਹੁੰਦੀ ਸੀ ਪ੍ਰੰਤੂ ਉਹ ਸਿੱਧਾ ਸੋਨੀਆਂ ਗਾਂਧੀ ਦੀ ਦਖ਼ਲਅੰਦਾਜ਼ੀ ਨਾਲ ਟਿਕਟ ਲੈ ਕੇ ਆਇਆ ਸੀ। 20 ਦਿਨਾ ਵਿੱਚ ਹੀ ਚੋਣ ਪ੍ਰਚਾਰ ਕਰਕੇ ਚੋਣ ਜਿੱਤ ਗਿਆ ਸੀ। 2016 ਵਿੱਚ ਉਸ ਨੂੰ ਕਾਂਗਰਸ ਪਾਰਟੀ ਵੀ ਛੱਡਣੀ ਪਈ। ਜਿਸ ਕਰਕੇ ਉਸ ਨੂੰ ਕਈ ਪਾਰਟੀਆਂ ਵਿੱਚ ਮਜ਼ਬੂਰੀ ਵਸ ਜਾਣਾ ਪਿਆ। ਸਿਆਸਤ ਵਿੱਚ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਟਕਸਾਲ ਦੇ ਵਿਦਿਆਰਥੀ, ਸਿੱਖ ਸਟੂਡੈਂਟ ਫੈਡਰੇਸ਼ਨ ਤੋਂ ਗੁੜ੍ਹਤੀ ਲੈ ਕੇ ਸਿਆਸਤ ਵਿੱਚ ਧਾਂਕ ਜਮਾਉਣ ਵਾਲੇ ਵਿਦਵਾਨ ਬੁਲਾਰੇ ਸ੍ਰ.ਬੀਰ ਦਵਿੰਦਰ ਸਿੰਘ 30 ਜੂਨ ਨੂੰ ਪੀ.ਜੀ.ਆਈ ਚੰਡੀਗੜ੍ਹ ਵਿਖੇ 74 ਸਾਲ ਦੀ ਉਮਰ ਵਿੱਚ ਸਵਰਗ ਸਿਧਾਰ ਗਏ।

ਉਹ ਫੂਡ ਪਾਈਪ ਦੇ ਕੈਂਸਰ ਵਰਗੀ ਨਾਮੁਰਾਦ ਬਿਮਾਰੀ ਤੋਂ ਪ੍ਰਭਾਵਤ ਸਨ। ਕੈਂਸਰ ਅਜੇ ਪਹਿਲੀ ਸਟੇਜ ਵਿੱਚ ਹੀ ਸੀ ਪ੍ਰੰਤੂ ਕੀਮੋ ਕਰਨ ਤੋਂ ਬਾਅਦ ਉਹ ਕਮਜ਼ੋਰ ਹੁੰਦੇ ਗਏ ਤੇ ਅਖ਼ੀਰ ਸਵਰਗ ਸਿਧਾਰ ਗਏ। ਉਨ੍ਹਾਂ ਦਾ ਦੋ ਸਾਲ ਪਹਿਲਾਂ ਦਿਲ ਦਾ ਅਪ੍ਰੇਸ਼ਨ ਹੋਇਆ ਸੀ। ਉਸ ਤੋਂ ਬਾਅਦ ਤਾਂ ਉਹ ਨਾਰਮਲ ਜ਼ਿੰਦਗੀ ਜੀਅ ਰਹੇ ਸਨ। ਕੁਝ ਸਮਾਂ ਪਹਿਲਾਂ ਹੀ ਨਾਮੁਰਾਦ ਬਿਮਾਰੀ ਨੇ ਦਲੇਰ ਸਿਆਸਤਦਾਨ ਨੂੰ ਲਪੇਟ ਲਿਆ। ਉਹ ਸਮਾਜ ਵਿੱਚ ਬਿਲਕੁਲ ਆਮ ਦੀ ਤਰ੍ਹਾਂ ਵਿਚਰਦੇ ਸਨ ਪ੍ਰੰਤੂ ਸਿਆਸਤ ਵਿੱਚੋਂ ਸੇਵਾ ਮੁਕਤੀ ਲੈ ਲਈ ਸੀ। ਉਨ੍ਹਾਂ ਨੇ ਆਪਣਾ ਸਿਆਸੀ ਕੈਰੀਅਰ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਤੋਂ ਸ਼ੁਰੂ ਕੀਤਾ ਸੀ। ਉਥੋਂ ਸਿਖਿਆ ਲੈ ਕੇ ਪੰਥ ਦੀ ਮਾਇਆ ਨਾਜ਼ ਹਸਤੀ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਅਗਵਾਈ ਵਿਚ ਸ਼ਰੋਮਣੀ ਅਕਾਲੀ ਦਲ ਵਿੱਚ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। ਪ੍ਰੰਤੂ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਸਲਾਹ ਨਾਲ ਹੀ ਉਹ ਅਕਾਲੀ ਦਲ ਨੂੰ ਅਲਵਿਦਾ ਕਹਿਕੇ ਕਾਂਗਰਸ ਪਾਰਟੀ ਵਿੱਚ ਚਲੇ ਗਏ ਸਨ ਕਿਉਂਕਿ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਨੇੜੇ ਉਸ ਸਮੇਂ ਪ੍ਰੋ.ਪ੍ਰੇਮ ਸਿੰਘ ਚੰਦੂਮਾਜਰਾ ਸਨ। ਉਹ ਪ੍ਰੇਮ ਸਿੰਘ ਚੰਦੂਮਾਜਰਾ ਦੀ ਥਾਂ ਬੀਰ ਦਵਿੰਦਰ ਸਿੰਘ ਨੂੰ ਸਰਹੰਦ ਵਿਧਾਨ ਸਭਾ ਹਲਕੇ ਵਿੱਚ ਮੋਹਰੀ ਨਹੀਂ ਬਣਾਉਣਾ ਚਾਹੁੰਦੇ ਸਨ।



ਸ੍ਰ. ਬੀਰ ਦਵਿੰਦਰ ਸਿੰਘ 1971 ਤੋਂ 1977 ਤੱਕ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਪ੍ਰਧਾਨ ਰਹੇ ਸਨ। ਇਸ ਦੌਰਾਨ ਉਨ੍ਹਾਂ ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਅਨੇਕਾਂ ਕੈਂਪ ਆਯੋਜਤ ਕਰਕੇ ਨੌਜਵਾਨਾ ਨੂੰ ਸਿੱਖੀ ਦੀ ਪਿਉਂਦ ਦਿੱਤੀ। ਸਿੱਖ ਸਟੂਡੈਂਟ ਫੈਡਰੇਸ਼ਨ ਦੀ ਸਿਖਿਆ ਨੇ ਸ੍ਰ. ਬੀਰ ਦਵਿੰਦਰ ਸਿੰਘ ਦੇ ਵਿਅਕਤਿਵ ਵਿੱਚ ਨਿਖਾਰ ਅਜਿਹਾ ਲਿਆਂਦਾ ਕਿ ਉਹ ਸਿਆਸੀ ਖੇਤਰ ਵਿੱਚ ਧਰੂ ਤਾਰੇ ਦੀ ਤਰ੍ਹਾਂ ਰੌਸ਼ਨੀ ਦੇਣ ਲੱਗ ਪਏ। ਦੂਜੀ ਗੱਲ ਉਸ ਦਾ ਸਿੱਖ ਇਤਿਹਾਸ ਨੂੰ ਪੜ੍ਹਨਾ ਅਤੇ ਨਾਲ ਹੀ ਦੁਨੀਆਂ ਦੇ ਸਾਰੇ ਧਰਮਾ ਦਾ ਅਧਿਐਨ ਕਰਨਾ ਬੀਰ ਦਵਿੰਦਰ ਲਈ ਵਰਦਾਨ ਸਾਬਤ ਹੋਇਆ।

ਗਿਆਨੀ ਜ਼ੈਲ ਸਿੰਘ, ਬੂਟਾ ਸਿੰਘ ਅਤੇ ਬੀਰ ਦਵਿੰਦਰ ਸਿੰਘ ਆਪਣੇ ਭਾਸ਼ਣਾ ਵਿੱਚ ਸਿੱਖ ਇਤਿਹਾਸ ਦੀਆਂ ਉਦਾਹਰਨਾ ਅਤੇ ਸ਼ਬਦਾਵਲੀ ਵਰਤਦੇ ਸਨ, ਜਿਹੜੀ ਸਰੋਤਿਆਂ ਨੂੰ ਕੀਲ ਕੇ ਰੱਖ ਦਿੰਦੀ ਸੀ। ਅਸਲ ਕਾਰਨ ਅਕਾਲੀ ਲੀਡਰਸ਼ਿਪ ਵੀ ਉਸ ਦੀ ਸਿਆਸੀ ਵਿਦਵਤਾ ਤੋਂ ਡਰਦੀ ਸੀ। 1977 ਤੱਕ ਉਹ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦੀ ਅਗਵਾਈ ਸਰਗਰਮੀ ਨਾਲ ਕਰਦੇ ਰਹੇ ਸਨ। ਅਕਾਲੀ ਦਲ ਦੀ ਲੀਡਰਸ਼ਿਪ ਉਨ੍ਹਾਂ ਨੂੰ ਸਿਆਸਤ ਵਿੱਚ ਉਭਰਨ ਤੋਂ ਰੋਕਦੀ ਸੀ, ਇਸ ਲਈ ਉਸ ਨੇ 1978 ਵਿੱਚ ਕਾਂਗਰਸ ਪਾਰਟੀ ਦਾ ਪੱਲਾ ਫੜ੍ਹ ਲਿਆ। 1980 ਵਿੱਚ ਉਹ ਸਰਹੰਦ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਚੁਣੇ ਗਏ ਸਨ। ਉਹ ਉਸ ਸਮੇਂ ਦੇ ਮੁੱਖ ਮੰਤਰੀ ਦਰਬਾਰਾ ਸਿੰਘ ਦੇ ਕਾਫ਼ੀ ਨਜ਼ਦੀਕੀਆਂ ਵਿੱਚੋਂ ਇਕ ਸਨ ਪ੍ਰੰਤੂ ਦਰਬਾਰਾ ਸਿੰਘ ਨੇ ਉਨ੍ਹਾਂ ਨੂੰ ਕੋਈ ਅਹੁਦਾ ਨਹੀਂ ਦਿੱਤਾ, ਸਿਰਫ ਪੰਜਾਬ ਵਿਧਾਨ ਸਭਾ ਵਿੱਚ ਕਾਂਗਰਸ ਪਾਰਟੀ ਦੇ ਚੀਫ਼ ਵਿਪ ਬਣਾ ਦਿੱਤਾ, ਜਿਹੜਾ ਕੋਈ ਸੰਵਿਧਾਨਿਕ ਅਹੁਦਾ ਨਹੀਂ ਸੀ। ਕਾਂਗਰਸੀ ਲੀਡਰ ਸਿਰਫ ਉਨ੍ਹਾਂ ਵਰਤਦੇ ਅਤੇ ਲੌਲੀ ਪੌਪ ਦਿੰਦੇ ਰਹੇ। ਕਈ ਵਾਰ ਉਨ੍ਹਾਂ ਨੇ ਸਹੁੰ ਚੁਕਣ ਲਈ ਜੈਕਟਾਂ ਅਤੇ ਅਚਕਨਾਂ ਸਿਲਾਈਆਂ ਪ੍ਰੰਤੂ ਉਨ੍ਹਾਂ ਨੂੰ ਮੰਤਰੀ ਨਹੀਂ ਬਣਾਇਆ ਗਿਆ।

2002 ਦੀਆਂ ਵਿਧਾਨ ਸਭਾ ਚੋਣਾ ਵਿੱਚ ਉਹ ਖਰੜ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਚੁਣੇ ਗਏ। ਭਰਿਸ਼ਟਾਚਾਰ ਦਾ ਮੁੱਦਾ ਚੁੱਕਣ 'ਤੇ ਕਾਂਗਰਸ ਪਾਰਟੀ ਨੇ ਬੀਰ ਦਵਿੰਦਰ ਸਿੰਘ ਨੂੰ ਪਾਰਟੀ ਵਿੱਚੋਂ ਕੱਢ ਦਿੱਤਾ ਸੀ ਫਿਰ ਉਹ 2010 ਵਿੱਚ ਉਹ ਮਨਪ੍ਰੀਤ ਸਿੰਘ ਬਾਦਲ ਦੀ ਪੀਪਲਜ਼ ਪਾਰਟੀ ਵਿੱਚ ਸ਼ਾਮਲ ਹੋ ਗਏ ਅਤੇ 2012 ਤੱਕ ਇਸ ਪਾਰਟੀ ਨਾਲ ਜੁੜੇ ਰਹੇ। 2019 ਵਿੱਚ ਸ਼ਰੋਮਣੀ ਅਕਾਲੀ ਦਲ ਟਕਸਾਲੀ ਵਿੱਚ ਸ਼ਾਮਲ ਹੋ ਗਏ। ਜੁਲਾਈ 2020 ਵਿੱਚ ਸੁਖਦੇਵ ਸਿੰਘ ਢੀਂਡਸਾ ਵਾਲੇ ਸੰਯੁਕਤ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ। ਉਨ੍ਹਾਂ ਨੂੰ ਸੰਯੁਕਤ ਅਕਾਲੀ ਦਲ ਦਾ ਉਪ ਪ੍ਰਧਾਨ ਬਣਾਇਆ ਗਿਆ। ਉਥੇ ਵੀ ਬਹੁਤੀ ਦੇਰ ਚਲ ਨਹੀਂ ਸਕੇ ਫਿਰ ਉਹ ਅਸਤੀਫਾ ਦੇ ਕੇ ਸਿਆਸਤ ਤੋਂ ਕਿਨਾਰਾ ਕਰ ਗਏ। ਸਿਆਸਤ ਵਿੱਚ ਪੁਸਤਕ ਸਭਿਆਚਾਰ ਨਾਲ ਜੁੜਨ ਵਾਲੇ ਗਿਣਵੇਂ ਚੁਣਵੇਂ ਨੇਤਾਵਾਂ ਵਿੱਚੋਂ ਬੀਰ ਦਵਿੰਦਰ ਸਿੰਘ ਇਕ ਸਨ।

ਬੀਰਦਵਿੰਦਰ ਸਿੰਘ ਸਰਾਓ ਦੇ ਇਸ ਫਾਨੀ ਸੰਸਾਰ ਤੋਂ ਅਲਵਿਦਾ ਕਹਿਣ ਤੋਂ ਬਾਅਦ ਪੰਜਾਬ ਇੱਕ ਬੁਧੀਜੀਵੀ, ਵਿਦਵਾਨ, ਚਿੰਤਕ, ਸਰਵੋਤਮ ਬੁਲਾਰੇ ਅਤੇ ਹੰਢੇ ਵਰਤੇ ਸੂਝਵਾਨ ਸਿਆਸਤਦਾਨ ਤੋਂ ਵਾਂਝਾ ਹੋ ਗਿਆ ਹੈ। ਬੀਰਦਵਿੰਦਰ ਸਿੰਘ ਸਿਆਸੀ ਖੇਤਰ ਵਿੱਚ ਭਾਵੇਂ ਵੱਡੀਆਂ ਪੁਲਾਂਘਾਂ ਪੁੱਟ ਨਹੀਂ ਸਕਿਆ ਪ੍ਰੰਤੂ ਆਪਣੇ ਬਿਆਨਾ, ਲੇਖਾਂ ਅਤੇ ਮੀਡੀਆ ਵਿੱਚ ਦਿੱਤੀਆਂ ਇੰਟਰਵਿਊ ਨਾਲ ਸਿਆਸਤਦਾਨਾ ਨੂੰ ਵਕਤ ਪਾ ਕੇ ਰੱਖਦੇ ਸਨ। ਸਰਕਾਰਾਂ ਦੀਆਂ ਕਮਜ਼ੋਰੀਆਂ ਦਾ ਪਰਦਾ ਫਾਸ਼ ਕਰਨ ਵਿੱਚ ਮੋਹਰੀ ਦੀ ਭੂਮਿਕਾ ਨਿਭਾਉਂਦਾ ਰਿਹਾ ਹੈ। ਉਹ ਕਿਸੇ ਇਕ ਪਾਰਟੀ ਨਾਲ ਟਿਕ ਕੇ ਚਲ ਵੀ ਨਹੀਂ ਸਕਿਆ ਪ੍ਰੰਤੂ ਬੀਰਦਵਿੰਦਰ ਸਿੰਘ ਦੀ ਵਿਦਵਤਾ ਉਸਦੀ ਲੇਖਣੀ ਅਤੇ ਬੁਲਾਰੇ ਦੇ ਤੌਰ 'ਤੇ ਇਕ ਵੱਖਰੀ ਪਛਾਣ ਬਣਾਈ ਹੋਈ ਸੀ। ਉਸ ਦੀ ਕਿਸੇ ਮੁੱਖ ਮੰਤਰੀ ਨਾਲ ਵੀ ਬਹੁਤੀ ਬਣ ਨਹੀਂ ਸਕੀ ਕਿਉਂਕਿ ਉਸ ਵਿੱਚ ਸਰਵੋਤਮ ਨੇਤਾ ਬਣਨ ਦੀ ਸਮਰੱਥਾ ਸੀ, ਇਸ ਲਈ ਸਿਆਸੀ ਨੇਤਾ ਉਸ ਤੋਂ ਤਿਬਕਦੇ ਸਨ। ਬੀਰਦਵਿੰਦਰ ਸਿੰਘ ਦੀ ਕਾਬਲੀਅਤ ਵਰਣਨਯੋਗ ਹੈ।

ਉਸ ਦੀ ਹਰ ਖੇਤਰ ਦੀ ਜਾਣਕਾਰੀ ਵਿਸ਼ਾਲ ਸੀ, ਜਿਵੇਂ ਇਤਿਹਾਸ, ਸਾਹਿਤ, ਵਿਰਾਸਤ ਅਤੇ ਸਾਰੇ ਧਰਮਾ ਦੀ ਡੂੰਘਾਈ ਤੱਕ ਜਾਣਕਾਰੀ ਸੀ। ਉਨ੍ਹਾਂ ਦਾ ਪਿੰਡ ਕੋਟਲਾ ਭਾਈਕਾ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਵਾਲੀ ਪਵਿਤਰ ਧਰਤੀ ਫਤਿਹਗੜ੍ਹ ਸਾਹਿਬ ਦੇ ਨਜ਼ਦੀਕ ਹੋਣ ਕਰਕੇ, ਉਨ੍ਹਾਂ ਨੂੰ ਰੂਹਾਨੀ ਤਾਕਤ ਮਿਲਦੀ ਰਹੀ। ਉਹ ਅੰਗਰੇਜ਼ੀ ਭਾਸ਼ਾ ਦੇ ਵੀ ਗਿਆਤਾ ਸਨ। ਜਦੋਂ ਉਹ ਉਦਾਹਰਨਾ ਦੇਣ ਲੱਗਦੇ ਸਨ ਤਾਂ ਕਈ ਵਾਰ ਇਉਂ ਲਗਦਾ ਸੀ ਕਿ ਜਿਵੇਂ ਬਹੁਤ ਹੀ ਗੁਣੀ ਗਿਆਨੀ ਹੋਣ। ਉਨ੍ਹਾਂ ਦੀ ਜਾਣਕਾਰੀ ਦਾ ਖ਼ਜਾਨਾ ਅਥਾਹ ਭਰਪੂਰ ਹੋਵੇ। ਧਾਰਮਿਕ ਉਦਾਹਰਨਾ ਦੇਣ ਸਮੇਂ ਉਹ ਅਧਿਆਤਮਿਕ ਰੂਹਾਨੀ ਵਿਦਵਾਨ ਲੱਗਦੇ ਹਨ। ਉਹ ਆਪਣੀ ਭਾਸ਼ਣ ਕਲਾ ਨਾਲ ਸਰੋਤਿਆਂ ਨੂੰ ਅਜਿਹੇ ਢੰਗ ਨਾਲ ਕੀਲ ਲੈਂਦੇ ਸਨ ਕਿ ਸਰੋਤੇ ਉਨ੍ਹਾਂ ਦੇ ਸ਼ਬਦਾਂ ਦੇ ਵਹਿਣ ਵਿੱਚ ਦਰਿਆ ਦੇ ਵਹਿਣ ਦੀ ਤਰ੍ਹਾਂ ਵਹਿ ਤੁਰਦੇ ਹਨ।

ਉਦਾਹਰਣਾ, ਲੁਕੋਕਤੀਆਂ, ਵਿਸ਼ੇਸ਼ਣ, ਕੁਟੇਸ਼ਨਾ, ਧਾਰਮਿਕ ਅਤੇ ਸਾਹਿਤਕ ਤੁਕਾਂ ਉਨ੍ਹਾਂ ਦੇ ਭਾਸ਼ਣ ਨੂੰ ਰਸਦਾਇਕ ਬਣਾ ਦਿੰਦੀਆਂ ਹਨ। ਉਹ ਸ਼ਬਦਾਂ ਦੇ ਜਾਦੂਗਰ ਸਨ। ਉਹ ਦਬੰਗ ਸਿਆਸਤਦਾਨ ਸਨ ਪਰੰਤੂ ਉਨ੍ਹਾਂ ਦਾ ਰਾਹ ਸਿਆਸਤਦਾਨ ਰੋਕਦੇ ਰਹੇ ਸਨ ਤਾਂ ਜੋ ਕਿਤੇ ਉਨ੍ਹਾਂ ਨੂੰ ਮਾਤ ਨਾ ਪਾ ਜਾਣ।

ਉਹ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਦੀ ਸਰਕਾਰ ਸਮੇਂ 2003 ਤੋਂ 2004 ਤੱਕ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਸਨ। ਉਹ ਬਹੁਤੀ ਦੇਰ ਇਸ ਅਹੁਦੇ ਤੇ ਵੀ ਟਿਕ ਨਹੀਂ ਸਕੇ ਅਤੇ ਡਿਪਟੀ ਸਪੀਕਰ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਉਨ੍ਹਾਂ ਨੂੰ ਸਰਵੋਤਮ ਪਾਰਲੀਮੈਂਟੇਰੀਅਨ ਦਾ ਖਿਤਾਬ ਵੀ ਦਿੱਤਾ ਗਿਆ ਸੀ। 6 ਮਹੀਨੇ ਪਹਿਲਾਂ ਮੈਂ ਅਤੇ ਪ੍ਰੋ.ਕ੍ਰਿਪਾਲ ਕਾਜਾਕ ਉਨ੍ਹਾਂ ਨੂੰ ਮਿਲਕੇ ਆਏ ਸੀ, ਉਨ੍ਹਾਂ ਸਿਆਸੀ ਸ਼ਤਰੰਜ ਦੀਆਂ ਬਹੁਤ ਸਾਰੀਆਂ ਘਿਨੌਣੀਆਂ ਹਰਕਤਾਂ ਬਾਰੇ ਖੁਲ੍ਹ ਕੇ ਵਿਚਾਰ ਵਟਾਂਦਰਾ ਕੀਤਾ ਸੀ। ਉਨ੍ਹਾਂ ਦਾ ਜਨਮ ਪਿਤਾ ਪ੍ਰਿਤਪਾਲ ਸਿੰਘ ਅਤੇ ਮਾਤਾ ਰਣਧੀਰ ਕੌਰ ਦੇ ਘਰ ਪਿੰਡ ਕੋਟਲਾ ਭਾਈਕਾ ਵਿਖੇ ਹੋਇਆ। ਉਨ੍ਹਾਂ ਦੀਆਂ ਤਿੰਨ ਲੜਕੀਆਂ ਅਤੇ ਇਕ ਲੜਕਾ ਹੈ।

## ਤੇਰਾ ਰੁਸਨਾ

ਤੇਰਾ ਨਿੱਕੀ ਗੱਲ ਤੇ ਰੁਸਨਾ,
ਸੱਜਣਾਂ ਮੈਨੂੰ ਭਾਉਂਦਾ ਨਹੀ
ਕਿਸ ਤਰਾ ਖੁਸ਼ ਰੱਖਾਂ ਤੈਨੂੰ,
ਸਮਝ ਮੈਨੂੰ ਕੁਝ ਆਉਂਦਾ ਨਹੀਂ

ਮਾੜੀ ਮਾੜੀ ਗੱਲ ਤੇ ਮੈਨੂੰ,
ਦੇਦਾ ਰਹੇ ਉਲਾਂਭੇ ਤੂੰ,
ਮੇਰਾ ਦਿਲ ਤਾਂ ਸੁਪਨੇਂ ਵਿੱਚ ਵੀ,
ਤੈਨੂੰ ਰੁਸ ਵਿਖਾਉਂਦਾ ਨਹੀ

ਜੀਹਦੇ ਨਾਂ ਲਿਖਾਈਏ ਜਿੰਦਗੀ,
ਉਹਦੇ ਨਾਲ ਨਾਂ ਗੁੱਸੇ ਹੋਈਏ
ਤੈਨੂੰ ਪਤਾ ਜੇ ਦੋਵੇ ਰੁਸ ਗਏ,
ਤੀਜਾ ਕੋਈ ਮਨਾਉਂਦਾ ਨਹੀ

ਸੱਜਣਾਂ ਮੈ ਹਾਂ ਤੇਲ ਦੀਵੇ ਦਾ,
ਉਹਦੇ ਵਿੱਚ ਤੂੰ ਰੂੰ ਦੀ ਵੱਟੀ
ਦੋਵਾਂ ਚੋ ਜੇ ਇਕ ਨਾਂ ਹੋਵੇ,
ਦੀਵਾ ਫਿਰ ਰੁਸ਼ਨਾਉਦਾ ਨਹੀ

ਖੈਰ ਮਹੁੱਬਤ ਵਾਲੀ ਦੋਵੇ,
ਇੱਕ ਦੂਜੇ ਨੂੰ ਵੰਡਦੇ ਰਹੀਏ
ਹਰ ਕੋਈ ਖ਼ੈਰ ਮਹੱਬਤਾਂ ਵਾਲੀ,
ਸੱਜਣਾਂ ਝੋਲੀ ਪਾਉਂਦਾ ਨਹੀ

ਹੱਸਣ ਦਾ ਤਾਂ ਨਾਟਕ ਹੁੰਦਾ,
ਦਿਲ ਵਿੱਚ ਡੂੰਘੇ ਦਰਦ ਬੜੇ
ਸੋਂਹ ਤੇਰੀ ਇੱਕ ਤੇਰੇ ਬਾਝੋਂ,
ਹੋਰ ਮੈ ਕਿਤੇ ਸੁਣਾਉਂਦਾ ਨਹੀ

ਵਿਛੜਨ ਦੀ ਗੱਲ ਕਰਕੇ ਮੈਨੂੰ,
ਐਨੀ ਵੱਡੀ ਸਜਾ ਦੇਈਂ ਨਾਂ,
ਜਾਣਬੁੱਝ ਕੇ ਤੇਰੇ ਦਿਲ ਨੂੰ,
ਮੈ ਤਾਂ ਕਦੇ ਰਵਾਉਂਦਾ ਨਹੀ

ਗੁਲਾਮੀ ਵਾਲਾ ਬੂਟਾ ਹੁਣ ਤਾਂ,
ਉਮਰਾਂ ਤੀਕਰ ਤੇਰਾ ਏ
ਸੱਚ ਜਾਣੀ ਇਕ ਪਲ ਵੀ ਤੈਨੂੰ,
ਦਿਲ ਚੋਂ ਕਦੇ ਭੁਲਾਉਂਦਾ ਨਹੀ

**ਬੂਟਾ ਗੁਲਾਮੀ ਵਾਲਾ**
91-94171-97395

## ਅਮਰਨਾਥ ਯਾਤਰਾ 2023: ਸ਼ਰਧਾਲੂਆਂ ਲਈ ਨਿਰਵਿਘਨ ਅਤੇ ਸੁਰੱਖਿਅਤ ਯਾਤਰਾ ਨੂੰ ਯਕੀਨੀ ਬਣਾਉਣ ਲਈ ਪੰਜਾਬ ਪੁਲਿਸ ਨੇ ਕੀਤੇ ਸੁਰੱਖਿਆ ਦੇ ਪੁਖਤਾ ਪ੍ਰਬੰਧ

**ਪਠਾਨਕੋਟ, ਜੁਲਾਈ ( ਰਾਜਿੰਦਰ ਸਿੰਘ ਰਾਜਨ)** ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਅਮਰਨਾਥ ਯਾਤਰਾ 'ਤੇ ਜਾਣ ਵਾਲੇ ਸ਼ਰਧਾਲੂਆਂ ਲਈ ਨਿਰਵਿਘਨ ਅਤੇ ਸੁਰੱਖਿਅਤ ਯਾਤਰਾ ਨੂੰ ਯਕੀਨੀ ਬਣਾਉਣ ਲਈ ਪੰਜਾਬ ਪੁਲਿਸ ਨੂੰ ਦਿੱਤੇ ਨਿਰਦੇਸ਼ਾਂ ਦੇ ਮੱਦੇਨਜ਼ਰ ਪੁਲਿਸ ਦੇ ਵਿਸ਼ੇਸ਼ ਡਾਇਰੈਕਟਰ ਜਨਰਲ (ਵਿਸ਼ੇਸ਼ ਡੀਜੀਪੀ) ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਸੋਮਵਾਰ ਨੂੰ ਪੁਲਿਸ, ਫੌਜ ,ਸਿਵਲ ਪ੍ਰਸ਼ਾਸਨ ਅਤੇ ਹੋਰ ਸੁਰੱਖਿਆ ਏਜੰਸੀਆਂ ਉਕਤ ਯਾਤਰਾ ਦੇ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਪਠਾਨਕੋਟ ਵਿਖੇ ਉੱਚ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕੀਤੀ।



ਇਹ ਮੀਟਿੰਗ ਮੌਜੂਦਾ ਸਮੇਂ ਚੱਲ ਰਹੀ ਅਮਰਨਾਥ ਯਾਤਰਾ ਲਈ ਰਣਨੀਤਕ ਤਿਆਰੀਆਂ 'ਤੇ ਕੇਂਦਰਿਤ ਸੀ। ਮੀਟਿੰਗ ਵਿੱਚ ਪੁਲਿਸ ਤਾਇਨਾਤੀ, ਸੁਰੱਖਿਆ ਉਪਾਅ, ਆਵਾਜਾਈ ਪ੍ਰਬੰਧਨ ਅਤੇ ਆਫ਼ਤ ਪ੍ਰਬੰਧਨ ਵਰਗੇ ਵੱਖ-ਵੱਖ ਪਹਿਲੂ ਵਿਚਾਰੇ ਗਏ।

ਵਿਸ਼ੇਸ਼ ਡੀਜੀਪੀ ਨੇ ਕੈਂਪ ਦੀ ਸੁਰੱਖਿਆ, ਇੱਕ ਸੁਚਾਰੂ ਸੰਚਾਰ ਨੈਟਵਰਕ ਦੀ ਸਥਾਪਨਾ, ਰਾਸ਼ਟਰੀ ਰਾਜਮਾਰਗ ਅਤੇ ਹੋਰ ਮਾਰਗਾਂ ਦੇ ਨਾਲ ਟਰੈਫਿਕ ਨਿਯਮਾਂ ਲਈ ਸੁਚੱਜੀ ਯੋਜਨਾ ਸਮੇਤ ਕਈ ਹੋਰ ਮਸਲਿਆਂ 'ਤੇ ਵੀ ਚਰਚਾ ਕੀਤੀ । ਉਨ੍ਹਾਂ ਨੇ ਸਬੰਧਤ ਅਧਿਕਾਰੀਆਂ ਨੂੰ ਪਾਰਕਿੰਗ ਲਈ ਢੁਕਵੇਂ ਪ੍ਰਬੰਧ ਕਰਨ ਅਤੇ ਸ਼ੰਭੂ ਬਾਰਡਰ ਤੋਂ ਫਿਲੌਰ, ਫਿਲੌਰ ਤੋਂ ਭੋਗਪੁਰ, ਭੋਗਪੁਰ ਤੋਂ ਪਠਾਨਕੋਟ ਅਤੇ ਪਠਾਨਕੋਟ ਤੋਂ ਲਖਨਪੁਰ ਬੈਰੀਅਰ ਸਮੇਤ ਸਾਰੇ ਚਾਰ ਯਾਤਰਾ ਮਾਰਗਾਂ 'ਤੇ ਸੁਰੱਖਿਆ ਬਲਾਂ ਦੀ ਰਣਨੀਤਕ ਤਾਇਨਾਤੀ ਕਰਨ ਲਈ ਵੀ ਕਿਹਾ।

ਜ਼ਿਕਰਯੋਗ ਹੈ ਕਿ ਸ਼ੰਭੂ ਤੋਂ ਮਾਧੋਪੁਰ ਤੱਕ ਫੈਲੇ ਪੰਜਾਬ ਦੇ ਖਿੱਤੇ ਨੂੰ ਚਾਰ ਸੈਕਟਰਾਂ ਵਿੱਚ ਵੰਡਿਆ ਗਿਆ ਹੈ- ਸ਼ੰਭੂ ਤੋਂ ਫਿਲੌਰ, ਫਿਲੌਰ ਤੋਂ ਭੋਗਪੁਰ, ਭੋਗਪੁਰ ਤੋਂ ਮੁਕੇਰੀਆਂ, ਅਤੇ ਮੁਕੇਰੀਆਂ ਤੋਂ ਮਾਧੋਪੁਰ।

ਅਧਿਕਾਰੀਆਂ, ਸੁਰੱਖਿਆ ਏਜੰਸੀਆਂ ਅਤੇ ਸਿਵਲ ਪ੍ਰਸ਼ਾਸਨ ਵਿਚਕਾਰ ਨਜ਼ਦੀਕੀ ਤਾਲਮੇਲ ਦੀ ਅਹਿਮ ਭੂਮਿਕਾ 'ਤੇ ਜ਼ੋਰ ਦਿੰਦੇ ਹੋਏ, ਵਿਸ਼ੇਸ਼ ਡੀਜੀਪੀ ਨੇ ਯਾਤਰਾ ਦੇ ਸੁਚਾਰੂ ਅਤੇ ਸ਼ਾਂਤੀਪੂਰਨ ਸੰਚਾਲਨ ਨੂੰ ਯਕੀਨੀ ਬਣਾਉਣ ਲਈ ਸੁਚੱਜੀ ਯੋਜਨਾਬੰਦੀ ਅਤੇ ਪ੍ਰਭਾਵੀ ਵਿਧੀ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਅਧਿਕਾਰੀਆਂ ਨੂੰ ਸੰਵੇਦਨਸ਼ੀਲ ਥਾਵਾਂ ਅਤੇ ਬੇਸ ਕੈਂਪਾਂ 'ਤੇ ਵਿਸ਼ੇਸ਼ ਧਿਆਨ ਦੇਣ ਦੇ ਨਾਲ-ਨਾਲ ਅਜਿਹੇ ਖੇਤਰਾਂ 'ਤੇ ਮਜ਼ਬੂਤ ਸੁਰੱਖਿਆ ਪ੍ਰਬੰਧਾਂ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਕਿਸੇ ਵੀ ਕੁਦਰਤੀ ਆਫ਼ਤ ਨਾਲ ਨਜਿੱਠਣ ਲਈ ਵਿਆਪਕ ਆਫ਼ਤ ਪ੍ਰਬੰਧਨ ਪ੍ਰਬੰਧਾਂ ਦੀ ਲੋੜ 'ਤੇ ਜ਼ੋਰ ਦਿੰਦੇ ਹੋਏ, ਉਨਾਂ ਅੱਗਜ਼ਨੀ ਦੀਆਂ ਘਟਨਾਵਾਂ ਜਾਂ ਹੜ੍ਹਾਂ ਵਰਗੀਆਂ ਹੰਗਾਮੀ ਸਥਿਤੀਆਂ ਨਾਲ ਨਜਿੱਠਣ ਲਈ ਮਿਆਰੀ ਸੰਚਾਲਨ ਪ੍ਰਕਿਰਿਆਵਾਂ (ਐਸਓਪੀਜ਼) ਨੂੰ ਲਾਗੂ ਕਰਨ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ।

ਬਾਅਦ ਵਿੱਚ ਸਪੈਸ਼ਲ ਡੀਜੀਪੀ ਅਰਪਿਤ ਸ਼ੁਕਲਾ ਨੇ ਪੰਜਾਬ ਪੁਲਿਸ ਵੱਲੋਂ ਮਾਧੋਪੁਰ ਬੈਰੀਅਰ ਵਿਖੇ ਸਥਾਪਿਤ ਸੁਵਿਧਾ ਕੇਂਦਰ ਦਾ ਵੀ ਦੌਰਾ ਕੀਤਾ। ਮੀਟਿੰਗ ਦੌਰਾਨ ਹੋਰ ਪਤਵੰਤਿਆਂ ਸਮੇਤ ਵੱਖ ਵੱਖ ਬ੍ਰਿਗੇਡਾਂ ਦੇ ਕਮਾਂਡਰ, ਡੀਆਈਜੀ ਬਾਰਡਰ ਰੇਂਜ ਨਰਿੰਦਰ ਭਾਰਗਵ, ਡਿਪਟੀ ਕਮਿਸ਼ਨਰ ਪਠਾਨਕੋਟ, ਐਸਐਸਪੀ ਪਠਾਨਕੋਟ ਹਰਕਮਲ ਪ੍ਰੀਤ ਸਿੰਘ ਖੱਖ, ਐਸਐਸਪੀ ਕਠੂਆ, ਐਸਐਸਪੀ ਨੂਰਪੁਰ, ਰਾਅ ਤੋਂ ਸ਼ੈਲੇਸ਼ ਕੁਮਾਰ, ਆਈਬੀ ਤੋਂ ਰਵਿੰਦਰ ਠਾਕੁਰ ਵੀ ਹਾਜ਼ਰ ਸਨ।

# ਸ਼ਹੀਦ ਭਾਈ ਮਨੀ ਸਿੰਘ ਜੀ



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਸਿੱਖ ਇਤਿਹਾਸ ਵਿਚ ਭਾਈ ਮਨੀ ਸਿੰਘ ਜੀ ਦੀ ਸ਼ਖਸੀਅਤ ਦਾ ਵਿਸ਼ੇਸ਼ ਸਥਾਨ ਹੈ। ਉਹ ਗੁਰਬਾਣੀ ਦੇ ਲਿਪੀਕਾਰ, ਵਿਆਖਿਆਕਾਰ, ਸੁਚੇਤ ਪ੍ਰਬੰਧਕ ਅਤੇ ਮਹਾਨ ਯੋਧਾ ਸਨ, ਜਿਹਨਾਂ ਨੇ ਅੰਮ੍ਰਿਤਸਰ ਦੀ ਮਰਯਾਦਾ ਨੂੰ ਕਾਇਮ ਰੱਖਿਆ। ਧਰਮ ਬਚਾਉਣ ਲਈ ਜਬਰ ਨੂੰ ਸਬਰ ਨਾਲ ਹੰਢਾਇਆ। ਅਜਿਹੇ ਮਹਾਨ ਸ਼ਹੀਦਾਂ ਦੀ ਕੁਰਬਾਨੀ ਸਿੱਖ ਅਰਦਾਸ ਦਾ ਹਿੱਸਾ ਬਣੀ ਕਿ- ਜਿਨ੍ਹਾਂ ਸਿੰਘ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ ਬੰਦ ਕਟਾਏ।।

ਭਾਈ ਮਨੀ ਸਿੰਘ ਜੀ ਦਾ ਜਨਮ 10 ਮਾਰਚ 1644 ਈ: ਨੂੰ ਪਿੰਡ ਅਲੀਪੁਰ ਜ਼ਿਲ੍ਹਾ ਮੁਜੱਫਰਗੜ੍ਹ (ਪਾਕਿਸਤਾਨ) ਵਿਖੇ ਪਿਤਾ ਮਾਈਦਾਸ ਤੇ ਮਾਤਾ ਮਧਰੀਬਾਈ ਦੇ ਘਰ ਹੋਇਆ। ਬਚਪਨ ਦਾ ਨਾਂ ਮਨੀਰਾਮ (ਮਨੀਆ) ਸੀ। ਉਹ 1657 ਈ: ਨੂੰ ਆਪਣੇ ਪਿਤਾ ਜੀ ਨਾਲ ਗੁਰੂ ਹਰਿਰਾਏ ਜੀ ਦੇ ਦਰਸ਼ਨ ਕਰਨ ਕੀਰਤਪੁਰ ਆਏ ਸਨ। ਉਹਨਾਂ ਦਾ ਵਿਆਹ 1659 ਈ: ਵਿਚ ਲੱਖੀਰਾਏ ਦੀ ਧੀ ਸੀਤੋ ਬਾਈ ਨਾਲ ਹੋਇਆ। ਉਹ ਗੁਰੂ ਹਰਿਕ੍ਰਿਸ਼ਨ ਜੀ ਕੋਲ ਦਿੱਲੀ ਚਲੇ ਗਏ। ਫਿਰ 1664 ਈ: ਵਿਚ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸੰਗਤ ਵਿਚ ਬਾਬਾ ਬਕਾਲਾ ਪਹੁੰਚ ਗਏ। ਜਦੋਂ 1675 ਈ: ਵਿਚ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਦਿੱਲੀ ਰਵਾਨਗੀ ਸਮੇਂ ਉਹਨਾਂ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਕੋਲ ਅਨੰਦਪੁਰ ਸਾਹਿਬ ਛੱਡ ਗਏ। ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਵੇਲੇ ਭਾਈ ਮਤੀਦਾਸ, ਭਾਈ ਸਤੀਦਾਸ ਅਤੇ ਭਾਈ ਦਿਆਲਾ ਜੀ ਵੀ ਨਾਲ ਸਨ। ਉਬਲਦੀ ਦੇਗ ਵਿਚ ਸ਼ਹੀਦੀ ਪਾਉਣ ਵਾਲੇ ਭਾਈ ਦਿਆਲਾ ਜੀ ਭਾਈ ਮਨੀ ਰਾਮ ਜੀ ਦੇ ਭਰਾ ਸਨ। ਭਾਈ ਮਨੀਰਾਮ ਜੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਸੇਵਾ ਵਿਚ ਰਹੇ। ਸੰਨ 1688 'ਚ ਭੰਗਾਣੀ 1690 ਵਿਚ ਨੰਦੌਣ ਦੀਆਂ ਜੰਗਾਂ ਵਿਚ ਬੜੀ ਬਹਾਦਰੀ ਨਾਲ ਹਿੱਸਾ ਲਿਆ। ਉਹਨਾਂ ਨੇ ਇਕ ਸੂਰਬੀਰ ਯੋਧਾ ਹੋਣ ਦਾ ਸਬੂਤ ਦਿੱਤਾ। ਸੰਨ 1691 ਨੂੰ ਉਹਨਾਂ ਨੂੰ 'ਦੀਵਾਨ' ਦੀ ਉਪਾਧੀ ਮਿਲੀ।

ਸੰਨ 1699 ਦੀ ਵਿਸਾਖੀ ਤੇ ਅੰਮ੍ਰਿਤ ਛਕ ਕੇ ਮਨੀ ਸਿੰਘ ਨਾਂ ਹੋ ਗਿਆ। ਸੰਨ 1704 ਈ: 6-7 ਪੋਹ ਦੀ ਵਿਚਕਾਰਲੀ ਰਾਤ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਆਨੰਦਪੁਰ ਦਾ ਕਿਲਾ ਛੱਡਿਆ ਤਾਂ ਭਾਈ ਸਾਹਿਬ ਗੁਰੂ ਕੇ ਮਹਿਲਾਂ ਨੂੰ ਦਿੱਲੀ ਪਹੁੰਚਾਉਣ ਵਿਚ ਸਫਲ ਹੋਏ। ਜਦੋਂ ਗੁਰੂ ਜੀ ਮੁਕਤਸਰ ਦੀ ਜੰਗ ਤੋਂ ਤਲਵੰਡੀ ਸਾਬੋ ਪਹੁੰਚੇ ਤਾਂ ਭਾਈ ਸਾਹਿਬ ਜੀ ਗੁਰੂ ਕੇ ਮਹਿਲਾਂ ਅਤੇ ਸੰਗਤ ਨਾਲ ਦਮਦਮਾ ਸਾਹਿਬ ਪੁੱਜ ਗਏ। ਇੱਥੇ ਹੀ ਗੁਰੂ ਸਾਹਿਬ ਜੀ ਨੇ ਭਾਈ ਸਾਹਿਬ ਪਾਸੋਂ 'ਗੁਰੂ ਗ੍ਰੰਥ ਸਾਹਿਬ ਜੀ ਦੀ ਦਮਦਮੀ ਬੀੜ ਲਿਖਵਾਈ ਸੀ।

ਹਰਿਮੰਦਰ ਸਾਹਿਬ ਜੀ ਦੀ ਗੁਰ ਮਰਯਾਦਾ ਪ੍ਰਪੱਕ ਚਲਾਉਣ ਲਈ ਭਾਈ ਸਾਹਿਬ ਨੂੰ ਹਰਿਮੰਦਰ ਸਾਹਿਬ ਦਾ ਮੁੱਖ ਗ੍ਰੰਥੀ ਨਿਯੁਕਤ ਕੀਤਾ। ਸੰਨ 1738 ਈ. ਨੂੰ ਭਾਈ ਸਾਹਿਬ ਨੇ ਚਾਹਿਆ ਕਿ ਸਾਰੇ ਸਿੱਖ ਇਕੱਠੇ ਹੋ ਕੇ ਅੰਮ੍ਰਿਤਸਰ ਵਿਖੇ 'ਬੰਦੀ ਛੋੜ' ਦਿਵਸ ਮਨਾਉਣ। ਜ਼ਕਰੀਆ ਖਾਂ ਗਵਰਨਰ ਲਾਹੌਰ ਨੇ ਸੁਰੱਖਿਆ ਪ੍ਰਦਾਨ ਕਰਨ ਲਈ 5000 ਮੋਹਰਾਂ ਦਾ ਕਰ ਲਾ ਦਿੱਤਾ। ਨਾਲ ਹੀ ਜ਼ਕਰੀਆ ਖਾਂ ਅਤੇ ਦਿਵਾਨ ਲਖਪਤ ਰਾਏ ਨੇ ਵਿਉਂਤ ਬਣਾ ਲਈ ਕਿ ਅੰਮ੍ਰਿਤਸਰ ਇਕੱਠੇ ਹੋਣ ਵਾਲੇ ਸਿੰਘਾਂ ਨੂੰ ਘੇਰ ਕੇ ਮਾਰ ਮੁਕਾਇਆ ਜਾਵੇ। ਮੁਗਲ ਪ੍ਰਬੰਧਕਾਂ ਦੀ ਉਸ ਚਾਲ ਦਾ ਪਤਾ ਭਾਈ ਸਾਹਿਬ ਨੂੰ ਲੱਗ ਗਿਆ। ਕਤਲੋਗਾਰਤ ਦੇ ਬਚਾਅ ਲਈ ਉਹਨਾਂ ਨੇ ਸੰਗਤਾਂ ਨੂੰ ਪੂਰਬ ਤੇ ਨਾ ਪਹੁੰਚਣ ਦੇ ਸੁਨੇਹੇ ਭੇਜ ਦਿੱਤੇ। ਸੰਗਤਾਂ ਦੇ ਨਾ ਪੁੱਜਣ ਕਰਕੇ ਚੜ੍ਹਾਵੇ ਦੀ ਧਨ ਰਾਸ਼ੀ ਵਿਚੋਂ ਸਰਕਾਰੀ ਕਰ ਅਦਾ ਨਹੀਂ ਕੀਤਾ ਜਾ ਸਕਦਾ ਸੀ।

ਇਸ ਲਈ ਰਕਮ ਇਕੱਠੀ ਕਰਨ ਲਈ ਵਿਸਾਖੀ ਪੂਰਬ ਦੀ ਸਰਕਾਰੀ ਪ੍ਰਵਾਨਗੀ ਮਿਲੀ। ਗੁਪਤ ਰੂਪ ਵਿਚ ਸੂਬਾ ਲਾਹੌਰ ਨੇ ਇਹ ਪ੍ਰਵਾਨਗੀ ਫਿਰ ਸਿੱਖਾਂ ਦੇ ਇਕੱਠ ਨੂੰ ਖਤਮ ਕਰਨ ਲਈ ਹੀ ਦਿੱਤੀ ਸੀ। ਭਾਈ ਸਾਹਿਬ ਨੇ ਫਿਰ ਸਿੱਖਾਂ ਦੀ ਕਤਲੋਗਾਰਤ ਨੂੰ ਰੋਕਣ ਲਈ ਸੁਨੇਹੇ ਭੇਜ ਦਿੱਤੇ ਕਿ ਹਕੂਮਤ ਦੀ ਸਿੱਖਾਂ ਨੂੰ ਖਤਮ ਕਰਨ ਦੀ ਇਕ ਹੋਰ ਚਾਲ ਹੈ। ਇਸਦੇ ਬਚਾਅ ਵਿਚ ਸੰਗਤ ਨਾ ਪਹੁੰਚੇ। ਪਰ ਫਿਰ ਵੀ ਕੁਝ ਸ਼ਰਧਾਲੂ ਪਹੁੰਚ ਹੀ ਗਏ। ਸੂਬਾ ਲਾਹੌਰ ਨੇ ਲਖਪਤ ਰਾਏ ਨੂੰ ਫੌਜ ਦੇ ਕੇ ਹਰਿਮੰਦਰ ਸਾਹਿਬ 'ਤੇ ਹਮਲਾ ਕਰਵਾ ਦਿੱਤਾ, ਜਿਸ ਵਿਚ ਸਿੱਖਾਂ ਦਾ ਜਾਨੀ ਨੁਕਸਾਨ ਹੋਇਆ।



ਭਾਈ ਮਨੀ ਸਿੰਘ ਜੀ ਨੂੰ ਸਿੰਘਾਂ ਸਮੇਤ ਗ੍ਰਿਫਤਾਰ ਕਰਕੇ ਲਾਹੌਰ ਭੇਜ ਦਿੱਤਾ। ਉਥੇ ਸਰਕਾਰੀ ਕਰ ਨਾ ਅਦਾ ਕਰਨ ਦੇ ਇਲਜਾਮ ਵਿਚ ਮੌਤ ਦੇ ਘਾਟ ਉਤਾਰਨ ਦੀ ਧਮਕੀ ਦਿੱਤੀ ਗਈ। ਮੁਗਲਾਂ ਦੀ ਜਬਰਨ ਧਰਮ ਪਰਿਵਰਤਨ ਦੀ ਨੀਤੀ ਹੇਠ ਭਾਈ ਸਾਹਿਬ ਨੂੰ ਇਸਲਾਮ ਕਬੂਲ ਕਰਨ ਲਈ ਕਿਹਾ ਗਿਆ। ਕਈ ਤਰ੍ਹਾਂ ਦੇ ਲਾਲਚ ਦਿੱਤੇ ਗਏ। ਡਰਾਵੇ ਧਮਕੀਆਂ ਅਤੇ ਕਈ ਫਰੇਬੀ ਚਾਲਾਂ ਚੱਲੀਆਂ। ਭਾਈ ਸਾਹਿਬ ਅਡੋਲ ਰਹੇ ਅਤੇ ਜ਼ਕਰੀਆ ਖਾਂ ਨੇ ਭਾਈ ਮਨੀ ਸਿੰਘ ਜੀ ਨੂੰ ਬੰਦ-ਬੰਦ ਕੱਟ ਕੇ ਸ਼ਹੀਦ ਕਰਨ ਦਾ ਹੁਕਮ ਸੁਣਾ ਦਿੱਤਾ। ਭਾਈ ਸਾਹਿਬ ਜੀ ਨੇ ਇਸ ਸਜਾ ਨੂੰ ਹੱਸ ਕੇ ਕਬੂਲ ਕੀਤਾ। ਉਹਨਾਂ ਨਾਲ ਸਿੰਘਾਂ ਵਿਚ ਭਾਈ ਦੀਵਾਨ ਸਿੰਘ ਜੀ ਨੂੰ ਆਰੇ ਨਾਲ ਚੀਰਿਆ। ਭਾਈ ਗੁਲਜਾਰ ਸਿੰਘ ਭਾਈ ਸਾਹਿਬ ਸਿੰਘ ਜੀ ਦੇ ਭਰਾ ਨੂੰ ਪੁੱਠਿਆਂ ਲਟਕਾ ਕੇ ਖੱਲ ਲਾਹ ਕੇ ਸ਼ਹੀਦ ਕੀਤਾ। ਭਾਈ ਮਨੀ ਸਿੰਘ ਜੀ ਨੂੰ ਨਾਖਾਸ ਚੌਂਕ ਲਾਹੌਰ ਲੰਡੇ ਬਜ਼ਾਰ ਵਿਚ 90 ਸਾਲ ਦੀ ਉਮਰ ਵਿਚ 24 ਜੂਨ 1734 ਨੂੰ ਬੰਦ-ਬੰਦ ਕੱਟ ਕੇ ਸ਼ਹੀਦ ਕਰ ਦਿੱਤਾ। ਭਾਈ ਮਨੀ ਸਿੰਘ ਜੀ ਦਾ ਸਸਕਾਰ ਭਾਈ ਸੁਬੇਗ ਸਿੰਘ ਤੇ ਲਾਹੌਰੀ ਸਿੱਖਾਂ ਨੇ ਮਸਤੀ ਦਰਵਾਜਿਉਂ ਬਾਹਰ ਸ਼ਾਹੀ ਕਿਲੇ ਕੋਲ ਕੀਤਾ, ਜਿੱਥੇ ਗੁਰਦੁਆਰਾ ਸ਼ਹੀਦ ਗੰਜ ਦੂਸਰਾ ਬਣਿਆ ਹੋਇਆ ਸੀ। ਭਾਈ ਸਾਹਿਬ ਜੀ ਦਾ ਸਮੁੱਚਾ ਜੀਵਨ ਸਿਦਕ, ਸੇਵਾ ਸੰਭਾਲ ਦਾ ਰਿਹਾ। ਜਿਸ ਵਿਚ ਭਗਤੀ ਅਤੇ ਸ਼ਕਤੀ ਦਾ ਸੁਮੇਲ ਸੀ।

ਮੌਤ ਨੂੰ ਸਾਹਮਣੇ ਰੱਖ ਕੇ ਵੀ ਨਾ ਡਰਨ ਵਾਲੇ ਜੀਵਨ ਮਰਨ ਵਿਚ ਫਰਕ ਨਹੀਂ ਸਮਝਦੇ। ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਅਤੇ ਸਿੱਖ ਪੰਥ ਦੀਆਂ ਸਮੂਹ ਸ਼ਹੀਦੀਆਂ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ। ਸ਼ਹੀਦੀਆਂ ਜੀਵਨ ਵਿਚ ਚਾਨਣ ਮੁਨਾਰੇ ਦੀ ਰੌਸ਼ਲੀ ਵਿਚ ਸੇਧ ਦਿੰਦੀਆਂ ਰਹਿਣਗੀਆਂ।

# ਈਦ ਆਪਸੀ ਭਾਈਚਾਰੇ, ਸਦਭਾਵਨਾ ਅਤੇ ਪਿਆਰ ਦਾ ਪ੍ਰਤੀਕ ਹੈ

ਈਦ-ਉਲ-ਅਜ਼ਹਾ ਦੀ ਨਮਾਜ਼, ਜਿਸ ਨੂੰ ਕੁਰਬਾਨੀ ਦੀ ਈਦ ਵੀ ਕਿਹਾ ਜਾਂਦਾ ਹੈ, ਪੁਰਾਣੀ ਕਣਕ ਮੰਡੀ ਦੀ ਅਹਿਮਦੀਆ ਮੁਸਲਿਮ ਮਸਜਿਦ ਵਿੱਚ ਅਦਾ ਕੀਤੀ ਗਈ। ਜਿਸ ਵਿੱਚ ਵੱਡੀ ਗਿਣਤੀ ਵਿੱਚ ਅਹਿਮਦੀਆ ਮੁਸਲਮਾਨਾਂ ਨੇ ਸ਼ਿਰਕਤ ਕੀਤੀ ਅਤੇ ਨਮਾਜ਼ ਅਦਾ ਕੀਤੀ। ਨਮਾਜ਼



ਪ੍ਰਚਾਰ ਮੁਖੀ ਸ਼ੇਖ ਮੰਨਾਨ ਨੇ ਪੜ੍ਹਿਆ। ਨਮਾਜ਼ ਤੋਂ ਬਾਅਦ ਆਪਣੇ ਸੰਬੋਧਨ ਵਿੱਚ ਉਨ੍ਹਾਂ ਈਦ-ਉਲ-ਅਜ਼ਹਾ ਦੀ ਵਿਆਖਿਆ ਅਤੇ ਵਿਸ਼ੇਸ਼ਤਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਈਦ ਮੁਸਲਮਾਨਾਂ

ਸ਼ੇਖ ਮੰਨਾਨ 91-97794-13364

ਦਾ ਦੂਜਾ ਸਭ ਤੋਂ ਵੱਡਾ ਤਿਉਹਾਰ ਹੈ। ਜਿਸ ਨੂੰ ਬਕਰੀਦ ਜਾਂ ਕੁਰਬਾਨੀ ਦੀ ਈਦ ਵੀ ਕਿਹਾ ਜਾਂਦਾ ਹੈ।ਈਦ-ਉਲ-ਅਜ਼ਹਾ ਤੋਂ ਸਿੱਖਿਆ ਮਿਲਦੀ ਹੈ ਕਿ ਔਖੇ ਹਾਲਾਤਾਂ ਵਿੱਚ ਵੀ ਹੱਕ 'ਤੇ ਡਟੇ ਰਹਿਣਾ ਚਾਹੀਦਾ ਹੈ। ਹੱਕਾਂ ਨੂੰ ਸਾਂਝਾ ਕਰਨ ਲਈ ਯਤਨਸ਼ੀਲ ਰਹਿਣਾ ਚਾਹੀਦਾ ਹੈ। ਕੁਰਬਾਨੀ ਦਾ ਅਰਥ ਹੈ ਆਪਣੇ ਰੱਬ ਦੇ ਨੇੜੇ ਜਾਣਾ। ਈਦ ਆਪਸੀ ਭਾਈਚਾਰੇ, ਸਦਭਾਵਨਾ ਅਤੇ ਪਿਆਰ ਦਾ ਪ੍ਰਤੀਕ ਹੈ। ਹਰ ਧਰਮ ਵਿੱਚ ਬਲੀਦਾਨ ਦੀ ਵਿਧੀ ਕਿਸੇ ਨਾ ਕਿਸੇ ਰੂਪ ਵਿੱਚ ਮੌਜੂਦ ਹੈ।ਇਸ ਈਦ ਵਿੱਚ ਉਹ ਲੋਕ ਜਿਨ੍ਹਾਂ ਕੋਲ ਕੁਰਬਾਨੀ ਕਰਨ ਲਈ ਪੈਸਾ ਹੈ, ਉਹ ਅੱਲ੍ਹਾ ਦੇ ਰਾਹ ਵਿੱਚ ਕੁਰਬਾਨੀ ਕਰਦੇ ਹਨ ਅਤੇ ਖੁਸ਼ੀ ਦੇ ਮੌਕੇ 'ਤੇ ਗਰੀਬ ਭਰਾਵਾਂ ਨੂੰ ਖੁਸ਼ੀਆਂ ਦੇਣ ਦੀ ਕੋਸ਼ਿਸ਼ ਕਰਦੇ ਹਨ, ਜੋ ਕਿ ਈਦ ਦਾ ਉਦੇਸ਼ ਵੀ ਹੈ। ਇਸ ਦਿਨ ਦੁਨੀਆ ਭਰ ਦੇ ਲੱਖਾਂ ਮੁਸਲਮਾਨ ਖਾਨਾ-ਏ-ਕਾਬਾ ਵਿਖੇ ਹੱਜ ਕਰਦੇ ਹਨ ਜੋ ਸਾਊਦੀ ਅਰਬ ਦੇ ਮੱਕਾ ਸ਼ਹਿਰ ਵਿੱਚ ਹੈ ਅਤੇ ਆਪਣੇ ਰੱਬ ਦਾ ਹੁਕਮ ਮੰਨਦੇ ਹਨ। ਈਦ ਦੇ ਦਿਨ ਦੁਨੀਆ ਭਰ ਦੇ ਮੁਸਲਮਾਨ ਇਕੱਠੇ ਨਮਾਜ਼ ਅਦਾ ਕਰਦੇ ਹਨ ਅਤੇ ਫਿਰ ਕੁਰਬਾਨੀ ਦਿੰਦੇ ਹਨ। ਇਸ ਈਦ ਵਿੱਚ ਹਜ਼ਰਤ ਇਬਰਾਹੀਮ ਅਲੇਹੀ ਸਲਾਮ ਦੀ ਕੁਰਬਾਨੀ ਨੂੰ ਯਾਦ ਕੀਤਾ ਜਾਂਦਾ ਹੈ ਜੋ ਅੱਲ੍ਹਾ ਦੇ ਕਹਿਣ 'ਤੇ ਆਪਣੇ ਪਿਆਰੇ ਪੁੱਤਰ ਦੀ ਕੁਰਬਾਨੀ ਦੇਣ ਲਈ ਤਿਆਰ ਹੋ ਗਏ ਸਨ। ਇਸੇ ਤਰ੍ਹਾਂ ਅਸੀਂ ਮੁਸਲਮਾਨ ਅੱਲ੍ਹਾ ਦੇ ਰਾਹ ਵਿਚ ਸਭ ਤੋਂ ਵੱਡੀ ਕੁਰਬਾਨੀ ਲਈ ਹਮੇਸ਼ਾ ਤਿਆਰ ਰਹਾਂਗੇ। ਇਸ ਤੋਂ ਬਾਅਦ ਵਿਸ਼ਵ ਸ਼ਾਂਤੀ ਲਈ ਪ੍ਰਾਰਥਨਾਵਾਂ ਅਤੇ ਕਾਮਨਾਵਾਂ ਕੀਤੀਆਂ ਗਈਆਂ। ਇਸ ਤੋਂ ਬਾਅਦ ਸਾਰਿਆਂ ਨੇ ਇੱਕ ਦੂਜੇ ਨੂੰ ਗਲੇ ਲਗਾ ਕੇ ਈਦ ਦੀ ਵਧਾਈ ਦਿੱਤੀ। ਇਸ ਮੌਕੇ ਔਰਤਾਂ ਲਈ ਨਮਾਜ਼ ਅਦਾ ਕਰਨ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਸਨ। ਇਸ ਮੌਕੇ ਅਹਿਮਦੀਆ ਜਮਾਤ ਹੁਸ਼ਿਆਰਪੁਰ ਦੇ ਮੁਖੀ ਮੁਹੰਮਦ ਰੁਸਤਮ, ਵਲੀਦ ਅਹਿਮਦ, ਸ਼ਮਸ਼ੇਰ ਖਾਨ, ਮੁਹੰਮਦ ਮਨਸੂਰ, ਰੱਬਾਨ ਅਤੇ ਅਯੂਬ, ਮੁਮਤਾਜ਼ ਆਦਿ ਹਾਜ਼ਰ ਸਨ।

# ਸਿਵਲ ਸਰਜਨ ਨੇ ਡੇਂਗੂ ਜਾਗਰੂਕਤਾ ਲਈ ਟੀਮਾਂ ਨੂੰ ਕੀਤਾ ਰਵਾਨਾ

**ਸੰਗਰੂਰ, (ਦਲਜੀਤ ਕੌਰ)-** ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਵੱਲੋਂ ਜੁਲਾਈ ਨੂੰ ਡੇਂਗੂ ਵਿਰੋਧੀ ਮਹੀਨਾ ਵਜੋਂ ਮਨਾਇਆ ਜਾ ਰਿਹਾ ਹੈ ਜਿਸ ਤਹਿਤ ਅੱਜ ਸਿਵਲ ਸਰਜਨ ਡਾ. ਪਰਮਿੰਦਰ ਕੌਰ ਵੱਲੋਂ ਡੇਂਗੂ ਜਾਗਰੂਕਤਾ ਲਈ ਟੀਮਾਂ ਨੂੰ ਰਵਾਨਾ ਕੀਤਾ ਗਿਆ। ਇਸ ਮੌਕੇ ਡਾ. ਪਰਮਿੰਦਰ ਕੌਰ ਨੇ ਦੱਸਿਆ ਕਿ ਜਿਲ੍ਹਾ ਸੰਗਰੂਰ ਵਿੱਚ 42 ਟੀਮਾਂ ਦਾ ਗਠਨ ਕੀਤਾ ਗਿਆ ਹੈ ਜਿੰਨਾ ਵੱਲੋਂ ਜ਼ਿਲ੍ਹੇ ਭਰ 'ਚ ਆਮ ਲੋਕਾਂ ਨੂੰ ਡੇਂਗੂ ਤੋਂ ਬਚਾਅ ਸਬੰਧੀ ਜਾਗਰੂਕ ਕੀਤਾ ਜਾਵੇਗਾ। ਇਸ ਤੋਂ ਇਲਾਵਾ ਮਾਸ ਮੀਡੀਆ ਵਿੰਗ, ਮਲਟੀਪਰਪਜ ਕੇਡਰ ਤੋਂ ਇਲਾਵਾ ਆਸ਼ਾ ਵੱਲੋਂ ਵੀ ਲੋਕਾਂ ਨੂੰ ਵੈਕਟਰ ਬੌਰਨ ਬਿਮਾਰੀਆਂ ਤੋਂ ਬਚਾਅ ਲਈ ਜਾਗਰੂਕ ਕੀਤਾ ਜਾ ਰਿਹਾ ਹੈ।



ਜਿਲ੍ਹਾ ਨੋਡਲ ਅਫ਼ਸਰ ਡਾ: ਉਪਾਸਨਾ ਬਿੰਦਰਾ ਨੇ ਦੱਸਿਆ ਕਿ ਤੇਜ਼ ਬੁਖਾਰ, ਸਿਰ ਦਰਦ, ਮਾਸ ਪੇਸ਼ੀਆਂ 'ਚ ਦਰਦ, ਚਮੜੀ ਤੇ ਦਾਣੇ, ਅੱਖਾਂ ਦੇ ਪਿਛਲੇ ਹਿੱਸੇ 'ਚ ਦਰਦ ਤੇ ਨੱਕ ਜਾਂ ਮਸੂੜਿਆਂ 'ਚੋਂ ਖੂਨ ਵਗਣਾ ਆਦਿ ਲੱਛਣ ਹੋਣ ਤਾਂ ਨੇੜੇ ਦੇ ਸਿਹਤ ਕੇਂਦਰ ਜਾਂ ਸਰਕਾਰੀ ਹਸਪਤਾਲ 'ਚ ਚੈਕਅਪ ਕਰਾਉਣਾ ਚਾਹੀਦਾ ਹੈ। ਇਸ ਦਾ ਟੈਸਟ ਤੇ ਇਲਾਜ ਸਾਰੇ ਸਰਕਾਰੀ ਹਸਪਤਾਲਾਂ 'ਚ ਮੁਫ਼ਤ ਕੀਤਾ ਜਾਂਦਾ ਹੈ। ਉਨ੍ਹਾਂ ਦੱਸਿਆ ਜ਼ਿਲ੍ਹਾ ਸੰਗਰੂਰ ਦੇ ਸਾਰੇ ਸਿਹਤ ਕੇਂਦਰਾਂ 'ਚ ਲੋਕਾਂ ਨੂੰ ਡੇਂਗੂ ਤੋਂ ਬਚਾਅ ਲਈ ਸਹਿਰੀ ਖੇਤਰਾਂ ਵਿੱਚ ਮੁਨਿਆਦੀ ਕਰਵਾ ਕੇ ਵੀ ਜਾਗਰੂਕ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਡੇਂਗੂ ਦਾ ਮੱਛਰ ਸਾਫ ਖੜੇ ਪਾਣੀ 'ਚ ਪਲਦਾ ਹੈ ਤੇ ਦਿਨ ਵੇਲੇ ਕੱਟਦਾ ਹੈ। ਇਸ ਦਾ ਮੱਛਰ ਹਫਤੇ 'ਚ ਆਂਡੇ ਤੋਂ ਪੂਰਾ ਮੱਛਰ ਬਣਦਾ ਹੈ। ਇਸ ਲਈ ਹਰੇਕ ਸ਼ੁਕਰਵਾਰ ਨੂੰ ਖੁਸਕ ਦਿਨ ਮਨਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮੱਛਰ ਦੇ ਕੱਟਣ ਤੋਂ ਬਚਣ ਲਈ ਪੂਰਾ ਸ਼ਰੀਰ ਢੱਕਣ ਵਾਲੇ ਕੱਪੜੇ ਪਾਏ ਜਾਣ, ਸੌਣ ਵੇਲੇ ਮੱਛਰਦਾਨੀ, ਮੱਛਰ ਭਜਾਉਣ ਵਾਲੀਆਂ ਕਰੀਮਾਂ, ਤੇਲ ਆਦਿ ਦੀ ਵਰਤੋਂ ਕੀਤੀ ਜਾਵੇ। ਟੁੱਟੇ ਬਰਤਨ , ਡਰੰਮ , ਟਾਇਰਾਂ ਆਦਿ ਨੂੰ ਖੁੱਲ੍ਹੇ 'ਚ ਨਾ ਸੁੱਟਿਆ ਜਾਵੇ। ਇਸ ਮੌਕੇ ਜਿਲ੍ਹਾ ਸਿਹਤ ਅਫਸਰ ਡਾ: ਬਲਜੀਤ ਸਿੰਘ,ਜਿਲ੍ਹਾ ਐਪੀਡੀਮੋਲੋਜਿਸਟ ਡਾ: ਉਪਾਸਨਾ ਬਿੰਦਰਾ, ਜਿਲ੍ਹਾ ਸਮੂਹ ਸਿੱਖਿਆਂ ਅਤੇ ਸੂਚਨਾਂ ਅਫਸਰ ਕਰਨੈਲ ਸਿੰਘ ਤੋਂ ਇਲਾਵਾ ਸਮੂਹ ਏ ਐਮ ਓ , ਐਸ ਆਈ ਅਤੇ ਸਿਹਤ ਕਰਮਾਰੀ ਹਾਜ਼ਰ ਸਨ।

# ਕੈਬਨਿਟ ਮੰਤਰੀ ਅਮਨ ਅਰੋੜਾ ਨੇ ਸੁਨਾਮ ਊਧਮ ਸਿੰਘ ਵਾਲਾ ਨੂੰ ਸਫ਼ਾਈ ਪੱਖੋਂ ਸੂਬੇ ਦਾ ਅੱਵਲ ਸ਼ਹਿਰ ਬਣਾਉਣ ਲਈ ਲੋਕਾਂ ਤੋਂ ਮੰਗੇ ਸੁਝਾਅ

**ਸੁਨਾਮ ਊਧਮ ਸਿੰਘ ਵਾਲਾ, (ਦਲਜੀਤ ਕੌਰ)-** ਦੇਸ਼ ਦੇ ਮਹਾਨ ਕ੍ਰਾਂਤੀਕਾਰੀ ਸ਼ਹੀਦ ਊਧਮ ਸਿੰਘ ਜੀ ਦੇ ਜੱਦੀ ਸ਼ਹਿਰ ਸੁਨਾਮ ਊਧਮ ਸਿੰਘ ਵਾਲਾ ਨੂੰ ਸਾਫ਼-ਸਫ਼ਾਈ ਪੱਖੋਂ ਪੰਜਾਬ ਦਾ ਅੱਵਲ ਸ਼ਹਿਰ ਬਣਾਉਣ ਲਈ ਕੈਬਨਿਟ ਮੰਤਰੀ ਅਤੇ ਸੁਨਾਮ ਹਲਕੇ ਤੋਂ ਵਿਧਾਇਕ ਅਮਨ ਅਰੋੜਾ ਨੇ ਇੱਕ ਨਵੀਂ ਮੁਹਿੰਮ ਆਰੰਭ ਕਰਦਿਆਂ ਸ਼ੁਕਰਵਾਰ ਤੱਕ ਇਸ ਸਬੰਧੀ ਸੁਝਾਅ ਮੰਗੇ ਹਨ। ਸਫ਼ਾਈ ਵਿਵਸਥਾ ਸਬੰਧੀ ਲੋਕਾਂ ਦੇ ਵਿਚਾਰ ਜਾਨਣ ਲਈ ਕੀਤੇ ਗਏ ਇੱਕ ਜਨਤਕ ਇਕੱਠ, ਜਿਸ ਵਿੱਚ 80 ਦੇ ਕਰੀਬ ਧਾਰਮਿਕ, ਸਮਾਜਿਕ ਸੰਸਥਾਵਾਂ ਅਤੇ ਕਲੱਬਾਂ ਨੂੰ ਸੁਝਾਅ ਦੇਣ ਲਈ ਬੁਲਾਇਆ ਗਿਆ ਸੀ, ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬਾ ਵਾਸੀਆਂ ਨੂੰ ਰਹਿਣ-ਸਹਿਣ ਲਈ ਚੰਗਾ ਮਾਹੌਲ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ।



## ਕਾਵਿ ਵਿਅੰਗ/ ਈਡੀਆਂ ਤੇ ਸੀਬੀਆਂ !

'ਮਹਾਂ' ਹੋ ਗਿਆ ਹੋਰ ਵੀ ਮਹਾਂਰਾਸ਼ਟਰ
ਜਿੱਥੇ ਪਿਆ ਹੈ ਸਿਆਸੀ ਘਸਮਾਣ ਦੇਖੋ।
ਪੁੱਤਰ ਜਿਹੇ ਭਤੀਜ ਦੀ 'ਕਲਾਬਾਜੀ'
ਸ਼ਰਦ ਹੋ ਗਿਆ 'ਸਰਦ' ਹੈਰਾਣ ਦੇਖੋ।
ਸਾਰਾ ਕੁੱਝ ਹੀ ਕੁਰਸੀ ਹੈ ਲੀਡਰਾਂ ਲਈ
ਇਹਦੇ ਬਿਨਾਂ ਤਾਂ ਨਿਕ਼ਲਦੇ ਪ੍ਰਾਣ ਦੇਖੋ।
ਆਵੇ ਸੰਗ ਨਾ ਸੱਤਾ ਗਲਿਆਰਿਆਂ ਨੂੰ
ਲੋਕ-ਰਾਜ ਨੂੰ ਪਾਉਂਦਿਆਂ 'ਕਾਣ' ਦੇਖੋ।
ਕਿਸੇ ਹੀਰੋ ਨੂੰ 'ਜ਼ੀਰੋ' ਬਣਾਉਣ ਖਾਤਰ
ਕੱਢ ਲੈਂਦੇ ਨੇ 'ਆਡੀਉ ਸੀਡੀਆਂ' ਜੀ।
ਫੁੱਟ ਪਾਉਣ ਧਮਕਾਉਣ ਲਈ ਵਰਤਦੇ ਨੇ
ਇਨਕਮ ਟੈਕਸ ਤੇ
ਸੀਬੀਆਂ ਈਡੀਆਂ ਜੀ!



-ਤਰਲੋਚਨ ਸਿੰਘ
'ਦੁਪਾਲ ਪੁਰ'
001-408-915-1268

# ਪੰਜਾਬੀ ਫਿਲਮ ਚਰਚਾ

**- ਅੰਮ੍ਰਿਤ ਪਵਾਰ**



### ਕਰਮ ਸੋਹਣੇ ਨੇ ਕਰਮ ਕੌਰ ਦੇ

ਸਾਂਵਲੀ ਸੁੰਦਰਤਾ ਦੇ ਮਾਮਲੇ 'ਚ ਕਰਮ ਕੌਰ ਦੂਜੀ ਸਮਿਤਾ ਪਾਟਿਲ ਹੈ ਤੇ ਪੰਜਾਬੀ ਸਿਨੇ ਸੰਸਾਰ ਦੀ ਇਹ ਕਲੀ ਹੁਣ 'ਧੁਨਕੀ' ਨਾਂਅ ਦੀ ਹਿੰਦੀ ਫ਼ਿਲਮ ਵੀ ਕਰ ਰਹੀ ਹੈ। ਕਲਰ ਟੀ.ਵੀ. ਤੋਂ ਡੀ.ਡੀ. ਪੰਜਾਬੀ ਤੇ 'ਤੇਰੀ ਮੇਰੀ ਜੋੜੀ' ਤੋਂ 'ਦੁਵਿਧਾ ਤੱਕ ਬਹੁਤ ਸ਼ਾਨਦਾਰ ਕੰਮ ਕਰ ਚੁੱਕੀ ਕਰਮ ਕੌਰ ਦਾ ਅਗਲਾ ਨਿਸ਼ਾਨਾ ਸਾਊਥ ਸਿਨੇਮਾ ਹੈ। ਕਰਮ ਕੌਰ ਨੇ ਕਈ ਵਿਗਿਆਪਨ ਤੇ ਸਰਕਾਰੀ ਇਸ਼ਤਿਹਾਰੀ ਫ਼ਿਲਮਾਂ ਕਰ ਦੱਸ ਦਿੱਤਾ ਹੈ ਕਿ ਆਖਿਰ ਉਸ 'ਚ ਕੁਝ ਤਾਂ ਹੈ।

### ਪਹਿਲ-ਗਿੱਪੀ ਗਰੇਵਾਲ

ਸੁਪਰ ਸਟਾਰ ਗਿੱਪੀ ਗਰੇਵਾਲ 'ਕੈਰੀ ਆਨ ਜੱਟਾ-3' ਨਾਲ ਕਾਮਯਾਬ ਹਨ। ਪਾਕਿਸਤਾਨ ਤੱਕ ਫ਼ਿਓਮਪ;ਲਮ ਦੀ ਬੱਲੇ-ਬੱਲੇ ਹੈ। ਫ਼ਿਲਮੀ ਕੰਮ 'ਚ ਸਫ਼ਲ ਗਿੱਪੀ ਘਰ ਲਈ ਪੂਰਾ ਸਮਾਂ ਦਿੰਦੇ ਨੇ ਤੇ ਸ਼ਿੰਦਾ-ਗੁਰਬਾਜ਼ ਲਈ ਸਮਾਂ, ਜੀਵਨ ਸਾਥਣ ਗੁਰਪ੍ਰੀਤ-ਨਾਲ ਗਿੱਪੀ ਨੂੰ ਮੁਬਾਰਕ ਦਿੱਤੀ ਤੇ 'ਕੈਰੀ ਆਨ ਜੱਟਾ-3' ਦਾ ਪ੍ਰੀਮੀਅਰ ਵੀ ਦੇਖਿਆ।

### ਇੰਗਲੈਂਡ ਵਾਲੇ ਕਰਦੇ ਜੇ ਗਾਇਕਾਂ ਨੂੰ ਪਿਆਰ - ਗੁਰਦੇਵ ਪੱਧਰੀ

ਮਾਨਸ਼ਾਕੀਆ ਵੱਲੋਂ ਆਯੋਜਿਤ ਮਨੋਰੰਜਨ ਸ਼ੋਅਜ਼ ਵਿੱਚ ਪੰਜਾਬ ਦੇ ਨੌਜਵਾਨ ਗਾਇਕ ਗੁਰਦੇਵ ਪੱਧਰੀ ਦੇ ਗੀਤਾਂ ਤੇ ਵਲੈਤੀਏ-ਪੰਜਾਬੀ ਝੂਮਦੇ ਹਨ। ਗੁਰਦੇਵ ਪੱਧਰੀ ਅਸਲ 'ਚ ਲੋਕ ਤੱਥ-ਲੋਕ ਗਾਇਕੀ ਦਾ ਬਾਦਸ਼ਾਹ ਹੈ। ਗੁਰਦੇਵ ਪੱਧਰੀ ਨੇ ਰਣਜੀਤ ਕੌਰ, ਬਿੱਕਰ ਨਾਲ ਜੋੜੀ ਬਣਾ ਕਿ ਗਾਇਕੀ 'ਚ ਚਰਚਾ ਲਈ ਹੈ। ਅੱਜ ਕੱਲ ਉਹ ਯੂ.ਕੇ. ਗਾਇਕੀ ਸੋਅਜ਼ ਕਰ ਰਿਹਾ ਹੈ। ਗੁਰਦੇਵ ਪੱਧਰੀ ਅਨੁਸਾਰ ਯੂ.ਕੇ. ਵਾਲੇ ਗਾਇਕੀ ਦੇ ਮੁਰੀਦ ਹਨ।

### ਪੂਨਮ ਸੂਦ ਨੇ ਕਿਹਾ









### ਬਾਲੀਵੁੱਡ-ਪਾਲੀਵੁੱਡ ਸੰਗੀਤ ਇੱਕ ਹੀ- ਡੀ.ਜੇ. ਰਿੰਕਸ

ਆਧੁਨਿਕ ਸਮੇਂ 'ਚ ਡੀ.ਜੇ. ਦਾ ਕੰਮ ਵਿਦੇਸ਼ 'ਚ ਬਹੁਤ ਹੈ ਤੇ ਇਥੇ ਵੀ ਤੇ ਰਿੰਕਸ ਇਸ ਕਿੱਤੇ ਦਾ ਮਾਹਿਰ ਬਣ ਅੱਜ ਸੰਗੀਤਕਾਰ ਵੀ ਬਣ ਚੁੱਕਾ ਹੈ। ਖੁਦ ਸੰਗੀਤ ਕੰਪਨੀ ਵੀ ਚਲਾ ਰਿਹਾ ਹੈ। ਗਾਇਕ-ਭੰਗੜਾ ਸਰਦਾਰ ਤੇ ਅਭਿਨੇਤਾ ਬਾਲੀ ਸੱਗੂ ਨੇ ਕਿਹਾ ਹੈ ਕਿ ਰਿੰਕਸ ਦਾ ਸੰਗੀਤ ਪੰਜਾਬੀ ਤੇ ਹਿੰਦੀ ਫ਼ਿਲਮਾਂ ਦੀ ਸ਼ਾਨ ਬਣੇਗਾ। ਰਿੰਕਸ ਨੇ ਫ਼ਿਲਮ ਗਾਇਕ ਰਮੇਸ਼ ਲੁਧਿਆਣਵੀ ਦੇ ਕਈ ਗੀਤ ਰੀਮਿਕਸ ਤੇ ਰਿਕਾਰਡ ਵੀ ਕੀਤੇ ਹਨ।

### ਕਾਰੋਬਾਰ-ਘਰ ਪਰਿਵਾਰ ਸਭ ਨੂੰ







### ਰੀਅਲ ਸਟਾਰ ਏ ਸੰਧੂ

ਸਟਾਰ ਅਭਿਨੇਤਰੀ ਹੈ ਪੂਨਮ ਸੂਦ ਜੋ ਬਹੁਤ ਘੱਟ ਬੋਲਦੀ ਹੈ ਸਿਰਫ਼ ਕੰਮ ਨਾਲ ਮਤਲਬ ਪਰ ਗੁਰਦੀਪ ਸੰਧੂ ਤੋਂ ਐਨਾ ਪ੍ਰਭਾਵਿਤ ਹੋਈ ਕਿ ਬੌਬੀ ਬਾਜਵਾ ਦੇ ਸ਼ੋਅ 'ਸਟਾਰ ਪੰਜਾਬ ਦੇ' ਤੇ ਉਸ ਕਿਹਾ ਕਿ ਗੁਰਦੀਪ ਸੰਧੂ 'ਕਭੀ ਤੂੰ ਸਤੀਸ਼ ਕੌਲ ਲੱਗਤਾ ਹੈ, ਕਭੀ ਤੂੰ ਜਤਿੰਦਰ ਲੱਗਤਾ ਹੈ, ਜੋ ਭੀ ਹੈ ਅੱਛਾ ਲੱਗਤਾ ਹੈ। ਬੇਮਿਸਾਲ ਕੁਮੈਂਟ ਸੰਧੂ ਨੂੰ ਹੋਰ ਅਭਿਨੈ ਉਤਸ਼ਾਹ ਦੇ ਗਏ।

### ਰਸ਼ਪਿੰਦਰ ਕੌਰ, ਬਣੇਗੀ ਫ਼ਿਲਮੀ ਟੌਹਰ

ਸੋਚਾਂ ਦੀ ਪੀਂਘ ਅੰਬਰਾਂ ਤੇ ਚੜ੍ਹ ਜਾਂਦੀ ਹੈ। ਰਸ਼ਪਿੰਦਰ ਕੌਰ ਗਿੱਲ ਦੀ ਰਚਨਾ ਕਿਸੇ ਵੀ ਫ਼ਿਲਮ ਦੀ ਕਹਾਣੀ ਦਾ ਚੰਗਾ ਆਈਡੀਆ ਬਣਨ ਯੋਗ ਹੈ। ਪੰਜਾਬੀ ਵੈਬ ਸੀਰੀਜ਼, ਲਘੂ ਫਿਲਮਾਂ ਵਾਲੇ ਰਸ਼ਪਿੰਦਰ ਗਿੱਲ ਦੀਆਂ ਸਾਹਿਤਕ ਰਚਨਾਵਾਂ ਦਾ ਲਾਹਾ ਲੈਣ ਤਾਂ ਕਯਾ ਬਾਤ ਹੈ।

# ਪੰਜਾਬੀ ਫ਼ਿਲਮਾਂ ਦੇ ਸੁਪਰ ਸਟਾਰ ਗਿੱਪੀ ਗਰੇਵਾਲ ਨਾਲ ਗੱਲ ਬਾਤ ਤੇ ਅਧਾਰਿਤ ਇੱਕ ਪਿਆਰੀ ਭੇਂਟ

ਕੁਮ ਕਲਾਂ, ਲੁਧਿਆਣਾ ਦੇ ਰੁਪਿੰਦਰ ਸਿੰਘ ਗਰੇਵਾਲ ਨੇ ਕਦੇ ਸੋਚਿਆ ਨਹੀਂ ਹੋਊ ਕਿ ਪੰਜਾਬੀ ਫ਼ਿਲਮਾਂ ਦਾ ਕਿੰਗ ਖਾਂ, ਰਜੇਸ਼ ਖੰਨਾ, ਅਮਿਤਾਭ ਬੱਚਨ ਓਹ ਹੋਏਗਾ ਪਰ ਸਦਕੇ ਜਾਵਾਂ ਮਿੱਠੀ ਆਵਾਜ਼ ਦੇ ਗਾਇਕੀ ਆਪਣਾ ਕਿੱਤਾ ਬਣਾ ਲਈ ਤੇ ਚੰਗੇ ਸਕੂਲ ਕਾਲਜ ਵਿੱਚ ਪੜ੍ਹੇ ਗਿੱਪੀ ਦਾ ਨਾਮ ਗੌਣ ਵਾਲੇ ਮੁੰਡਿਆਂ ਵਿੱਚ ਚਮਕ ਪਿਆ।ਕੁਰਬਾਨ ਜਾਵਾਂ "ਕੈਰੀ ਆਨ ਜੱਟਾ 3 "ਇਸ ਵੇਲੇ ਗਿੱਪੀ ਗਰੇਵਾਲ ਦੀ ਰਿਕਾਰਡ ਤੋੜ ਕਾਮਯਾਬੀ ਪ੍ਰਾਪਤ ਕਰ ਰਹੀ ਏ, ਨਾਲ ਦਿੱਤੀ ਵਧਾਈ ਤੇ ਨਾਲ ਹੀ ਚਾਰ ਗੱਲਾਂ ਹੋ ਗਈਆਂ। ਪਹਿਲੀ ਗੱਲ ਸੀ ਕਿ ਗਾਇਣ ਕਲਾ ਤੋਂ ਫ਼ਿਲਮਾਂ ਵੱਲ ਜਿਆਦਾ ਧਿਆਨ ਕਿਵੇਂ? ਸਿੱਧੀ ਗੱਲ ਲੋਕਾਂ ਨੇ ਨਾਇਕ ਵਜੋਂ ਜਿਆਦਾ ਪਸੰਦ ਕੀਤਾ ਤੇ ਗਾਇਕੀ ਵਿੱਚ ਸਟੇਜਾਂ ਲਾਓਣ ਦੀ ਨਿਸਬ ਪਰਦੇ ਤੇ ਆ ਬੱਲੇ ਬੱਲੇ ਲੁੱਟਣ ਦਾ ਸਵਾਦ ਹੀ ਹੋਰ ਐ।ਫਿਰ ਗੱਲ ਹੋਈ ਕੈਰੀਅਰ ਦੀ ਫ਼ਿਲਮੀ ਜੀਵਨ ਦੀ ਤਾਂ ਜਵਾਬ ਮਿਲਿਆ ਕਿ "ਮੇਲ ਕਰਾਦੇ ਰੱਬਾ "ਸਯਦ ਰੱਬ ਸੋਹਣੇ ਨੇ ਸੁਣ ਕਿ ਫੈਸਲਾ ਦਿੱਤਾ ਹੋਊ ਕਿ ਆ ਮੰਜ਼ਿਲ ਮਿਲ ਗਈ ਏ ਬਸ ਤੁਰਿਆ ਚਲ।"ਜੀਹਨੇ ਮੇਰਾ ਦਿਲ ਲੁੱਟਿਆ "ਤੋ ਸਿੰਘ ਵਰਸਜ ਕੌਰ ਤੇ "ਅਰਦਾਸ "ਜਿਹੀ ਕਲਾਸਿਕ ਫਿਲਮ ਬਣਾ ਦਸ ਦਿੱਤਾ ਕਿ ਉਹ ਚੰਗਾ ਮੇਕਰ, ਹਦਾਇਤਕਾਰ ਵੀ ਹੈ। ਬਹੁਤ ਫ਼ਿਲਮਾਂ ਆਈਆਂ ਤੇ ਹਿੰਦੀ ਫਿਲਮਾਂ ਵੱਲ ਮਨ ਡੋਲਿਆ ਆਪਾ ਪੁੱਛਿਆ ਤਾਂ ਸਿੱਧਾ ਜਵਾਬ ਸੀ ਕਿ 2 ਕੁ ਫ਼ਿਲਮਜ਼ ਕੀਤੀਆਂ ਪਰ ਜੀਅ ਪੰਜਾਬੀ ਫ਼ਿਲਮਾਂ ਵਿੱਚ ਹੀ ਲੱਗਿਆ।ਦਿਲਜੀਤ ਨਾਲ ਫਿਲਮ ਕਯੋਂ ਨਹੀਂ ਉੱਤਰ ਸੀ ਕਿ ਸਬੱਬ ਹੀ ਨਹੀਂ ਬਣਿਆ ਕੋਈ ਗੱਲ ਨਹੀਂ ਹੈ। ਸਵਾਲ ਸੀ ਕਿ ਅਜੇ ਤਕ ਤੁਸੀ ਸੁਪਰ ਸਟਾਰ ਹੋ ਕਿਵੇਂ ਲੱਗਦਾ ਜਵਾਬ ਸੀ ਸ਼ੁਕਰ ਦਾਤਿਆ। ਗਿੱਪੀ ਦੀ ਆਪਣੀ ਨਿਰਮਾਣ ਕੰਪਨੀ ਏ, ਭਰਾ ਸਿੱਪੀ ਗਰੇਵਾਲ ਆਸਟ੍ਰੇਲੀਆ ਏ ਤੇ ਗਿੱਪੀ ਦੀ ਕਾਮਯਾਬੀ ਦਾ ਤੋਨਿਕ ਓਸ ਦੀ ਪ੍ਰੇਮ ਪਿਆਰੀ ਰਵਨੀਤ ਕੌਰ ਗਰੇਵਾਲ ਹੈ। ਆਫ਼ਰੀਨ ਪੁੱਤਰ ਰੱਬ ਨੇ ਦਿੱਤੇ ਹਨ ਤਾਂ ਐਕਟਿੰਗ ਵੀ ਕਰ ਰਹੇ ਨੇ ਤੇ ਯਾਰੀ ਗੁਰਪਰੀਤ ਘੁੱਗੀ ਨਾਲ,ਲਾਲੀ ਵੁਡ ਦੇ ਨਾਸਿਰ ਇਫ਼ਤਿਖ਼ਾਰ ਨਾਲ ਹੈ। ਨਸਿਕਾਵਾਂ ਸਾਰੀਆਂ ਹੀ ਆਪਣੀ ਥਾਂ ਠੀਕ ਨੇ , ਸੋਨਮ ਬਾਜਵਾ ਕਿਸਮਤ ਵਾਲੀ, ਨੀਰੂ ਬਾਜਵਾ ਕਯਾ ਬਾਤ, ਤਾਨੀਆ ਬਣੇਗੀ ਕੁਝ ਤੇ ਘਰ ਪਰਿਵਾਰ ਜਵਾਬ ਵਿਰਾਸਤ ਸ਼ਿੰਦਾ ਗਰੇਵਾਲ ਹੱਥ ਏ ਨਾਲ ਏਕਮ, ਗੁਰਬਾਜ਼ ।ਮੁੱਕਦੀ ਗੱਲ ਤੇ ਢੁਕਦੀ ਗੱਲ ਕਿ ਅੱਲਾਹ ਮਿਆਂ ਖੈਰ ਕਰੇ ਅਜੇ ਗਿੱਪੀ ਗਰੇਵਾਲ ਦਾ ਬਦਲ ਨਹੀਂ ਏ, ਸੁਪਰ ਸਟਾਰ ਹੈ।







ਘਰ ਪਰਿਵਾਰ ਨੂੰ ਪੂਰਾ ਸਮਾਂ,ਰੱਬ ਅਕਾਲ ਪੁਰਖ ਦਾ ਕੋਟਨ ਕੋਟ ਸ਼ੁਕਰਾਨਾ ਕਰਦਾ ਹੈ। ਸੁਰ ਏ ਤਾਲ ਏ, ਸੋਹਣਾ ਚਿਹਰਾ, ਕਾਮਯਾਬ ਐਕਟਰ ਗਰੇਵਾਲ ਏ, ਮਾਪਿਆਂ ਦਾ ਗਿੱਪੀ ਏ, ਰਵਨੀਤ ਦਾ ਰੱਬ ਸੋਹਣਾ, ਲਾਡਲਾ ਵੀਰਾ ਸਿੱਪੀ ਏ,ਏਕਮ ਤੇ ਗੁਰਬਾਜ਼ ਹੈ, ਸ਼ਿੰਦਾ ਓਸ ਦੇ ਤਖਤ ਦਾ ਰਾਜ ਹੈ।

ਜਾਨ ਦਰਸ਼ਕ ਤੇ ਰਵਨੀਤ ਕੌਰ ਏ, ਗੱਲ ਕੀ ਪਾਲੀਵੁੱਡ ਗਿੱਪੀ ਦੀ ਟੌਹਰ ਏ।

# ਗੀਤ (ਕਲਾਮ)

ਮੇਰੀ ਮੇਰੀ ਮੁੱਕ ਗਈ ਮੇਰੀ ਹੁਣ ਤਾਂ ਜਿੰਦ ਮਿੱਟੀ ਦੀ ਢੇਰੀ,
ਹੁਣ ਕੀ ਉੱਡਣਾ ਹੁਣ ਕੀ ਡਿੱਗਣਾ, ਆ ਜਾਏ ਜਿਹੜੀ ਆਉਣੀ ਨ੍ਹੇਰੀ
ਮਰ ਕੇ ਹੀ ਤਾਂ ਪਾਰ ਮੈਂ ਲੱਗਣਾ ਭਾਵੇਂ ਦੂਰ ਕਿਨਾਰਾ ।

.....

ਉਹ ਤਾਂ ਸੌਂਦੇ ਭਰ-ਭਰ ਅੱਖਾਂ, ਅੱਗ ਨਾ ਲੁਕਦੀ ਏ ਵਿਚ ਕੱਖਾਂ,
ਉਹਦੇ ਰੰਗ ਵਿਚ ਉਹਦੇ ਡੰਗ ਵਿਚ, ਜਿੰਦ ਨਿਮਾਣੀ ਮੈਂ ਤਾਂ ਰੱਖਾਂ,
ਕੋਹ ਤੇ ਦੀਵਾ ਏਦਾਂ ਈ ਜਗਣਾ, ਵੇਖੇ ਆਲਮ ਸਾਰਾ ।

.....

ਉਹਦੀ ਰਜ਼ਾ ਕੋਈ ਵਿਰਲਾ ਜਾਣੇ, ਉਹਦੇ ਬੋਲ ਨੇ ਮਿੱਠੇ ਭਾਣੇ,
ਹੁਣ ਕੀ ਛੱਡਣਾ ਹੁਣ ਕੀ ਕੱਢਣਾ, ਲਾਵੇ ਤਾਣੀ ਜਾਂ ਲਾਵੇ ਤਾਣੇ,
ਪੌਣ ਇਸ਼ਕ ਦੀ ਏਦਾਂ ਈ ਵਗਣਾ, ਲਾ ਹੱਡਾਂ ਦਾ ਤਾੜਾ ।

.....

ਜੌੜੇ ਮਿਲਣਾ ਕਿਹੜੀ ਰੁੱਤੇ, ਯਾਦਾਂ ਦੇ ਨਾਲ ਲਾਉਂਦੇ ਬੁੱਤੇ,
ਇਕ ਸਿੱਕੇ ਦੇ ਦੋ ਪਾਸੇ ਅਸੀਂ, ਮੈਂ ਉੱਤੇ ਉਹ ਮੈਥੋਂ ਉੱਤੇ,
ਪੰਜਾਹ ਹਾਜ਼ਾਰੀ ਕਲਾਮ ਇਹ ਮੇਰਾ, ਇਹ ਤਾਂ ਇਕ ਝਲਕਾਰਾ।



**ਮਲਕੀਤ ਜੌੜਾ**
+91 98725 34278

# ਪੁਸਤਕ ਸਮੀਖਿਆ

**ਬਾਲ ਸੁਨੇਹੜੇ**
**ਰੀਵਿਊਕਾਰ: ਬਲਜਿੰਦਰ ਮਾਨ 98150-18947**
**ਲੇਖਿਕਾ: ਗੁਰਸ਼ਰਨ ਕੌਰ**
**ਪ੍ਰਕਾਸ਼ਕ: ਗੋਰਕੀ ਪ੍ਰਕਾਸ਼ਨ ਲੁਧਿਆਣਾ,**
**ਪੰਨੇ: 110, ਮੁੱਲ: 250/-**

ਗੁਰਸ਼ਰਨ ਕੌਰ ਨੇ ਆਪਣਾ ਝੋਲਾ ਡਿਗਰੀਆਂ ਨਾਲ ਭਰਿਆ ਹੋਇਆ ਹੈ। ਜੀਵਨ ਸਫਰ ਵਿਚ ਕੀਤੇ ਤਜਰਬੇ ਉਸ-ਦੀਆਂ ਰਚਨਾਵਾਂ ਵਿਚੋਂ ਝਾਤੀਆਂ ਮਾਰ ਰਹੇ ਹਨ। ਉਹ ਬਾਲ ਜੀਵਨ ਨੂੰ ਸਿੰਗਾਰਨ ਅਤੇ ਸੁਆਰਨ ਦੇ ਇਰਾਦੇ ਨਾਲ ਬਾਲ ਰਚਨਾਵਾਂ ਦੀ ਰਚਨਾ ਕਰ ਰਹੀ ਹੈ।

ਇਹਨਾਂ ਵਿਚ ਮਨੋਰੰਜਨ, ਗਿਆਨ ਅਤੇ ਨਵੇਂ ਸੁਪਨੇ ਵੀ ਸੰਜੋਏ ਗਏ ਹਨ। ਉਸ ਕੋਲ ਬਾਲ ਮਨ ਨੂੰ ਬਹਿਲਾਉਣ ਵਾਲਾ ਸ਼ਬਦ ਭੰਡਾਰ ਵੀ ਹੈ। ਨਾਲ ਹੀ ਇਹਨਾਂ ਸ਼ਬਦਾਂ ਨੂੰ ਇਕ ਜੌਹਰੀ ਵਾਂਗ ਜੜਨ ਦੀ ਕਲਾ ਵੀ ਮੌਜੂਦ ਹੈ। ਕੋਮਲ ਸ਼ਬਦਾਂ ਦੀ ਟਕਸਾਲ ਨਾਲ ਬੱਚਿਆਂ ਅੰਦਰ ਨਵੀਆਂ ਤੇ ਨਰੋਈਆਂ ਕਦਰਾਂ ਕੀਮਤਾਂ ਭਰੀਆ ਜਾਂਦੀਆਂ ਹਨ। ਹੱਥਲੀ ਪੁਸਤਕ ਉਬਾਲ ਸੁਨੇਹੜੇ" ਵਿਚ ਲੇਖਿਕਾ ਨੇ ਚਾਰ ਰੰਗ ਭਰੇ ਹਨ। ਨਰਸਰੀ ਗੀਤ, ਕਵਿਤਾ, ਕਹਾਣੀਆਂ, ਬੁਝਾਰਤਾਂ ਅਤੇ ਆਮ ਜਾਣਕਾਰੀ ਸ਼ਾਮਲ ਕੀਤੀ ਗਈ ਹੈ। ਚਾਰ ਛੇ ਲਾਈਨਾਂ ਵਾਲੇ ਨਰਸਰੀ ਗੀਤ ਬੱਚਿਆਂ ਨੂੰ ਭਰਪੂਰ ਮਨੋਰੰਜਨ ਪ੍ਰਦਾਨ ਕਰਦੇ ਹਨ। ਇਸਦੇ ਨਾਲ ਨਾਲ ਇਹਨਾਂ ਰਾਹੀਂ ਬੱਚਿਆਂ ਨੂੰ ਪੰਛੀਆਂ ਅਤੇ ਜਾਨਵਰਾਂ ਬਾਰੇ ਜਾਣਕਾਰੀ ਵੀ ਦਿੱਤੀ ਗਈ ਹੈ। ਬੁਝਾਰਤਾਂ ਵਾਲੇ ਭਾਗ ਰਾਹੀਂ ਉਹਨਾਂ ਦੇ ਦਿਮਾਗ ਨੂੰ ਤੇਜ਼ ਕਰਨ ਦਾ ਉਪਰਾਲਾ ਕੀਤਾ ਗਿਆ ਹੈ।






ਨਿੱਕੀਆਂ ਕਥਾਵਾਂ ਬੱਚਿਆਂ ਨੂੰ ਭਰਪੂਰ ਮਨੋਰੰਜਨ ਪ੍ਰਦਾਨ ਕਰਦੀਆਂ ਹਨ। ਭਾਵੇਂ ਇਹ ਸੁਣੀਆਂ ਸੁਣਾਈਆਂ ਕਥਾਵਾਂ ਹਨ ਪਰ ਲੇਖਿਕਾ ਨੇ ਇਹਨਾਂ ਨੂੰ ਆਪਣੀ ਸ਼ੈਲੀ ਵਿਚ ਘੜਿਆ ਹੈ। ਨਕਲਚੀ ਬਾਂਦਰ, ਮਾਰੂਥਲ ਦਾ ਜਹਾਜ਼, ਦਿਆਲੂ ਰਾਜਾ, ਖਰਗੋਸ਼ ਦਾ ਦਿਲ, ਮੁਰਗੇ ਦੀ ਬਾਂਗ ਅਤੇ ਚਿੜੀ ਆਦਿ ਦਿਲਚਸਪ ਕਹਾਣੀਆਂ ਹਨ।

ਇਹਨਾਂ ਕਹਾਣੀਆਂ ਤੋਂ ਇਲਾਵਾ ਬੱਚਿਆਂ ਨੂੰ ਭਾਰਤ ਅਤੇ ਪੰਜਾਬ ਦੇ ਧਰਾਤਲ, ਬੋਲੀ, ਸਭਿਆਚਾਰ ਆਦਿ ਬਾਰੇ ਸੰਖੇਪ ਪਰ ਪ੍ਰਭਾਵਸ਼ਾਲੀ ਜਾਣਕਾਰੀ ਦਿੱਤੀ ਗਈ ਹੈ। ਸਰਲ ਭਾਸ਼ਾ ਵਿਚ ਸਿਰਜੀ ਇਹ ਇਕ ਮਨੋਰੰਜਕ ਅਤੇ ਗਿਆਨਵਰਧਕ ਪੁਸਤਕ ਹੈ।


ਅਸਲ ਵਿਚ ਇਹ ਪੁਸਤਕ ਲੇਖਿਕਾ ਨੇ ਆਪਣੀ ਪੋਤਰੀ ਸੀਰਤ ਨੂੰ ਸਮਰਪਿਤ ਕਰਕੇ ਸਭ ਬੱਚਿਆਂ ਨੂੰ ਨਵੀਆਂ ਲੀਹਾਂ ਪ੍ਰਦਾਨ ਕਰਨ ਦਾ ਉਪਰਾਲਾ ਕੀਤਾ ਹੈ। ਅਜਿਹੇ ਯਤਨਾਂ ਨਾਲ ਹੀ ਅਸੀਂ ਆਪਣੀ ਨਵੀਂ ਪਨੀਰੀ ਨੂੰ ਸੰਭਾਲ ਅਤੇ ਵਿਕਾਸ ਦੇ ਰਾਹੇ ਪਾ ਸਕਦੇ ਹਾਂ। ਲੇਖਿਕਾ ਗੁਰਸ਼ਰਨ ਕੌਰ ਦੀ ਇਸ ਪੁਸਤਕ ਬਾਲ ਸਾਹਿਤ ਜਗਤ ਵਿਚ ਸੁਆਗਤ ਹੈ।

**ਸੰਪਾਦਕ ਨਿੱਕੀਆਂ ਕਰੂੰਬਲਾਂ**
**ਮਾਹਿਲਪੁਰ (ਹੁਸ਼ਿਆਰਪੁਰ)**




# ਬਾਲੀਵੁੱਡ ਦੇ ਕਲਾਕਾਰਾਂ ਤੇ ਫਿਲਮਾਂ ਦੇ ਦਿਲਚਸਪ ਕਿੱਸੇ








* ਹਿੰਦੀ ਸਿਨੇਮਾ ਦੀ ਸ਼ਾਹਕਾਰ ਫ਼ਿਲਮ ‘ਮੁਗਲ-ਏ-ਆਜ਼ਮ’ ਨੂੰ ਅਸਲ ਵਿਚ ਹਿੰਦੀ, ਤਾਮਿਲ ਅਤੇ ਅੰਗਰੇਜ਼ੀ ਭਾਸ਼ਾਵਾਂ ਵਿਚ ਰਿਲੀਜ਼ ਕਰਨ ਦੀ ਯੋਜਨਾ ਸੀ। ਇਸ ਫ਼ਿਲਮ ਨੂੰ ਹਿੰਦੀ ਵਿਚ ਰਿਲੀਜ਼ ਕਰਨ ਤੋਂ ਇਲਾਵਾ ਤਾਮਿਲ ਵਿਚ ਵੀ ਰਿਲੀਜ਼ ਕੀਤਾ ਗਿਆ ਸੀ। ਹਿੰਦੀ ਵਿਚ ਇਹ ਫ਼ਿਲਮ ਸੁਪਰਹਿੱਟ ਰਹੀ ਸੀ ਪਰ ਤਾਮਿਲ ਵਿਚ ਇਹ ਫ਼ਲਾਪ ਹੋ ਗਈ, ਜਿਸ ਦੇ ਕਰਕੇ ਇਸ ਦਾ ਅੰਗਰੇਜ਼ੀ ਵਾਲਾ ਹਿੱਸਾ ਰਿਲੀਜ਼ ਕਰਨ ਦੀ ਯੋਜਨਾ ਰੱਦ ਕਰ ਦਿੱਤੀ ਗਈ ਸੀ।

* ਪੰਜਾਬੀ ਅਤੇ ਹਿੰਦੀ ਫ਼ਿਲਮਾਂ ਦੇ ਉੱਘੇ ਅਦਾਕਾਰ ਸੁਨੀਲ ਦੱਤ ਨੇ ਪੰਜਾਬੀ ਫ਼ਿਲਮ ’ਮਨ ਜੀਤੇ ਜਗ ਜੀਤ’ ਵਿਚ ਡਾਕੂ ਦੀ ਭੂਮਿਕਾ ਅਦਾ ਕਰਨ ਤੋਂ ਇਲਾਵਾ 20 ਤੋਂ ਵੱਧ ਹਿੰਦੀ ਫ਼ਿਲਮਾਂ ਵਿਚ ਵੀ ਡਾਕੂ ਦੀ ਭੂਮਿਕਾ ਬਾਖ਼ੂਬੀ ਅਦਾ ਕੀਤੀ ਸੀ।

* ਅਦਾਕਾਰ ਧਰਮਿੰਦਰ ਸਾਹਿਬ ਆਪਣੀ ਜਵਾਨੀ ਵੇਲੇ ਉਸ ਜ਼ਮਾਨੇ ਦੀ ਬਾਲੀਵੁੱਡ ਅਦਾਕਾਰਾ ਸੁਰੱਈਆ ਦੇ ਬਹੁਤ ਵੱਡੇ ‘ਫ਼ੈਨ’ ਸਨ। ਉਨ੍ਹਾਂ ਨੇ ਸੁਰੱਈਆ ਦੀ ਅਦਾਕਾਰੀ ਨਾਲ ਸਜੀ ਫ਼ਿਲਮ ‘ਦਿਲਲਗੀ’ ਸਿਨੇਮਾ ਘਰ ’ਚ ਜਾ ਕੇ ਲਗਪਗ 40 ਵਾਰ ਵੇਖੀ ਸੀ।

* ਅਦਾਕਾਰ ਅਸ਼ੋਕ ਕੁਮਾਰ ਨੇ ਸੰਨ 1936 ਵਿਚ ਪਹਿਲੀ ਵਾਰ ਫ਼ਿਲਮੀ ਪਰਦੇ ’ਤੇ ਅਦਾਕਾਰੀ ਸ਼ੁਰੂ ਕੀਤੀ ਸੀ ਤੇ ਫ਼ਿਲਮਾਂ ਵਿਚ ਕੰਮ ਕਰਨ ਤੋਂ ਪਹਿਲਾਂ ਉਹ ਬਤੌਰ ਲੈਬ ਅਸਿਸਟੈਂਟ ਕੰਮ ਕਰਦੇ ਸਨ।

* ਅਮਿਤਾਭ ਬੱਚਨ ਅਤੇ ਸ਼ਸ਼ੀ ਕਪੂਰ ਨੇ ਅੱਧੀ ਦਰਜਨ ਤੋਂ ਵੱਧ ਫ਼ਿਲਮਾਂ ਵਿਚ ਸਕੇ ਭਰਾ ਹੋਣ ਦੀਆਂ ਭੂਮਿਕਾਵਾਂ ਅਦਾ ਕੀਤੀਆਂ ਸਨ। ਸਿਰਫ਼ ਫ਼ਿਲਮ ‘ਸਿਲਸਿਲਾ’ ਵਿਚ ਸ਼ਸ਼ੀ ਕਪੂਰ ਨੇ ਅਮਿਤਾਭ ਦੇ ਵੱਡੇ ਭਰਾ ਦੀ ਭੂਮਿਕਾ ਅਦਾ ਕੀਤੀ ਸੀ ਜਦੋਂ ਕਿ ‘ਦੀਵਾਰ’, ‘ਸੁਹਾਗ’, ‘ਦੋ ਔਰ ਦੋ ਪਾਂਚ’ ਅਤੇ ‘ਨਮਕ ਹਲਾਲ’ ਆਦਿ ਸਮੇਤ ਕੁਝ ਹੋਰ ਫ਼ਿਲਮਾਂ ਵਿਚ ਅਮਿਤਾਭ ਹੀ ਸ਼ਸ਼ੀ ਕਪੂਰ ਦਾ ਵੱਡਾ ਭਰਾ ਬਣਿਆ ਸੀ।

* ਨਾਮਵਰ ਸੰਗੀਤ ਨਿਰਦੇਸ਼ਕ ਮਦਨ ਮੋਹਨ ਜੀ ਖਾਣਾ ਬਹੁਤ ਹੀ ਸੁਆਦ ਬਣਾਉਂਦੇ ਸਨ। ਕਹਿੰਦੇ ਹਨ ਕਿ ਉਨ੍ਹਾਂ ਨੇ ਗਾਇਕ ਮੰਨਾ ਡੇਅ ਨੂੰ ਸੁਆਦੀ ਮੀਟ ਬਣਾ ਕੇ ਖੁਆਉਣ ਦਾ ਲਾਲਚ ਦੇ ਕੇ ਫ਼ਿਲਮ ‘ਦੇਖ ਕਬੀਰਾ ਰੋਇਆ’ ਲਈ ‘ਕੌਨ ਆਇਆ ਮੇਰੇ ਮਨ ਕੇ ਦੁਆਰੇ’ ਜਿਹਾ ਸੁਪਰਹਿੱਟ ਗੀਤ ਰਿਕਾਰਡ ਕਰਵਾ ਲਿਆ ਸੀ।

* ਸੁਰਾਂ ਦੇ ਬਾਦਸ਼ਾਹ ਜਨਾਬ ਮੁਹੰਮਦ ਰਫ਼ੀ ਸਾਹਿਬ ਆਪਣੇ ਵਿਸ਼ਵ ਦੇ ਨਾਮਵਰ ਮੁੱਕੇਬਾਜ਼ ਮੁਹੰਮਦ ਅਲੀ ਦੇ ਬੜੇ ਹੀ ਤਕੜੇ ਪ੍ਰਸ਼ੰਸਕ ਸਨ। ਇਕ ਵਾਰ ਕਿਸੇ ਸੰਗੀਤਕ ਸ਼ੋਅ ਲਈ ਸ਼ਿਕਾਗੋ, ਅਮਰੀਕਾ ਵਿਖੇ ਪੁੱਜੇ ਰਫ਼ੀ ਸਾਹਿਬ ਨੇ ਪ੍ਰਬੰਧਕਾਂ ਨੂੰ ਬੇਨਤੀ ਕੀਤੀ ਕਿ ਕਿਸੇ ਤਰ੍ਹਾ ਉਨ੍ਹਾਂ ਨੂੰ ਮੁਹੰਮਦ ਅਲੀ ਨਾਲ ਮਿਲਵਾਉਣ ਦਾ ਪ੍ਰਬੰਧ ਕੀਤਾ ਜਾਵੇ। ਪ੍ਰਬੰਧਕਾਂ ਨੇ ਇਸ ਸਬੰਧ ਵਿਚ ਜਦੋਂ ਮੁਹੰਮਦ ਅਲੀ ਹੁਰਾਂ ਨਾਲ ਗੱਲ ਕੀਤੀ ਤਾਂ ਉਹ ਬਹੁਤ ਹੀ ਖ਼ੁਸ਼ ਹੋਏ ਤੇ ਆਪ ਚੱਲ ਕੇ ਉਸ ਹੋਟਲ ’ਚ ਪੁੱਜੇ, ਜਿੱਥੇ ਰਫ਼ੀ ਸਾਹਿਬ ਠਹਿਰੇ ਹੋਏ ਸਨ। ਉਨ੍ਹਾ ਨੇ ਰਫ਼ੀ ਸਾਹਿਬ ਨੂੰ ਘੁੱਟ ਕੇ ਗਲ ਨਾਲ ਲਾ ਕੇ ਉਨ੍ਹਾਂ ਦੀ ਮੁਰਾਦ ਹੀ ਪੂਰੀ ਹੀ ਨਹੀਂ ਕੀਤੀ ਸਗੋਂ ਉਨ੍ਹਾਂ ਨਾਲ ਇਕ ਯਾਦਗਾਰੀ ਤਸਵੀਰ ਵੀ ਖਿਚਵਾਈ ਸੀ।

* ਗੱਲ ਸੰਨ 1967 ਹੈ ਜਦੋਂ ਫ਼ਿਲਮ ‘ਸ਼ਾਗਿਰਦ’ ਦੀ ਸ਼ੂਟਿੰਗ ਲਈ ਅਦਾਕਾਰ ਜੌਏ ਮੁਖ਼ਰਜੀ ਹਾਂਗਕਾਂਗ ਗਏ ਹੋਏ ਸਨ। ਉਥੇ ਇਕ ਦਿਨ ਉਹ ਇਕ ਕਲੱਬ ਵਿਚ ਗਏ ਜਿੱਥੇ ਉਨ੍ਹਾਂ ਨੇ ਇਕ ਡਾਂਸਰ ਦਾ ਬੜਾ ਹੀ ਮਨਮੋਹਕ ਨਾਚ ਵੇਖਿਆ ਤੇ ਬੜੇ ਪ੍ਰਭਾਵਿਤ ਹੋਏ। ਉਨ੍ਹਾਂ ਨੇ ਉਸ ਡਾਂਸਰ ਨੂੰ ਬੇਨਤੀ ਕਰਕੇ ਉਸ ਤੋਂ ਕੁਝ ਮਹੱਤਵਪੂਰਨ ਨਾਚ ਮੁਦਰਾਵਾਂ ਸਿੱਖ ਲਈਆਂ ਤੇ ਅਗਲੇ ਦਿਨ ਆਪਣੀ ਫ਼ਿਲਮ ਦੇ ਗਾਣੇ ਦੀ ਸ਼ੂਟਿੰਗ ਵਿਚ ਉਹ ਸਾਰੀਆਂ ਮੁਦਰਾਵਾਂ ਦੁਹਰਾਅ ਦਿੱਤੀਆਂ।

ਜਦੋਂ ਇਹ ਫ਼ਿਲਮ ਰਿਲੀਜ਼ ਹੋਈ ਤਾਂ ਉਸ ਗੀਤ ਵਿਚ ਜੌਏ ਮੁਖਰਜੀ ਦੀਆਂ ਨਾਚ ਮੁਦਰਾਵਾਂ ਦੀ ਦਰਸ਼ਕਾਂ ਨੇ ਖ਼ੂਬ ਪ੍ਰਸੰਸਾ ਕੀਤੀ ਤੇ ਬਾਅਦ ਵਿਚ ਵੱਖ-ਵੱਖ ਹਿੰਦੀ ਫ਼ਿਲਮਾਂ ਵਿਚ ਉਸ ਤਰ੍ਹਾਂ ਦੀਆਂ ਮੁਦਰਾਵਾਂ ਨੂੰ ਸ਼ਾਮਿਲ ਵੀ ਕੀਤਾ ਗਿਆ ਸੀ। ਉਹ ਯਾਦਗਾਰੀ ਗੀਤ ਸੀ-‘ਦੁਨੀਆ ਪਾਗਲ ਹੈ ਯਾ ਫਿਰ ਮੈਂ ਦੀਵਾਨਾ।’

# ਟੇਬਲ ਟੈਨਿਸ ਦੀ ਸਰਬੋਤਮ ਖਿਡਾਰਨ ਮਨਿਕਾ ਬੱਤਰਾ



ਇਸ ’ਚ ਕੋਈ ਦੋ-ਰਾਏ ਨਹੀਂ ਹੈ ਕਿ ਭਾਰਤ ਵਿਚ ਮਨਿਕਾ ਬੱਤਰਾ ਇਸ ਸਮੇਂ ਸਰਬੋਤਮ ਟੇਬਲ ਟੈਨਿਸ ਖਿਡਾਰਨ ਹੈ, ਜੋ ਆਪਣੇ ਨਿਰੰਤਰ ਬਿਹਤਰ ਪ੍ਰਦਰਸ਼ਨ ਨਾਲ ਹੋਰ ਔਰਤਾਂ ਨੂੰ ਵੀ ਟੇਬਲ ਟੈਨਿਸ ਖੇਡਣ ਲਈ ਪ੍ਰੇਰਿਤ ਕਰ ਰਹੀ ਹੈ। 15 ਜੂਨ 1995 ਨੂੰ ਜਨਮੀ 28 ਸਾਲਾ ਮਨਿਕਾ ਬੱਤਰਾ ਉਨ੍ਹਾਂ ਖਿਡਾਰਨਾਂ ’ਚੋਂ ਹੈ, ਜੋ ਲਾਂਗ ਪਿੰਪਲ ਰਬੜ ਇਸਤੇਮਾਲ ਕਰਦੀ ਹੈ।

ਉਨ੍ਹਾਂ ਨੂੰ 2020 ’ਚ ਮੇਜਰ ਧਿਆਨ ਚੰਦ ਖੇਡ ਰਤਨ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਸੀ ਅਤੇ ਉਸ ਤੋਂ ਪਹਿਲਾਂ 2018 ’ਚ ਅਰਜੁਨ ਐਵਾਰਡ ਅਤੇ ਆਈ.ਟੀ.ਟੀ.ਐਫ਼. ਦਾ ਬਰੇਕਥਰੂ ਸਟਾਰ ਐਵਾਰਡ ਉਨ੍ਹਾਂ ਨੂੰ ਦਿੱਤਾ ਗਿਆ ਸੀ। ਉਨ੍ਹਾਂ ਨੇ ਏਸ਼ੀਅਨ ਖੇਡਾਂ (2018 ਜਕਾਰਤਾ) ’ਚ ਮਿਸ਼ਰਤ ਜੋੜੀ ਦਾ ਕਾਂਸੀ ਤਗਮਾ ਜਿੱਤਿਆ। ਗੋਲਡ ਕੋਸਟ 2018 ’ਚ ਆਯੋਜਿਤ ਰਾਸ਼ਟਰਮੰਡਲ ਖੇਡਾਂ ’ਚ ਉਨ੍ਹਾਂ ਨੇ ਚਾਰ ਤਗਮੇ ਜਿੱਤੇ ਸਨ, ਜਿਨ੍ਹਾਂ ’ਚ 2 ਸੋਨ ਤਗਮੇ (ਮਹਿਲਾ ਟੀਮ ਤੇ ਮਹਿਲਾ ਸਿੰਗਲ), ਇਕ ਚਾਂਦੀ ਤਗ਼ਮਾ (ਮਹਿਲਾ ਜੋੜੀ) ਅਤੇ ਇਕ ਕਾਂਸੀ ਤਗਮਾ (ਮਿਸ਼ਰਤ ਜੋੜੀ) ਸ਼ਾਮਿਲ ਹੈ। ਇਸੇ ਤਰ੍ਹਾਂ 2016 ਦੇ ਗੁਹਾਟੀ ’ਚ ਆਯੋਜਿਤ ਦੱਖਣੀ ਏਸ਼ਿਆਈ ਖੇਡਾਂ ’ਚ ਉਨ੍ਹਾਂ ਨੇ 3 ਸੋਨ ਤਗਮੇ (ਮਹਿਲਾ ਟੀਮ, ਮਹਿਲਾ ਜੋੜੀ ਅਤੇ ਮਿਸ਼ਰਤ ਜੋੜੀ) ਅਤੇ ਇਕ ਚਾਂਦੀ ਤਗਮਾ (ਮਹਿਲਾ ਸਿੰਗਲ) ਜਿੱਤਿਆ ਸੀ। ਉਹ ਏਸ਼ਿਆਈ ਖੇਡਾਂ ’ਚ ਤਗਮਾ ਜਿੱਤਣ ਵਾਲੀ ਭਾਰਤ ਦੀ ਪਹਿਲੀ ਮਹਿਲਾ ਟੇਬਲ ਟੈਨਿਸ ਖਿਡਾਰਨ ਹੈ। ਉਨ੍ਹਾਂ ਦੀਆਂ ਹੋਰ ਸਫ਼ਲਤਾਵਾਂ ਵੀ ਕਾਬਲੇ ਗੌਰ ਹਨ। 2015 ਰਾਸ਼ਟਰਕੁਲ ਟੀ.ਟੀ. ਚੈਂਪੀਅਨਸ਼ਿਪ ’ਚ ਤਿੰਨ ਤਗਮੇ ਜਿੱਤੇ, 2016 ’ਚ ਸੀਨੀਅਰ ਨੈਸ਼ਨਲ ਚੈਂਪੀਅਨਸ਼ਿਪ ਦਾ ਸਿੰਗਲ ਖ਼ਿਤਾਬ ਜਿੱਤਿਆ, 2016 ਦੇ ਦੱਖਣੀ ਏਸ਼ਿਆਈ ਖੇਡਾਂ ’ਚ ਤਿੰਨ ਸੋਨੇ ਦੇ ਨਾਲ ਚਾਰ ਤਗਮੇ ਜਿੱਤੇ, 2016 ਦੇ ਰੀਓ ਉਲੰਪਿਕ ਲਈ ਕੁਆਲੀਫਾਈ ਕੀਤਾ, ਉਹ ਉਸ ਮਹਿਲਾ ਟੀਮ ਦਾ ਹਿੱਸਾ ਸੀ, ਜਿਸ ਨੇ ਵਿਸ਼ਵ ਟੀ.ਟੀ. ਟੀਮ ਚੈਂਪੀਅਨਸ਼ਿਪ ਦਾ ‘ਸੈਕੰਡ ਡਿਵੀਜ਼ਨ’ ਜਿੱਤ ਕੇ ਇਤਿਹਾਸ ਰਚਿਆ ਅਤੇ 2016 ਦੇ ‘ਇਲੀਟ ਡਿਵੀਜ਼ਨ’ ਲਈ ਕੁਆਲੀਫਾਈ ਕੀਤਾ ਅਤੇ ਮੋਓਮਾ ਦਾਸ ਦੇ ਨਾਲ ਮਿਲ ਕੇ ਪਹਿਲੀ ਭਾਰਤੀ ਜੋੜੀ ਬਣੀ, ਜੋ 2017 ਦੀ ਵਿਸ਼ਵ ਟੀ.ਟੀ. ਚੈਂਪੀਅਨਸ਼ਿਪ ਦੇ ਕੁਆਰਟਰ ਫਾਈਨਲ ’ਚ ਪਹੁੰਚੀ।

ਮਨਿਕਾ ਬੱਤਰਾ ਦੀ ਪ੍ਰਸਿੱਧੀ ਦਾ ਅੰਦਾਜ਼ਾ ਇਸੇ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਫੈਮਿਨਾ (ਜੁਲਾਈ 2018) ਤੇ ਵੋਗ ਮੈਗਜ਼ੀਨ (ਨਵੰਬਰ 2018) ਨੇ ਉਨ੍ਹਾਂ ਨੂੰ ਆਪਣੇ ਕਵਰ ਪੇਜ ’ਤੇ ਥਾਂ ਦਿੱਤੀ, ਪਰ ਉਹ ਵਿਵਾਦਾਂ ਵਿਚ ਵੀ ਘਿਰੀ ਰਹੀ ਹੈ, ਜਿਵੇਂ ਸਤੰਬਰ 2021 ’ਚ ਮਨਿਕਾ ਬੱਤਰਾ ਨੇ ਭਾਰਤ ਦੇ ਰਾਸ਼ਟਰੀ ਕੋਚ ਸੌਭਿਆਦੀਪ ਰਾਏ ’ਤੇ ਦੋਸ਼ ਲਗਾਇਆ ਕਿ ਉਨ੍ਹਾਂ ਨੇ ਉਲੰਪਿਕ ਕੁਆਲੀਫਾਇਰਸ (ਮਾਰਚ 2021) ’ਚ ਉਨ੍ਹਾਂ ’ਤੇ ਦਬਾਅ ਬਣਾਇਆ ਸੀ ਕਿ ਉਹ ਰਾਏ ਦੀ ‘ਵਿਅਕਤੀਗਤ ਵਿਦਿਆਰਥਣ’ ਤੋਂ ਮੈਚ ਹਾਰ ਜਾਵੇ।



ਖੇਡਾਂ ’ਚ ਰੋਲ ਮਾਡਲ ਦਾ ਬਹੁਤ ਮਹੱਤਵ ਹੈ। ਇਸ ਲਈ ਜਦੋਂ ਸਾਨੀਆ ਮਿਰਜ਼ਾ ਅੰਤਰਰਾਸ਼ਟਰੀ ਮੰਚਾਂ ’ਤੇ ਸਫਲ ਹੋਈ ਤਾਂ ਨਾ ਸਿਰਫ਼ ਭਾਰਤੀ ਦਰਸ਼ਕਾਂ ਦੀ ਟੈਨਿਸ ’ਚ ਦਿਲਚਸਪੀ ਵਧੀ, ਸਗੋਂ ਵੱਡੀ ਗਿਣਤੀ ’ਚ ਨੌਜਵਾਨ ਲੜਕੇ ਤੇ ਲੜਕੀਆਂ ਇਹ ਖੇਡ ਖੇਡਣ ਲੱਗੇ। ਇਹੀ ਗੱਲ ਬੈਡਮਿੰਟਨ ਦੇ ਸੰਦਰਭ ’ਚ ਸਾਈਨਾ ਨੇਹਵਾਲ ਤੇ ਪੀ.ਵੀ. ਸਿੰਧੂ ਦੇ ਬਾਰੇ ’ਚ ਕਹੀ ਜਾ ਸਕਦੀ ਹੈ। ਇਹ ਤਿੰਨੇ ਹੀ ਭਾਰਤੀ ਨੌਜਵਾਨ ਵਰਗ ਲਈ ਪ੍ਰੇਰਨਾ ਦੀਆਂ ਰਾਣੀਆਂ ਹਨ। ਇਨ੍ਹਾਂ ਲਈ ਲੋਕ ਟੀ.ਵੀ. ’ਤੇ ਟੈਨਿਸ ਤੇ ਬੈਡਮਿੰਟਨ ਦੇਖਣ ਲੱਗੇ ਹਨ, ਨਹੀਂ ਤਾਂ ਇਕ ਸਮਾਂ ਤਾਂ ਅਜਿਹਾ ਆਇਆ ਸੀ ਕਿ ਭਾਰਤ ’ਚ ਕੋਈ ਕ੍ਰਿਕਟ ਤੋਂ ਇਲਾਵਾ ਟੀ.ਵੀ. ’ਤੇ ਕੋਈ ਦੂਜੀ ਖੇਡ ਦੇਖਦਾ ਹੀ ਨਹੀਂ ਸੀ।

ਹੁਣ ਸਵਾਲ ਇਹ ਹੈ ਕਿ ਜੋ ਕੁਝ ਸਾਨੀਆ ਨੇ ਟੈਨਿਸ ਲਈ ਅਤੇ ਨੇਹਵਾਲ ਤੇ ਸਿੰਧੂ ਨੇ ਬੈਡਮਿੰਟਨ ਲਈ ਕੀਤਾ, ਕੀ ਉਹੀ ਮਨਿਕਾ ਬੱਤਰਾ ਟੇਬਲ ਟੈਨਿਸ (ਟੀ.ਟੀ.) ਲਈ ਕਰ ਰਹੀ ਹੈ?

ਇਸ ’ਚ ਕੋਈ ਸ਼ੱਕ ਨਹੀਂ ਹੈ ਕਿ ਬੱਤਰਾ ਭਾਰਤੀ ਟੇਬਲ ਟੈਨਿਸ ਦੀ ਨਵੀਂ ਰਾਣੀ ਹੈ ਅਤੇ ਉਹ ਜਿਸ ਪ੍ਰਤਿਭਾ ਤੇ ਸਫਲਤਾ ਦਾ ਪ੍ਰਦਰਸ਼ਨ ਕਰ ਰਹੀ ਹੈ, ਉਸ ਤੋਂ ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਉਹ ਦੇਸ਼ ’ਚ ਟੇਬਲ ਟੈਨਿਸ ਨੂੰ ਹਰਮਨ-ਪਿਆਰਾ ਬਣਾ ਰਹੀ ਹੈ ਅਤੇ ਉਨ੍ਹਾਂ ਦੀ ਵਜ੍ਹਾ ਨਾਲ ਲੋਕ ਇਸ ਖੇਡ ਨੂੰ ਵੀ ਟੀ.ਵੀ. ’ਤੇ ਦੇਖਣ ਲੱਗੇ ਹਨ।

# ਸ੍ਰੀ ਕੇਜਰੀਵਾਲ ਦੀ ਨਾਕਾਰਾਤਮਕ ਕਾਰਗੁਜਾਰੀ ਤੇ ਪਾਰਟੀ ਦਾ ਖਾਸਾ ਜੱਗ ਜਾਹਰ !



ਜੱਗ ਸਿੰਘ
+1 415 603 7380

ਦੇਸ਼ ਵਿੱਚ ਪਿਛਲੇ 9-10 ਸਾਲਾਂ ਤੋਂ ਰਾਜ ਕਰ ਰਹੀ ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਲੋਕ ਵਿਰੋਧੀ ਕਾਰਗੁਜਾਰੀ ਨੂੰ ਧਿਆਨ ਵਿੱਚ ਰੱਖ ਕੇ ਦੇਸ਼ ਦੀਆ ਲਗ ਭਗ ਸਾਰੀਆਂ ਵਿਰੋਧੀ ਪਾਰਟੀਆਂ ਦਾ ਇੱਕਠ 23 ਜੂਨ 2023 ਨੂੰ ਬਿਹਾਰ ਦੀ ਰਾਜਧਾਨੀ ਪਟਨਾ ਵਿਖੇ ਕੀਤਾ ਗਿਆ ਤਾਂ ਕਿ ਸਾਲ 2024 ਵਿੱਚ ਹੋ ਰਹੀਆਂ ਲੋਕ ਸਭਾ ਚੋਣਾਂ ਵਿੱਚ ਸਾਂਝੇ ਮੁੱਦਿਆਂ ਤੇ ਸਾਂਝੀ ਰਾਏ ਬਣਾ ਕੇ ਚੋਣ ਲੜੀ ਜਾਏ। ਭਾਰਤੀ ਜਨਤਾ ਪਾਰਟੀ ਜਿਹੜੀ ਦੇਸ਼ ਵਿੱਚੋਂ ਲੋਕ ਤੰਤਰ ਨੂੰ ਖਤਮ ਕਰਕੇ ਤਾਨਾਸ਼ਾਹੀ ਨੂੰ ਸਥਾਪਤ ਕਰਨਾ ਚਾਹੁੰਦੀ ਹੈ ਉਸ ਨੂੰ ਤਕੜੀ ਭਾਂਜ ਦਿੱਤੀ ਜਾ ਸਕੇ। ਇਸ ਮੀਟਿੰਗ ਵਿੱਚ ਬਹੁਜਨ ਸਮਾਜ ਪਾਰਟੀ ਦੀ ਨੇਤਾ ਬੀਬੀ ਮਾਇਆਵਤੀ ਨੂੰ ਛੱਡ ਕੇ ਬਾਕੀ ਲਗਭਗ ਸਾਰੀਆਂ ਰਾਜਨੀਤਕ ਪਾਰਟੀਆਂ ਜਿਨਾਂ ਵਿੱਚ ਮੁੱਖ ਵਿਰੋਧੀ ਪਾਰਟੀਆਂ ਕਾਂਗਰਸ ਪਾਰਟੀ ਦੇ ਪ੍ਰਧਾਨ ਸ੍ਰੀ ਮਲਕਾਰਜੁਨ ਖੜਗੇ, ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ, ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ, ਬਿਹਾਰ ਦੇ ਸਾਬਕਾ ਮੁੱਖ ਮੰਤਰੀ ਤੇ ਜੇ. ਡੀ. ਯੂ.ਦੇ ਆਗੂ ਸ੍ਰੀ ਨਿਤਿਸ਼ ਕੁਮਾਰ, ਲਾਲੂ ਪ੍ਰਸ਼ਾਦ ਦੇ ਬੇਟੇ ਤੇ ਰਾਸ਼ਟਰੀ ਜੰਨਤਾ ਦੱਲ ਦੇ ਆਗੂ ਤੇਜਸਵੀ ਯਾਦਵ, ਤਾਮਿਲਨਾਡੂ ਦੇ ਮੁੱਖ ਮੰਤਰੀ ਐਮ ਕੇ ਸਟਾਲਿਨ, ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੋਰੇਨ, ਆਪ ਦੇ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ , ਉਤਰ ਪ੍ਰਦੇਸ਼ ਦੀ ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਵ ਯਾਦਵ, ਐਨ. ਸੀ .ਪੀ.ਦੇ ਮੁੱਖੀ ਸ਼ਰਦ ਪਵਾਰ, ਸ਼ਿਵ ਸੈਨਾ (ਯੂ ਬੀ ਟੀ ) ਦੇ ਮੁੱਖੀ ਊਧਵ ਠਾਕਰੇ, ਪੀ ਡੀ ਪੀ ਦੇ ਮੁੱਖੀ ਮਹਿਬੂਬਾ ਮੁਫਤੀ , ਨੈਸ਼ਨਲ ਕਾਨਫਰੰਸ ਦੇ ਆਗੂ ਫਾਰੂਕ ਅਬਦੁੱਲਾ ,ਸੀ ਪੀ ਆਈ ਦੇ ਸਕੱਤਰ ਡੀ ਰਾਜਾ , ਸੀ ਪੀ ਐਮ ਦੇ ਸਕੱਤਰ ਸੀਤਾ ਰਾਮ ਯੈਚੂਰੀ, ਸੀ ਪੀ ਆਈ ਐਲ ਐਲ਼ ਦੇ ਜਨਰਲ ਸਕੱਤਰ ਦੀਪਾਂਕਰ ਭਟਾਚਾਰੀਆ ਤੋਂ ਬਿਨਾ ਪੰਜਾਬ ਦੇ ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ, ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਸੀ ਸੰਜੇ ਸਿੰਘ ਸ੍ਰੀ ਰਾਘਵ ਚੱਢਾ ਆਦਿ 18 ਪਾਰਟੀਆਂ ਦੇ 30 ਆਗੂਆਂ ਨੇ ਭਾਗ ਲਿਆ। ਇਸ ਮੀਟਿੰਗ ਵਿੱਚ ਆਮ ਆਦਮੀ ਪਾਰਟੀ ਤੋਂ ਬਿਨਾ ਬਾਕੀ ਸਾਰੀਆਂ ਪਾਰਟੀਆਂ ਨੇ ਇਕਜੁਟੱਤਾ ਦਿਖਾਈ ਤੇ ਭਾਜਪਾ ਅਤੇ ਐਨ ਡੀ ਏ ਖਿਲਾਫ ਚੋਣਾਂ ਲੜਣ ਦਾ ਪ੍ਰਗਟਾਵਾ ਕੀਤਾ।

ਭਾਜਪਾ ਵਿਰੋਧੀ ਦੱਲਾਂ ਦੀ ਅਗਲੀ ਮੀਟਿੰਗ ਜੁਲਾਈ ਦੀ 10 ਜਾਂ 12 ਤਾਰੀਖ ਨੂੰ ਸ਼ਿਮਲੇ (ਹਿਮਾਚਲ ਪ੍ਰਦੇਸ਼ )ਵਿਖੇ ਰੱਖ ਲਈ ਗਈ ਹੈ।ਜਿਸ ਵਿੱਚ ਸਾਂਝਾ ਏਜੰਡਾ ਤਿਆਰ ਕੀਤਾ ਜਾਵੇਗਾ । ਇਸ ਮੀਟਿੰਗ ਦੌਰਾਨ ਇਹ ਵੀ ਦਸਿਆ ਜਾਂਦਾ ਕਿ ਆਮ ਆਦਮੀ ਪਾਰਟੀ ਦੇ ਸੁਪਰੀਮੋ ਸ੍ਰੀ ਅਰਵਿੰਦ ਕੇਜਰੀ ਵਾਲ ਦੀ ਨਾਕਾਰਤਮਕ ਕਾਰਗੁਜਾਰੀ ਰਹੀ ਹੈ ਉਨਾਂ ਨੇ ਸਾਰੀਆਂ ਵਿਰੋਧੀ ਪਾਰਟੀਆਂ ਉਤੇ ਜੋਰ ਪਾਉਂਦਿਆਂ ਕਿਹਾ ਕਿ ਉਹ ਸਰਬ ਸੰਮਤੀ ਨਾਲ ਮਤਾ ਪਾਸ ਕਰਨ ਕਿ ਰਾਜ ਸਭਾ ਵਿੱਚ ਉਹ ਕੇਂਦਰ ਦੀ ਸਰਕਾਰ ਵਲੋਂ ਦਿੱਲੀ ਸਰਕਾਰ ਦੇ ਵਿਰੁੱਧ ਪਾਸ ਕੀਤੇ ਆਰਡੀਨੈਂਸ ਦਾ ਵਿਰੋਧ ਕਰਨ ਹਨ ਤਾਂ ਕਿ ਰਾਜ ਸਭਾ ਵਿੱਚ ਇਹ ਆਰਡੀਨੈਂਸ ਫੇਲ੍ਹ ਹੋ ਜਾਵੇ। ਜਿਸ ਬਾਰੇ ਹਾਜਰ ਕੁਝ ਮੈਂਬਰਾਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦਾ ਖਾਸਾ ਭਾਜਪਾ ਵਲੋਂ ਲਏ ਜਾਂਦੇ ਫੈਸਲਿਆਂ ਦੇ ਹੱਕ ਵਿੱਚ ਖੜ੍ਹੇ ਰਹਿਣ ਵਾਲਾ ਰਿਹਾ ਹੈ ਜਿਸ ਦੀ ਉਦਾਹਰਣ ਦੇਂਦਿਆ ਜੰਮੂ ਕਸ਼ਮੀਰ ਦੀ ਨੈਸ਼ਨਲ ਕਾਨਫਰੰਸ ਪਾਰਟੀ ਦੇ ਆਗੂ ਉਮਰ ਅਬਦੁੱਲਾ ਨੇ ਕਿਹਾ ਕਿ ਅੱਜ ਸੂਬਿਆਂ ਨੂੰ ਵੱਧ ਅਧਿਕਾਰਾਂ ਦੇਣ ਦੀ ਗੱਲ ਕਰਨ ਵਾਲੇ ਸ੍ਰੀ ਅਰਵਿੰਦ ਕੇਜਰੀਵਾਲ ਉਦੋਂ ਕਿਥੇ ਸਨ ਜਦੋਂ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਵਲੋਂ ਜੰਮੂ ਕਸ਼ਮੀਰ ਨੂੰ ਮਿਲੇ ਸੰਵਿਧਾਨਕ ਹੱਕ ਧਾਰਾ 370 ਤੇ 35 ਏ ਨੂੰ ਖੌਫ ਦੇ ਸਾਏ ਵਿੱਚ ਹੀ ਖਤਮ ਨਹੀਂ ਸੀ ਕੀਤਾ ਗਿਆ ਸੀ ਬਲਕਿ ਉਨਾਂ ਦੇ ਰਾਜ ਦਾ ਨਾਮੋ ਨਿਸ਼ਾਨ ਵੀ ਸੰਸਾਰ ਦੇ ਨਕਸ਼ੇ ਤੋਂ ਮਿਟਾ ਦਿੱਤਾ ਗਿਆ ਸੀ? ਦੇਸ਼ ਵਿੱਚ ਐਨ ਆਰ ਸੀ , ਏ ਸੀ ਸੀ ਕਾਨੂੰਨ ਲਿਆਂਦੇ ਗਏ , ਦਿੱਲੀ ਦੇ ਸ਼ਹੀਨ ਬਾਗ ਵਿੱਚ ਦਿਨ ਦਿਹਾੜੇ ਮੁਸਲਮਾਨਾਂ ਦੀ ਹਿੰਦੂਆਂ ਦੀ ਕਟੱੜ ਜਥੇਬੰਦੀਆਂ ਵਲੋਂ ਚਿੱਟੇ ਦਿਨ ਕਤਲੋਗਾਰਤ ਕੀਤੀ ਜਾਂਦੀ ਰਹੀ। ਉਸ ਸਮੇਂ ਇਸੇ ਆਮ ਆਦਮੀ ਪਾਰਟੀ ਦੇ ਸੁਪਰੀਮੋ ਸ੍ਰੀ ਕੇਜਰੀਵਾਲ ਦੇ ਮੂੰਹੋਂ ਇਸ ਬਾਰੇ ਇਕ ਲਫਜ ਬੋਲਣਾ ਤਾਂ ਦੂਰ ਦੀ ਗੱਲ ਇਨਾਂ ਨੇ ਭਾਜਪਾ ਦੇ ਫੈਸਲਿਆਂ ਦੀ ਰੱਜ ਕੇ ਪ੍ਰਸੰਸਾ ਕੀਤੀ ਸੀ। ਇਸ ਮੀਟਿੰਗ ਵਿੱਚ ਸ੍ਰੀ ਕੇਜਰੀਵਾਲ ਇਹ ਦਬਾਅ ਪਾਉਂਦੇ ਵੀ ਵੇਖੇ ਗਏ ਕਿ ਸਾਰੀਆਂ ਵਿਰੋਧੀ ਪਾਰਟੀਆਂ ਦਾ ਇੱਕਠ ਕਾਂਗਰਸ ਪਾਰਟੀ ਦੇ ਦਿੱਲੀ ਦੇ ਆਰਡੀਨੈਂਸ ਬਾਰੇ ਸਟੈਂਡ ਸਪਸ਼ਟ ਕਰਨ। ਮੀਟਿੰਗ ਉਪਰੰਤ ਸਾਰੇ ਆਗੂਆਂ ਵਲੋਂ ਕੀਤੀ ਜਾਣ ਵਾਲੀ ਪ੍ਰੈਸ ਕਾਨਫਰੰਸ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਸ੍ਰੀ ਕੇਜਰੀਵਾਲ ਤੇ ਉਨਾਂ ਦੇ ਨਾਲ ਆਏ ਪਾਰਟੀ ਦੇ ਬਾਕੀ ਸਾਰੇ ਆਗੂ ਵੀ ਜਹਾਜ ਫੜ੍ਹ ਕੇ ਚਲੇ ਗਏ ਸਨ। ਇਹ ਵੀ ਪਤਾ ਲਗਾ ਹੈ ਕਿ ਆਮ ਆਦਮੀ ਪਾਰਟੀ ਨੇ ਇਨਾਂ ਸਾਰੀਆਂ ਵਿਰੋਧੀ ਪਾਰਟੀਆਂ ਨੂੰ ਜੋਰ ਦੇ ਕੇ ਇਹ ਵੀ ਕਿਹਾ ਹੈ ਕਿ ਉਹ ਸ਼ਿਮਲਾ ਮੀਟਿੰਗ ਤੋਂ ਪਹਿਲਾਂ ਆਪਣੀ ਨੀਤੀ ਨੂੰ ਸਪਸ਼ਟ ਕਰਨ। ਜਦੋਂ ਕਿ ਵਿਰੋਧੀ ਧਿਰ ਦੇ ਆਗੂਆਂ ਨੇ ਸਪਸ਼ਟ ਕਰ ਦਿੱਤਾ ਹੈ ਕਿ ਉਹ ਠੀਕ ਸਮੇਂ ਤੇ ਆਰਡੀਨੈਂਸ ਸਮੇਤ ਸਾਰੇ ਮਸੱਲਿਆਂ ਬਾਰੇ ਫੈਸਲਾ ਕਰਨਗੇ। ਵਿਰੋਧੀ ਧਿਰ ਦੇ ਆਗੂਆਂ ਨੇ ਇਹ ਵੀ ਕਿਹਾ ਕਿ ਇਸ ਸਮੇਂ ਗੰਭੀਰ ਮਸਲਾ ਭਾਜਪਾ ਨੂੰ ਲੋਕ ਸਭਾ ਚੋਣਾਂ ਵਿੱਚੋਂ ਇਕਠੇ ਚੋਣਾਂ ਲੜ੍ਹ ਕੇ ਸਤਾ ਤੋਂ ਬਾਹਰ ਕਰਨ ਦੀ ਨੀਤੀ ਘੜ੍ਹਣ ਦਾ ਹੈ । ਜੇਕਰ ਭਾਜਪਾ ਨੂੰ ਕੇਂਦਰ ਵਿੱਚੋਂ ਚਲਦਾ ਕਰ ਦਿੱਤਾ ਜਾਂਦਾ ਹੈ ਤਾਂ ਦਿੱਲੀ ਦੇ ਇਸ ਮੱਸਲੇ ਸਮੇਤ ਦੇਸ਼ ਦੇ ਬਹੁਤ ਸਾਰੇ ਹੋਰ ਮਸੱਲੇ ਵੀ ਆਪਣੇ ਆਪ ਹੀ ਹੱਲ ਹੋ ਜਾਣੇ ਹਨ।ਆਮ ਆਦਮੀ ਪਾਰਟੀਆ ਦੇ ਆਗੂਆਂ ਦੀ ਸੋਚ ਤੋਂ ਇੰਝ ਲਗ ਰਿਹਾ ਹੈ ਜੇ ਕਰ ਵਿਰੋਧੀ ਪਾਰਟੀਆਂ ਉਨਾਂ ਦੇ ਆਰਡੀਨੈਂਸ ਸਬੰਧੀ ਕੋਈ ਨਿਰਣਾ ਨਹੀਂ ਲੈਂਦੀਆਂ ਤਾਂ ਉਹ ਸ਼ਿਮਲੇ ਵਿਖੇ ਹੋਣ ਵਾਲੀ ਮੀਟਿੰਗ ਤੋਂ ਆਪਣੇ ਆਪ ਨੂੰ ਵੱਖ ਕਰ ਲਵੇਗੀ। ਵਿਰੋਧੀ ਧਿਰ ਦੇ ਕੁਝ ਆਗੂਆਂ ਵਿੱਚ ਇਹ ਧਾਰਨਾ ਭਾਰੂ ਹੋ ਰਹੀ ਹੈ ਜਿਵੇਂ ਸ੍ਰੀ ਕੇਜਰੀਵਾਲ ਨੂੰ ਇਸ ਮੀਟਿੰਗ ਨੂੰ ਤਾਰਪੀਡੋ ਕਰਨ ਹਿਤ ਭੇਜਿਆ ਗਿਆ ਸੀ ਤਾਂ ਕਿ ਵਿਰੋਧੀ ਧਿਰ ਇਕ ਜੁਟ ਨਾ ਹੋ ਸਕਣ। ਆਮ ਆਦਮੀ ਪਾਰਟੀ ਦਾ ਆਪਣੀ ਇਕੋ ਇਕ ਮੰਗ ਲਈ ਰੱਟ ਲਗਾਉਣ ਦਾ ਮਕਸਦ ਇਹ ਸਮਝਿਆ ਜਾ ਰਿਹਾ ਕਿ ਵਿਰੋਧੀ ਪਾਰਟੀਆਂ ਏਕਾ ਉਸਾਰਨ ਤੋਂ ਪਹਿਲਾਂ ਹੀ ਖੇਰੂ ਖੇਰੂ ਹੋ ਜਾਣ । ਭਾਜਪਾ ਤੇ ਆਮ ਆਦਮੀ ਪਾਰਟੀ ਵਿੱਚ ਇਕ ਸੁਰਤਾ ਹੋਣ ਦੀਆਂ ਹੋਰ ਕਈ ਉਦਾਹਰਣਾ ਵੀ ਦੇਸ਼ ਦੀ ਜਨਤਾ ਵਲੋਂ ਕਹੀਆਂ ਜਾ ਰਹੀਆਂ ਹਨ ਕਿ ਭਾਜਪਾ ਤੇ ਆਮ ਆਦਮੀ ਪਾਰਟੀ ਦੋਵੇਂ ਹਿੰਦੂ ਤੱਵੀ ਪਾਰਟੀਆਂ ਹਨ ਜਿਵੇਂ ਨਮੂਨੇ ਵਜੋਂ ਦੋਵੇ ਪਾਰਟੀਆਂ ਭਾਰਤ ਮਾਤਾ ਦੀ ਜੈ ਤੇ ਬੰਦੇ ਮਾਤਰਮ ਦਾ ਨਾਹਰਾ ਮਾਰਨ ਵਾਲੀਆਂ ਹਨ, ਦੋਵੇਂ ਪਾਰਟੀਆਂ ਦਾ ਇਕ ਮੱਤ ਹੈ ਕਿ ਭਾਰਤੀ ਕਰੰਸੀ ਉਤੇ ਹਿੰਦੂ ਦੇਵੀ ਦੇਵਤਿਆਂ ਦੀਆਂ ਫੋਟੋ ਹੋਣ। ਕਿੰਨੀ ਹੈਰਾਨੀ ਦੀ ਗੱਲ ਹੈ ਕਿ ਦਿੱਲੀ ਦੀਆਂ ਚੋਣਾਂ ਵਿੱਚ ਵੋਟਰ ਤਾਂ ਇਕੋ ਹੀ ਹਨ ਜਿਹੜੇ ਲੋਕ ਸਭਾ ਵਿੱਚ ਭਾਰਤੀ ਜਨਤਾ ਪਾਰਟੀ ਨੂੰ ਵੋਟਾਂ ਪਾ ਕੇ ਜਿਤਾਉਂਦੇ ਹਨ ਤੇ ਉਹ ਹੀ ਵੋਟਰ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੂੰ ਗੱਦੀ ਤੇ ਬਿਠਾਉਂਦੇ ਹਨ । ਹਰ ਮੂਰਖ ਤੋਂ ਮੂਰਖ ਮਨੁੱਖ ਵੀ ਇਸ ਦਾ ਮਤਲਬ ਸਾਫ ਤੇ ਸਪਸ਼ਟ ਸਮਝ ਰਿਹਾ ਹੈ। ਰਹਿੰਦੀ ਖੂਹੰਦੀ ਕਸਰ ਆਮ ਆਦਮੀ ਪਾਰਟੀ ਨੇ ਉਦੋਂ ਸੱਚ ਕਰ ਵਿਖਾਈ ਕਿ ਉਹ ਹਕੀਕਤ ਵਿੱਚ ਭਾਰਤੀ ਜੰਨਤਾ ਪਾਰਟੀ ਦੀ ਉਬੀ ਟੀਮ" ਹੀ ਹੈ। ਭਾਰਤੀ ਜੰਨਤਾ ਪਾਰਟੀ ਵਲੋਂ ਯੂਨੀਫਾਰਮ ਸਿਵਲ ਕੋਡ ਵਾਲੇ ਕਾਨੂੰਨ ਨੂੰ ਲਿਆ ਰਹੀ ਹੈ ਉਹ ਸਾਰੇ ਭਾਰਤ ਵਿੱਚ ਲਾਗੂ ਕਰ ਰਹੀ ਹੈ ਇਸ ਬਿਲ ਦੀ ਹਮਾਇਤ ਆਮ ਆਦਮੀ ਪਾਰਟੀ ਨੇ ਪੂਰਨ ਰੂਪ ਵਿੱਚ ਕਰ ਦਿੱਤੀ ਹੈ ਜਿਸ ਦੀ ਪੁਸ਼ਟੀ ਪੰਜਾਬ ਤੋਂ ਰਾਜ ਸਭਾ ਮੈਂਬਰ ਸ੍ਰੀ ਸੰਦੀਪ ਪਾਠਕ ਨੇ ਵੀ ਕਰ ਦਿੱਤੀ ਹੈ।ਜਦੋਂ ਕਿ ਭਾਰਤ ਭਿੰਨ ਭਿੰਨ ਬੋਲੀਆਂ, ਧਰਮਾਂ, ਜਾਤਾਂ, ਪਹਿਰਾਵਿਆਂ ਤੇ ਰੀਤੀ ਰਿਵਾਜਾਂ ਵਾਲ ਮੁੱਲਕ ਹੈ। ਉਸ ਵਿੱਚ ਹੁਣ ਇਕੋ ਇਕ ਹਿੰਦੂ ਧਰਮ ਵਾਲਾ ਕਾਨੂੰਨ ਲਾਗੂ ਕੀਤਾ ਜਾਵੇਗਾ। ਹੁਣ ਤਕ ਕਿੰਨੀਆਂ ਹੀ ਉਦਾਹਰਣਾਂ ਇੱਕਠੀਆਂ ਹੋ ਗਈਆਂ ਹਨ ਜੋ ਦਸ ਰਹੀਆ ਹਨ ਕਿ ਇਹ ਦੋਵੇਂ ਪਾਰਟੀਆਂ ਵਿਚਾਰਕ ਤੌਰਤੇ ਹਿੰਦੂ ਤਵੀ ਸੋਚ ਵਾਲੀਆਂ ਹਨ, ਲੇਕਿਨ ਨਾਂ ਜਰੂਰ ਵੱਖਰੇ ਵੱਖਰੇ ਰੱਖੇ ਹੋਏ ਹਨ।ਪੰਜਾਬ ਵੱਲ ਹੀ ਝਾਤ ਮਾਰ ਲਓ ਜਦੋਂ ਦੀ ਇਹ ਪਾਰਟੀ ਪੰਜਾਬ ਵਿੱਚ ਹੋਂਦ ਵਿੱਚ ਆਈ ਹੈ। ਪੰਜਾਬ ਵਿੱਚ ਰਾਜ ਤਾਂ ਦਿੱਲੀ ਵਾਲੇ ਹੀ ਕਰਦੇ ਆ ਰਹੇ ਹਨ ਉਨਾਂ ਨੇ ਮੋਹਰਾ ਸ੍ਰ ਭਗਵੰਤ ਸਿੰਘ ਮਾਨ ਨੂੰ ਨਾਂ ਦਾ ਮੁੱਖ ਮੰਤਰੀ ਬਣਾ ਰੱਖਿਆ ਹੈ ਜਦੋਂ ਕਿ ਪੰਜਾਬ ਦੀ ਸਾਰੀ ਵਾਗਡੋਰ ਕੇਜਰੀਵਾਲ, ਰਾਘਵ ਚੱਢੇ ਆਦਿ ਦੇ ਹੱਥ ਵਿੱਚ ਹੈ। ਕਿੰਨੀ ਹੈਰਾਨਗੀ ਦੀ ਗੱਲ ਹੈ ਕਿ ਸਰਕਾਰ ਬਣਦਿਆਂ ਹੀ ਪਹਿਲਾ ਕੁਹਾੜ੍ਹਾ ਪੰਜਾਬ ਦੇ ਸੱਤੇ ਦੇ ਸੱਤੇ ਰਾਜ ਸਭਾ ਮੈਂਬਰ ਕੇਜਰੀਵਾਲ ਨੇ ਆਪਣੇ ਚਾਪਲੂਸ ਜਿਨਾਂ ਵਿੱਚ ਇਕ ਸਾਧ ਤੇ ਇਹ ਦੋਸ਼ ਲਗਦਾ ਆ ਰਿਹਾ ਹੈ ਕਿ ਉਨਾਂ ਦਾ ਨਾਤਾ ਭਾਜਪਾ ਨਾਲ ਹੈ। ਉਨਾਂ ਨੂੰ ਪੰਜਾਬ ਦਾ ਰਾਜ ਸਭਾ ਦਾ ਮੈਂਬਰ ਬਣਾਇਆ ਗਿਆ ਹੈ।



ਇਸੇ ਤਰਾਂ ਵੱਡੀ ਗਿਣਤੀ ਵਿੱਚ ਭਾਰੀਆਂ ਤਨਖਾਹਾਂ ਦੇ ਕੇ ਪ੍ਰੈੱਸ ਵਿੱਚ ਜਿਹੜੇ ਨੌਜੁਆਨ ਭਰਤੀ ਕੀਤੇ ਗਏ ਹਨ ਉਹ ਵੀ ਸਾਰੇ ਦੇ ਸਾਰੇ ਪੰਜਾਬ ਦੇ ਨਾ ਹੋ ਕੇ ਦਿੱਲੀ ਦੇ ਹੀ ਭਰਤੀ ਕੀਤੇ ਗਏ ਸਨ। ਇਸੇ ਤਰਾਂ ਪੰਜਾਬ ਦੇ ਵੱਖ ਵੱਖ ਵਿਭਾਗਾਂ ਵਿੱਚ ਭਰਤੀ ਕੀਤੇ ਜਾਣ ਵਾਲੇ ਵੀ ਬਹੁਤੇ ਨੌਜੁਆਨ ਪੰਜਾਬ ਤੋਂ ਬਾਹਰਲੇ ਹਨ। ਪੰਜਾਬੀ ਨੌਜੁਆਨਾਂ ਦਾ ਹੱਕ ਮਾਰ ਕੇ ਦਿੱਲੀ ਤੇ ਹੋਰ ਸੂਬਿਆਂ ਵਾਲਿਆਂ ਨੂੰ ਰੁਜਗਾਰ ਦਿੱਤਾ ਜਾ ਰਿਹਾ ਹੈ। ਜੋ ਇਹ ਵੀ ਪ੍ਰਭਾਵ ਦੇ ਰਿਹਾ ਹੈ ਕਿ ਭਾਰਤੀ ਜੰਨਤਾ ਪਾਰਟੀ ਆਮ ਆਦਮੀ ਪਾਰਟੀ ਦੇ ਚੋਰ ਦਰਵਾਜੇ ਰਾਹੀਂ ਪੰਜਾਬ ਤੇ ਕਬਜਾ ਕਰਨਾ ਚਾਹੁੰਦੀ ਹੈ। ਜਿਸ ਵਿੱਚ ਉਹ ਕਾਫੀ ਹੱਦ ਤਕ ਸਫ਼ਲ ਵੀ ਹੋ ਗਈ ਹੈ। ਪੰਜਾਬ ਦੇ ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਸਭ ਕੁਝ ਸਮਝਦੇ ਹੋਏ ਵੀ ਉਹ ਪਤਾ ਨਹੀਂ ਕਿਹੜੇ ਕਾਰਨ ਹਨ ਕਿ ਉਹ ਪੰਜਾਬ ਵਿਰੋਧੀ ਹੋ ਰਹੀ ਕਾਰਵਾਈ ਬਾਰੇ ਚੁੱਪ ਵੱਟੀ ਬੈਠੇ ਹਨ? ਜਿਸ ਕਾਰਨ ਪੰਜਾਬ ਦੇ ਲੋਕਾਂ ਦੇ ਮਨਾਂ ਵਿੱਚ ਸ੍ਰ ਭਗਵੰਤ ਸਿੰਘ ਮਾਨ ਤੇ ਉਨਾਂ ਦੇ ਮੰਤਰੀ ਮੰਡਲ ਪ੍ਰਤੀ ਵਿਰੋਧ ਦੀ ਭਾਵਨਾ ਦਿਨ ਬ ਦਿਨ ਉਜਾਗਰ ਹੁੰਦੀ ਆ ਰਹੀ ਹੈ। ਅਸਲ ਵਿੱਚ ਸ੍ਰ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਦੇ ਆਲੇ ਦੁਆਲੇ ਉਹ ਹੀ ਫੌਜ ਹੈ ਜਿਹੜੀ ਸ੍ਰੀ ਕੇਜਰੀਵਾਲ ਦੇ ਹੱਥਾਂ ਵਿੱਚ ਖੇਡਣ ਵਾਲੀ ਹੈ। ਜੇਕਰ ਸ੍ਰ ਭਗਵੰਤ ਸਿੰਘ ਮਾਨ ਨੇ ਇਸੇ ਤਰਾਂ ਚੁੱਪ ਵੱਟੀ ਰੱਖੀ ਤਾਂ ਉਹ ਭਵਿੱਖ ਵਿੱਚ ਪੰਜਾਬ ਵਿੱਚ ਜਿੱਤ ਪ੍ਰਾਪਤ ਨਹੀਂ ਕਰ ਸਕੇਗੀ ।ਸ੍ਰੀ ਕੇਜਰੀਵਾਲ ਦੀ ਪਾਰਟੀ ਦੀ ਹੋਂਦ 2013 ਵਿੱਚ ਹੋਈ ਸੀ ।2014 ਵਿੱਚ ਲੋਕ ਸਭਾ ਚੋਣਾਂ ਵੇਲੇ ਇੱਕਲਾ ਪੰਜਾਬ ਦਾ ਸੂਬਾ ਸੀ ਜਿਸ ਨੇ 4 ਲੋਕ ਸਭਾ ਮੈਂਬਰ ਜਿਤਾ ਕੇ ਭੇਜੇ ਸਨ ਜਦੋਂ ਕਿ ਖੁਦ ਸ੍ਰੀ ਕੇਜਰੀਵਾਲ ਲੋਕ ਸਭਾ ਦੀ ਚੋਣ ਹਾਰ ਗਏ ਸਨ। ਇਨਾਂ ਦਸ ਸਾਲਾਂ ਦੇ ਥੋਹੜੇ ਜਿਹੇ ਸਮੇਂ ਵਿੱਚ ਹੋਂਦ ਵਿੱਚ ਆਈ ਇਸ ਪਾਰਟੀ ਦਾ ਨਿਘਾਰ ਸ੍ਰੀ ਕੇਜਰੀਵਾਲ ਦੀ ਤਾਨਾਸ਼ਾਹੀ ਸੋਚ ਕਾਰਨ ਬੁਰੀ ਤਰਾਂ ਹੋਣਾ ਸ਼ੁਰੂ ਹੋ ਗਿਆ ਹੈ। ਕਿਥੇ ਭਾਰਤ ਦੇ ਪ੍ਰਧਾਨ ਮੰਤਰੀ ਬਣਨ ਦੇ ਸੁਪਨੇ ਲੈਣ ਵਾਲੇ ਇਸੇ ਕੇਜਰੀਵਾਲ ਦਾ ਹਿਮਾਚਲ ਪ੍ਰਦੇਸ ਤੇ ਕਰਨਾਟਕਾ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਇਸ ਦੀ ਆਮ ਆਦਮੀ ਪਾਰਟੀ ਦਾ ਸਫਾਇਆ ਹੋ ਗਿਆ ਹੈ। ਇਸ ਦੇ ਦੋਹਾਂ ਵਿਧਾਨ ਸਭਾ ਦੇ ਸਾਰੇ ਮੈਂਬਰਾਂ ਦੀਆਂ ਜਮਾਨਤਾਂ ਜਬਤ ਹੋਈਆਂ ਹਨ। ਗੁਜਰਾਤ ਵਿੱਚ ਸਰਕਾਰ ਬਣਾਉਣ ਦਾ ਸੁਪਨੇ ਲੈਣ ਵਾਲੇ ਇਸੇ ਸ੍ਰੀ ਕੇਜਰੀਵਾਲ ਨੂੰ ਵਿਧਾਨ ਸਭਾ ਵਿੱਚ ਸਿਰਫ ਪੰਜ ਹੀ ਸੀਟਾਂ ਮਿਲੀਆਂ ਹਨ । ਇਸ ਪਾਰਟੀ ਦੇ ਬਹੁਤ ਸਾਰੇ ਸੁੱਘੜ੍ਹ ਤੇ ਸਿਆਣੇ ਲੀਡਰ ਜਿਨਾਂ ਨੇ ਪਾਰਟੀ ਨੂੰ ਉਸਾਰਨ ਵਾਸਤੇ ਕਰੋੜ੍ਹਾਂ ਰੁਪਏ ਦਿੱਤੇ ਸਨ ਉਹੋ ਜਿਹੇ ਸਾਰੇ ਦੇ ਸਾਰੇ ਲੀਡਰ ਇਕ ਇਕ ਕਰਕੇ ਸ੍ਰੀ ਕੇਜਰੀਵਾਲ ਦੀਆਂ ਨੀਤੀਆਂ ਕਾਰਨ ਪਾਰਟੀ ਨੂੰ ਨਮਸਕਾਰ ਕਰਕੇ ਜਾ ਚੁੱਕੇ ਹਨ। ਇਹ ਪਾਰਟੀ ਵੀ ਇਕ ਮੈਨ ਸ਼ੋਅ ਵਾਲੀ ਬਣੀ ਹੋਈ ਹੈ। ਸ੍ਰੀ ਮੋਦੀ, ਸ੍ਰ ਬਾਦਲ ਦੀ ਤਰਾਂ ਸ੍ਰੀ ਕੇਜਰੀਵਾਲ ਦੀ ਪਾਰਟੀ ਵੀ ਇਕ ਮੈਨ ਸ਼ੋਅ ਵਾਲੀ ਪਾਰਟੀ ਹੈ। ਇਹਨਾਂ ਨੂੰ ਜਿਸ ਮੈਂਬਰ ਤੋਂ ਖਤਰਾ ਮਹਿਸੂਸ ਹੋਣ ਲਗਦਾ ਹੈ ਕਿ ਕਿਧਰੇ ਉਹ ਮੇਰੇ ਤੋਂ ਵੱਡਾ ਲੀਡਰ ਨਾ ਬਣ ਜਾਵੇ ਝਟ ਉਸ ਨੂੰ ਕੋਈ ਨਾ ਕੋਈ ਬਹਾਨਾ ਬਣਾ ਕੇ ਜਾਂ ਤਾਂ ਪਾਰਟੀ ਵਿੱਚੋਂ ਬਾਹਰ ਦਾ ਰਸਤਾ ਵਿਖਾ ਦਿੱਤਾ ਜਾਂਦਾ ਰਿਹਾ ਹੈ ਜਾਂ ਫਿਰ ਉਸ ਨੂੰ ਇੰਨਾ ਤੰਗ ਕਰ ਦਿੱਤਾ ਜਾਂਦਾ ਕਿ ਉਹ ਆਪ ਹੀ ਤੰਗ ਹੋ ਕੇ ਪਾਰਟੀ ਨੂੰ ਹੱਥ ਜੋੜ ਜਾਂਦਾ ਰਿਹਾ ਹੈ। ਹੁਣ ਵੀ ਜਦੋਂ ਦੇਸ਼ ਦੀਆਂ ਸਾਰੀਆਂ ਪਾਰਟੀਆਂ ਇਕ ਮੁੱਠ ਹੋ ਕੇ ਸ੍ਰੀ ਮੋਦੀ ਨੂੰ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਂਜ ਦੇਣ ਲਈ ਇਕ ਜੁੱਟ ਹੋ ਰਹੀਆਂ ਹਨ ਇਸ ਕੇਜਰੀਵਾਲ ਨੇ ਦਿੱਲੀ ਦੇ ਆਰਡੀਨੈਂਸ ਵਾਲਾ ਫਾਨਾ ਠੋਕ ਦਿੱਤਾ ਹੈ ਤਾਂ ਕਿ ਦੇਸ਼ ਦੀਆਂ ਸਾਰੀਆਂ ਵਿਰੋਧੀ ਪਾਰਟੀਆਂ ਇਕ ਜੁੱਟ ਨਾ ਹੋ ਸਕਣ।

ਜੇਕਰ ਇਸ ਪਾਰਟੀ ਦੇ ਸੁਪਰੀਮੋ ਦੀ ਇਹ ਹੀ ਨੀਤੀ ਰਹੀ ਤਾਂ ਉਹ ਦਿਨ ਵੀ ਦੂਰ ਨਹੀਂ ਜਦੋਂ ਇਸ ਪਾਰਟੀ ਦਾ ਨੇੜਲੇ ਭਵਿੱਖ ਵਿੱਚ ਮੁਕੰਮਲ ਤੌਰਤੇ ਭੋਗ ਹੀ ਨਾ ਪੈ ਜਾਵੇ। ਦੇਸ਼ ਦੀਆਂ ਵਿਰੋਧੀ ਪਾਰਟੀਆਂ ਦੇ ਸਾਰੇ ਨੇਤਾ ਇਸ ਆਪਣੇ ਆਪ ਵਿੱਚ ਬੜੇ ਚਲਾਕ ਬਣੇ ਸ੍ਰੀ ਕੇਜਰੀਵਾਲ ਦੀਆਂ ਨੀਤੀਆਂ ਨੂੰ ਸਮਝ ਚੁੱਕੇ ਹਨ ।ਉਹ ਸਾਰੇ ਸਿਆਣਪ ਤੇ ਦੇਸ਼ ਨੂੰ ਬਚਾਉਣ ਦੀ ਸੋਚ ਨਾਲ ਆਪਣਾ ਸ਼ਾਨਦਾਰ ਏਕਾ ਉਸਾਰ ਕੇ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਨੂੰ ਲੱਕ ਤੋੜਵੀਂ ਹਾਰ ਦੇਣ ਦੇ ਸਮਰੱਥ ਹੋ ਜਾਣਗੇ ਜਿਸ ਨਾਲ ਭਾਰਤ ਦੇ ਲੋਕਾਂ ਨੂੰ ਮੋਦੀ ਜਿਹੇ ਤਾਨਾਸ਼ਾਹ ਬਣੇ ਆਗੂ ਤੋਂ ਵੀ ਨਿਜਾਤ ਮਿਲ ਜਾਵੇਗੀ। ਭਾਰਤ ਦੇਸ਼ ਜਿਸ ਨੂੰ ਸੰਸਾਰ ਦਾ ਵੱਡੇ ਦੇਸ਼ਾਂ ਵਿੱਚੋਂ ਇਕ ਵੱਡਾ ਲੋਕਤੰਤਰ ਨੂੰ ਪ੍ਰਣਾਇਆ ਮੁੱਲਕ ਕਿਹਾ ਜਾਂਦਾ ਹੈ ਉਹ ਦੇਸ਼ ਦੇ ਲੋਕਤੰਤਰ ਨੂੰ ਬਰਕਰਾਰ ਰੱਖਣ ਵਿੱਚ ਸਫਲ ਹੋ ਜਾਵੇਗਾ।

# ਜਿਸ ਤਨ ਲਾਗੇ ਸੋ ਤਨ ਜਾਣੇ !



ਤਰਲੋਚਨ ਸਿੰਘ ਦੁਪਾਲ ਪੁਰ
001-408-915-1268

ਗਰੀਬੀ ਦੀਆਂ ਤੰਗੀਆਂ ਤੁਰਸ਼ੀਆਂ ਕਾਰਨ ਸਾਡੇ ਇੱਕ ਜਾਣੂ ਪ੍ਰਵਾਰ ਨੇ ਪੰਜਵੀਂ ਛੇਵੀਂ 'ਚ ਪੜ੍ਹਦੇ ਆਪਣੇ ਵੱਡੇ ਮੁੰਡੇ ਨੂੰ ਸਕੂਲੋਂ ਹਟਾ ਕੇ ਉਸਨੂੰ ਲਾਗਲੇ ਸ਼ਹਿਰ ਵਿੱਚ ਚੱਲਦੇ ਚਾਹ-ਦੁੱਧ ਦੇ ਹੋਟਲ ਵਿੱਚ 'ਕੰਮ ਸਿੱਖਣ' ਲਾ ਦਿੱਤਾ। ਸਰਦੀਆਂ ਗਰਮੀਆਂ ਵਿੱਚ ਉਹ ਵਿਚਾਰਾ ਸ਼ਿਕੰਜੇ ਜਿਹੇ ਵਿੱਚ ਚਾਹ ਦੇ ਗਲਾਸ ਰੱਖ ਕੇ ਬਜ਼ਾਰ ਦੀਆਂ ਦੁਕਾਨਾਂ ਵਿੱਚ ਪਹੁੰਚਾਉਂਦਾ ਰਹਿੰਦਾ।ਜੂਠੇ ਕੱਪ ਗਲਾਸ ਧੋਣ ਦੇ ਨਾਲ ਨਾਲ ਉਹਨੂੰ ਲਿੱਬੜੇ ਤਿਬੜੇ ਕੜਾਹੀਆਂ ਖੌਂਚੇ ਮਾਂਜਦਿਆਂ ਦੇਖ ਕੇ ਸਾਨੂੰ ਬੜਾ ਤਰਸ ਆਉਂਦਾ!

ਉਸਦੀ ਨਿਮ੍ਰਤਾ ਅਤੇ ਹਲੀਮੀ ਦੇਖ ਕੇ ਮਾਲਕਾਂ ਨੇ ਉਸਨੂੰ ਹਲਵਾਈ ਦਾ ਕੰਮ ਛੇਤੀ ਸਿਖਾਉਣਾ ਸ਼ੁਰੂ ਕਰ ਦਿੱਤਾ।ਮੁੰਡਾ ਮਿਹਨਤੀ ਤਾਂ ਸੀ ਹੀ, ਇਸ ਲਈ ਉਹ ਛੇਤੀ ਹੀ ਹਲਵਾਈ-ਪੁਣੇ 'ਚ ਨਿਪੁੰਨ ਹੋ ਗਿਆ!

ਗਭਰੇਟ ਜਿਹਾ ਹੋਏ ਤੋਂ ਮਾਲਕਾਂ ਨੇ ਆਪ ਹੀ ਖੁਸ਼ ਹੋ ਕੇ ਉਸਨੂੰ ਇੱਕ ਵੱਖਰੀ ਦੁਕਾਨ ਖੋਲ੍ਹ ਦਿੱਤੀ। ਤਜ਼ਰਬੇਕਾਰ ਮੁੰਡੇ ਨੇ ਆਪਣਾ ਕੰਮ ਵੀ ਸੋਹਣਾ ਚਲਾ ਲਿਆ।ਉਸਨੇ ਵੀ ਬਿਹਾਰੀ ਪ੍ਰਵਾਰਦਾ ਇੱਕ ਛੋਟਾ ਜਿਹਾ ਮੁੰਡਾ ਏਧਰ-ਓਧਰ ਚਾਹ ਫੜਾਉਣ ਲਈ ਰੱਖ ਲਿਆ। ਉਹ ਦੁਕਾਨ ਵਿੱਚ ਆਏ ਗਏ ਗਾਹਕਾਂ ਦੇ ਵੀ ਜੂਠੇ ਕੱਪ ਪਲੇਟਾਂ ਤੇ ਗਲਾਸ ਚੱਕ ਚੱਕ ਧੋਂਦਾ ਰਹਿੰਦਾ!



ਅਧਪੜ੍ਹ ਹਲਵਾਈ ਮੁੰਡਾ ਆਪ ਤਾਂ ਨਮਕੀਨ ਤੇ ਮਠਿਆਈਆਂ ਵਗੈਰਾ ਸਮਾਨ ਬਣਾਉਂਦਾ ਹੁੰਦਾ ਸੀ। ਇਸ ਲਈ ਉਸਨੇ ਦਸਵੀਂ ਪਾਸ ਕਰ ਹਟੇ ਆਪਣੇ ਛੋਟੇ ਭਰਾ ਨੂੰ ਕਾਊਂਟਰ 'ਤੇ ਬਿਠਾ ਲਿਆ।

ਛੋਟਾ ਭਰਾ ਟੌਹਰ ਜਿਹੀ ਕੱਢ ਕੇ ਗੱਲੇ 'ਤੇ ਬੈਠਾ ਗਾਹਕਾਂ ਤੋਂ ਲੈਣ-ਦੇਣ ਕਰਨ ਲੱਗ ਪਿਆ।

ਇੱਕ ਦਿਨ ਕੀ ਹੋਇਆ! ਭਰ ਸਿਆਲ਼ ਦੀ ਰੁੱਤੇ ਬਿਹਾਰੀ ਛੋਟੂ ਕਿਸੇ ਦੁਕਾਨ ਤੋਂ ਜੂਠੇ ਗਲਾਸ ਚੁੱਕੀ ਆ ਰਿਹਾ ਸੀ ਕਿ ਦੁਕਾਨ ਲਾਗੇ ਆਕੇ ਠੇਡਾ ਵੱਜੇ 'ਤੇ ਵਿਚਾਰਾ ਡਿਗ ਪਿਆ ਤੇ ਸ਼ਿਕੰਜੇ ਜਿਹੇ 'ਚ ਰੱਖੇ ਦੋ ਗਲਾਸ ਟੁੱਟ ਗਏ! ਕਾਊਂਟਰ ਤੋਂ ਟੌਹਰੀ 'ਕੈਸ਼ੀਅਰ ਸਾਹਬ' ਫੁਰਤੀ ਨਾ਼ਲ ਉੱਠਿਆ ਤੇ ਰੋਂਦੇ ਛੋਟੂ ਦੇ ਚਪੇੜ ਕੱਢ ਮਾਰੀ! ਅਖੇ ਤੈਥੋਂ ਧਿਆਨ ਨਾਲ ਨੀ ਤੁਰ ਹੁੰਦਾ?

ਐਨ ਓਸੇ ਵੇਲੇ ਦੁਕਾਨ ਅੰਦਰੋਂ ਹਲਵਾਈ ਮੁੰਡਾ ਬਾਹਰ ਨੂੰ ਦੌੜਾ ਆਇਆ! ਉਸਨੇ ਆਉਂਦਿਆਂ ਹੀ ਪਹਿਲਾਂ ਡੁਸ੍ਹਕਦੇ ਛੋਟੂ ਨੂੰ ਕ਼ਲਾਵੇ ਵਿੱਚ ਲੈ ਕੇ ਵਰਾਇਆ ! ਫਿਰ ਆਪਣੇ ਭਰਾ ਨੂੰ ਟੁੱਟ ਕੇ ਪੈ ਗਿਆ-

"ਸੁਣ ਉਏ ਵੱਡਿਆ ਚੌਧਰੀਆ, ਮੈਂ ਇਸ ਮੁੰਡੇ ਦੀ ਉਮਰੇ ਏਹੀ ਕੰਮ ਕੀਤਾ ਹੋਇਆ ਐ! ਜੇ ਤੂੰ ਵੀਸਾਡੇ ਵਾਂਗ 'ਕੱਲੀ 'ਕੱਲੀ ਦੁਕਾਨ ਤੋਂ ਜੂਠੇ ਭਾਂਡੇ ਢੋਏ ਹੁੰਦੇ ਅਤੇ ਸਿਆ਼ਲ 'ਚ ਏਦਾਂ ਚਪਲਾਂ ਪਾ ਕੇ ਤੁਰਦਿਆਂ ਠੇਡੇ ਖਾਧੇ ਹੁੰਦੇ ਤਾਂ ਅੱਜ ਤੂੰ ਇਹਦੇ 'ਤੇ ਹੱਥ ਨਾ ਚੁੱਕਦਾ !! ਤੈਨੂੰ ਮੈਂ ਸਿੱਧਾ ਈ ਕਾਊਂਟਰ'ਤੇ ਲਿਆ ਬਿਠਾਇਆ ਐ ਨਾ, ਇਸ ਕਰਕੇ ਤੂੰ 'ਮਾਲਕ ਬਣ ਕੇ' ਹੰਕਾਰ ਗਿਆ ਐਂ ? ਖਬਰਦਾਰ ਜੇ ਮੁੜਕੇ ਛੋਟੂ ਨੂੰ ਹੱਥ ਲਾਇਆ ਤੈਂ!"



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

## CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**
ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ
ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

NEW & USED
TIRES
WASH, LUBE, BRAKES

Call:
650-642-0697

**3525 Highway 99, West Corning, CA 96021**
Across the Street from TA Truck Stop